@Qpatrika @qaumipatrika punjabi instagram.com/ qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Monday, 11 August 2025

VISIT: www.qaumipatrika.org Email: qpatrika@gmail.com

ਨਵੀਂ ਦਿੱਲੀ: ਸੋਮਵਾਰ 11 ਅਗਸਤ 2025, 27 ਸਾਵਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 272, qpatrika@gmail.com ਫੋਨ : 9971359517 www.qaumipatrika.org


# ਸਰਕਾਰ ਨੇ ਖੋਹ ਲਏ ਸਿੱਖਾਂ ਦੇ ਤਿੰਨ ਇਤਿਹਾਸਕ ਗੁਰਦੁਆਰੇ ! ਸ਼੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਚੁੱਪ ਕਿਉਂ ?

ਕੌਮੀ ਪਤ੍ਰਿਕਾ
**ਨਰੇਸ਼ ਮਲਹੋਤਰਾ**

ਨਵੀਂ ਦਿੱਲੀ 10 ਅਗਸਤ: ਹਰਿਦੁਆਰ ਦੇ ਹਰਿ ਕੀ ਪੌੜੀ 'ਤੇ ਸਥਿਤ ਗੁਰਦੁਆਰਾ ਸ਼੍ਰੀ ਗਿਆਨ ਗੋਦੜੀ ਸਾਹਿਬ, ਓਡੀਸ਼ਾ ਦਾ ਗੁਰਦੁਆਰਾ ਸ਼੍ਰੀ ਮੰਗੂ ਮੱਠ ਸਾਹਿਬ ਅਤੇ ਸਿੱਕਿਮ ਦਾ ਗੁਰਦੁਆਰਾ ਸ਼੍ਰੀ ਡਾਂਗ ਮਾਰ ਸਾਹਿਬ – ਇਹ ਤਿੰਨੋ ਸਥਾਨ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਇਤਿਹਾਸਕ ਪਵਿੱਤਰ ਚਰਨ ਛੋਹੇ ਸਥਾਨ ਹਨ। ਪਰ ਅਫਸੋਸ, ਭਾਰਤ ਸਰਕਾਰ ਅਤੇ ਸਥਾਨਕ ਪ੍ਰਸ਼ਾਸਨ ਨੇ ਨਾ ਸਿਰਫ਼ ਇਹਨਾਂ ਪਵਿੱਤਰ ਗੁਰਦੁਆਰਿਆਂ ਨੂੰ ਤਬਾਹ ਕਰ ਦਿੱਤਾ, ਸਗੋਂ ਜ਼ਬਰਦਸਤੀ ਕਬਜ਼ਾ ਕਰਕੇ ਉਨ੍ਹਾਂ 'ਤੇ

**ਗੁਰਦੁਆਰਾ ਸ਼੍ਰੀ ਗਿਆਨ ਗੋਦੜੀ ਸਾਹਿਬ, ਗੁਰਦੁਆਰਾ ਸ਼੍ਰੀ ਮੰਗੂ ਮੱਠ ਸਾਹਿਬ, ਗੁਰਦੁਆਰਾ ਸ਼੍ਰੀ ਡਾਂਗ ਮਾਰ ਸਾਹਿਬ ਸਿੱਖ ਕੌਮ ਨੂੰ ਵਾਪਸ ਕਰੋ !**
**ਸਰਦਾਰ ਗੁਰਚਰਨ ਸਿੰਘ ਬੱਬਰ**

ਹੋਰ ਢਾਂਚੇ ਖੜ੍ਹੇ ਕਰ ਦਿੱਤੇ ਹਨ। ਇਹ ਉਹ ਸਥਾਨ ਸਨ ਜਿੱਥੇ ਗੁਰੂ ਨਾਨਕ ਦੇਵ ਜੀ ਨੇ ਆਪਣੇ ਪਵਿੱਤਰ ਉਪਦੇਸ਼ ਦਿੱਤੇ, ਅਤੇ ਜਿੱਥੇ ਸਦੀਆਂ ਤੋਂ ਸਿੱਖਾਂ ਦੇ ਦਰਸ਼ਨ-ਇਸ਼ਨਾਨ ਹੁੰਦੇ ਰਹੇ। ਅੱਜ ਉਹਨਾਂ ਸਥਾਨਾਂ 'ਤੇ ਨਾ ਨਿਸ਼ਾਨ, ਨਾ ਗੁਰਦੁਆਰਾ, ਨਾ ਹੀ ਕੋਈ ਧਾਰਮਿਕ ਮਰਿਆਦਾ ਬਚੀ ਹੈ। ਇਹ ਸਿੱਖ ਕੌਮ ਲਈ ਬਹੁਤ ਵੱਡੀ ਧਾਰਮਿਕ ਚੋਟ ਹੈ। ਸਭ ਤੋਂ ਹੈਰਾਨੀ ਦੀ ਗੱਲ ਇਹ ਹੈ ਕਿ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ, ਜੋ ਸਿੱਖ ਕੌਮ ਦੀ ਧਾਰਮਿਕ ਅਵਾਜ਼ ਹੁੰਦੇ ਹਨ, ਇਸ ਮਾਮਲੇ 'ਚ ਪੂਰੀ ਤਰ੍ਹਾਂ ਚੁੱਪ ਹਨ। ਨਾ ਕੋਈ ਸਖ਼ਤ ਬਿਆਨ, ਨਾ ਕੋਈ ਕਾਰਵਾਈ ਦੀ ਅਪੀਲ। ਸ਼ਿਰੋਮਣੀ ਅਕਾਲੀ ਦਲ ਦੇ ਸਭ ਨੇਤਾ, ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਪੂਰੀ ਕਮੇਟੀ ਵੀ ਇਸ ਮਾਮਲੇ 'ਚ ਖਾਮੋਸ਼ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ




ਕਮੇਟੀ ਨੇ ਵੀ ਡਰ ਦੇ ਮਾਰੇ ਆਪਣੀ ਆਵਾਜ਼ ਬੰਦ ਕਰ ਲਈ ਹੈ। ਇਹਨਾਂ ਵਿੱਚੋਂ ਕੋਈ ਵੀ ਗੁਰੂ ਨਾਨਕ ਦੇਵ ਜੀ ਦੇ ਇਹ ਗੁਰਦੁਆਰੇ ਵਾਪਸ ਲੈਣ ਦੀ ਮੰਗ ਨਹੀਂ ਕਰ ਰਿਹਾ। ਲੱਗਦਾ ਹੈ ਕਿ ਇਹ ਸਾਰੇ ਭਾਰਤ ਸਰਕਾਰ ਤੋਂ ਡਰ ਗਏ ਹਨ। ਆਲ ਇੰਡੀਆ ਸਿੱਖ ਕਾਨਫਰੰਸ (ਬੱਬਰ) ਦੇ ਪ੍ਰਧਾਨ ਸਰਦਾਰ ਗੁਰਚਰਨ ਸਿੰਘ ਬੱਬਰ ਨੇ ਇਸ ਗੰਭੀਰ ਮਾਮਲੇ 'ਚ ਭਾਰਤ ਸਰਕਾਰ ਨੂੰ ਚੇਤਾਵਨੀ ਦਿੱਤੀ ਹੈ। ਉਨ੍ਹਾਂ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੂੰ ਸਿੱਧੀ ਅਪੀਲ ਕੀਤੀ ਹੈ ਕਿ ਇਹ ਤਿੰਨੋ ਇਤਿਹਾਸਕ ਗੁਰਦੁਆਰੇ ਸਿੱਖ ਕੌਮ ਨੂੰ ਵਾਪਸ ਕੀਤੇ ਜਾਣ।





ਸਰਦਾਰ ਬੱਬਰ ਨੇ ਕਿਹਾ ਕਿ ਇਹ ਔਰੰਗਜ਼ੇਬ ਦਾ ਜ਼ਮਾਨਾ ਨਹੀਂ, ਨਾ ਹੀ ਇੱਥੇ ਮੁਗ਼ਲ ਰਾਜ ਹੈ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਸ਼ਰਾਫ਼ਤ ਨਾਲ ਸਿੱਖ ਕੌਮ ਨੂੰ ਇਹ ਗੁਰਦੁਆਰੇ ਸੌਂਪ ਦੇਵੇ। ਨਹੀਂ ਤਾਂ ਇਹ ਮਾਮਲਾ ਬਹੁਤ ਵੱਡਾ ਵਿਵਾਦ ਬਣ ਜਾਵੇਗਾ। ਦੁਨੀਆ ਭਰ ਦੇ ਸਿੱਖ, ਪੰਜਾਬ ਦੇ ਸਿੱਖ, ਦੇਸ਼ ਭਰ ਦੇ ਸਿੱਖ ਹਰ ਕੀਮਤ 'ਤੇ ਇਹ ਗੁਰਦੁਆਰੇ ਵਾਪਸ ਲੈਣਗੇ। ਸਰਦਾਰ ਬੱਬਰ ਨੇ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਖ਼ਾਸ ਤੌਰ 'ਤੇ ਅਪੀਲ ਕੀਤੀ ਹੈ ਕਿ ਉਹ ਆਪਣੀ ਚੁੱਪ ਤੋੜਣ ਅਤੇ ਸਿੱਖ ਕੌਮ ਦੀ ਅਗਵਾਈ ਕਰਦੇ ਹੋਏ, ਇਹ ਗੁਰਦੁਆਰੇ ਹਾਸਲ ਕਰਨ



ਲਈ ਤਿੱਖਾ ਅਤੇ ਸੰਗਠਿਤ ਅੰਦੋਲਨ ਸ਼ੁਰੂ ਕਰਨ। ਆਲ ਇੰਡੀਆ ਸਿੱਖ ਕਾਨਫਰੰਸ ਬੱਬਰ ਨੇ ਸਾਰੀਆਂ ਅਕਾਲੀ ਪਾਰਟੀਆਂ ਅਤੇ ਸਿੱਖ ਭਾਈਚਾਰੇ ਦੇ ਹਰ ਵਰਗ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਮਾਮਲੇ 'ਚ ਚੁੱਪ ਨਾ ਰਹਿਣ, ਕਿਉਂਕਿ ਇਹ ਮਾਮਲਾ ਸਿੱਧੇ ਤੌਰ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਾਨ ਅਤੇ ਸਿੱਖ ਇਤਿਹਾਸ ਨਾਲ ਜੁੜਿਆ ਹੈ। ਅਤੇ ਇਹ ਮਾਮਲਾ ਸਿੱਖ ਕੌਮ ਦੇ ਮਾਨ ਅਤੇ ਸੰਮਾਨ ਦਾ ਹੈ !

## 'ਲਾਪਤਾ ਲੇਡੀਜ਼ ' ਬਾਰੇ ਤਾਂ ਸੁਣਿਆ ਹੈ, 'ਲਾਪਤਾ ਉਪ ਰਾਸ਼ਟਰਪਤੀ' ਬਾਰੇ ਨਹੀਂ : ਕਪਿਲ ਸਿੱਬਲ

ਨਵੀਂ ਦਿੱਲੀ, 10 ਅਗਸਤ। ਸਾਬਕਾ ਕਾਨੂੰਨ ਮੰਤਰੀ ਅਤੇ ਰਾਜ ਸਭਾ ਦੇ ਮੈਂਬਰ ਕਪਿਲ ਸਿੱਬਲ ਨੇ ਸਾਬਕਾ ਉਪ ਰਾਸ਼ਟਰਪਤੀ ਜਗਦੀਪ ਧਨਖੜ ਦੀ ਮੌਜੂਦਗੀ 'ਤੇ ਸਵਾਲ ਉਠਾਉਂਦੇ ਹੋਏ ਸ਼ਨੀਵਾਰ ਕਿਹਾ ਕਿ ਮੈਂ ਕਿਰਨ ਰਾਓ ਵੱਲੋਂ ਨਿਰਦੇਸ਼ਤ ਫਿਲਮ 'ਲਾਪਤਾ ਲੇਡੀਜ਼' ਬਾਰੇ ਤਾਂ ਸੁਣਿਆ ਹੈ ਪਰ 'ਲਾਪਤਾ ਉਪ ਰਾਸ਼ਟਰਪਤੀ' ਬਾਰੇ ਕਦੇ ਨਹੀਂ ਸੁਣਿਆ। ਸਿੱਬਲ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਧਨਖੜ ਦੀ ਸਿਹਤ ਤੇ ਤੰਦਰੁਸਤੀ ਬਾਰੇ ਚਿੰਤਾ ਦੂਰ ਕਰਨ ਲਈ ਉਨ੍ਹਾਂ ਦੀ ਹਾਲਤ ਤੇ ਟਿਕਾਣੇ ਬਾਰੇ ਬਿਆਨ ਦੇਣ ਦੀ ਅਪੀਲ ਕੀਤੀ। ਧਨਖੜ ਨੇ



ਸਿਹਤ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਸੰਸਦ ਦੇ ਮਾਨਸੂਨ ਸੈਸ਼ਨ ਦੇ ਪਹਿਲੇ ਦਿਨ 21 ਜੁਲਾਈ ਨੂੰ ਅਚਾਨਕ ਉਪ ਰਾਸ਼ਟਰਪਤੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਵਿਰੋਧੀ ਧਿਰ ਦੇ ਨੇਤਾਵਾਂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੂੰ ਅਸਤੀਫਾ ਦੇਣ ਲਈ ਮਜਬੂਰ ਕੀਤਾ ਗਿਆ ਸੀ। ਸਿੱਬਲ ਨੇ ਕਿਹਾ ਕਿ ਉਪ ਰਾਸ਼ਟਰਪਤੀ ਵਜੋਂ ਜਗਦੀਪ ਧਨਖੜ ਨੇ 21 ਨੂੰ ਅਸਤੀਫਾ ਦੇ ਦਿੱਤਾ ਸੀ। ਉਸ ਦਿਨ ਤੋਂ ਸਾਨੂੰ ਨਹੀਂ ਪਤਾ ਕਿ ਉਹ ਕਿੱਥੇ ਹਨ? ਉਹ ਆਪਣੇ ਸਰਕਾਰੀ ਨਿਵਾਸ ਵਿਖੇ ਨਹੀਂ ਹਨ। ਪਹਿਲੇ ਦਿਨ ਮੈਂ ਉਨ੍ਹਾਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ । ਉਨ੍ਹਾਂ ਦੇ ਨਿੱਜੀ ਸਕੱਤਰ ਨੇ ਫ਼ੋਨ ਚੁੱਕਿਆ ਤੇ ਕਿਹਾ ਕਿ ਉਹ ਆਰਾਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਈ ਸਿਆਸੀ ਆਗੂਆਂ ਦਾ ਵੀ ਧਨਖੜ ਨਾਲ ਸੰਪਰਕ ਨਹੀਂ ਹੋ ਰਿਹਾ।

## 'ਪਾਕਿ ਨੇ ਕੁਝ ਹੀ ਘੰਟਿਆਂ 'ਚ ਟੇਕੇ ਗੋਡੇ', ਪ੍ਰਧਾਨ ਮੰਤਰੀ ਮੋਦੀ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਨੈਸ਼ਨਲ ਡੈਸਕ 10 ਅਗਸਤ। ਆਪ੍ਰੇਸ਼ਨ ਸਿੰਦੂਰ ਦੀ ਸਫਲਤਾ ਪਿੱਛੇ ਭਾਰਤੀ ਤਕਨਾਲੋਜੀ ਅਤੇ ਮੇਕ ਇਨ ਇੰਡੀਆ ਦਾ ਹੱਥ ਸੀ, ਜਿਸ ਕਾਰਨ ਪਾਕਿਸਤਾਨ ਨੇ ਕੁਝ ਘੰਟਿਆਂ ਵਿੱਚ ਹੀ ਗੋਡੇ ਟੇਕ ਦਿੱਤੇ। ਮੋਦੀ ਨੇ ਕਿਹਾ ਕਿ ਦੁਨੀਆ ਨੇ ਆਪ੍ਰੇਸ਼ਨ ਸਿੰਦੂਰ ਦੌਰਾਨ ਪਹਿਲੀ ਵਾਰ ਭਾਰਤ ਦਾ ਨਵਾਂ ਚਿਹਰਾ ਦੇਖਿਆ, ਜਦੋਂ ਇਸਨੇ ਪਾਕਿਸਤਾਨ ਦੇ ਅੰਦਰ ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰਨ ਦੀ ਆਪਣੀ ਯੋਗਤਾ ਦਾ ਪ੍ਰਦਰਸ਼ਨ ਕੀਤਾ। ਦੁਨੀਆ ਨੇ ਪਹਿਲੀ ਵਾਰ ਆਪ੍ਰੇਸ਼ਨ ਸਿੰਦੂਰ ਦੌਰਾਨ ਭਾਰਤ ਦਾ ਨਵਾਂ ਚਿਹਰਾ ਦੇਖਿਆ, ਜਿੱਥੇ ਭਾਰਤੀ ਫੌਜ ਨੇ ਪਾਕਿਸਤਾਨ ਦੇ ਅੰਦਰੂਨੀ ਹਿੱਸਿਆਂ ਵਿੱਚ ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਅਤੇ ਨਸ਼ਟ ਕਰਨ ਅਤੇ ਪਾਕਿਸਤਾਨ ਨੂੰ ਕੁਝ ਘੰਟਿਆਂ ਵਿੱਚ ਗੋਡੇ ਟੇਕਣ ਲਈ ਮਜਬੂਰ ਕਰਨ ਦੀ ਆਪਣੀ ਯੋਗਤਾ ਦਾ ਪ੍ਰਦਰਸ਼ਨ ਕੀਤਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੈਟਰੋ ਫੇਜ਼-3 ਪ੍ਰੋਜੈਕਟ ਦੇ ਨੀਂਹ ਪੱਥਰ ਸਮਾਰੋਹ 'ਚ ਕੀਤਾ। ਉਨ੍ਹਾਂ ਕਿਹਾ ਸਾਡੀ ਤਕਨਾਲੋਜੀ ਅਤੇ ਮੇਕ ਇਨ ਇੰਡੀਆ ਦੀ ਸ਼ਕਤੀ ਆਪ੍ਰੇਸ਼ਨ ਸਿੰਦੂਰ ਦੀ ਸਫਲਤਾ ਪਿੱਛੇ ਹੈ । ਮੋਦੀ ਨੇ ਕਿਹਾ ਕਿ ਬੈਂਗਲੁਰੂ ਅਤੇ ਇਸਦੇ ਨੌਜਵਾਨਾਂ ਨੇ ਆਪ੍ਰੇਸ਼ਨ ਸਿੰਦੂਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਇਹ ਨੋਟ ਕਰਦੇ ਹੋਏ ਕਿ ਬੈਂਗਲੁਰੂ ਦੁਨੀਆ ਦੇ ਸਭ ਤੋਂ ਵੱਡੇ ਸ਼ਹਿਰਾਂ ਵਿੱਚੋਂ ਇੱਕ ਹੈ। ਪ੍ਰਧਾਨ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਭਾਰਤ ਨੂੰ



ਨਾ ਸਿਰਫ਼ ਵਿਸ਼ਵ ਪੱਧਰ 'ਤੇ ਮੁਕਾਬਲਾ ਕਰਨਾ ਹੈ, ਸਗੋਂ ਅਗਵਾਈ ਵੀ ਕਰਨੀ ਹੈ। ਅਸੀਂ ਉਦੋਂ ਹੀ ਤਰੱਕੀ ਕਰਾਂਗੇ ਜਦੋਂ ਸਾਡੇ ਸ਼ਹਿਰ ਸਮਾਰਟ, ਤੇਜ਼ ਅਤੇ ਕੁਸ਼ਲ ਹੋਣਗੇ। ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦਾ ਧਿਆਨ ਆਧੁਨਿਕ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ 'ਤੇ ਰਿਹਾ ਹੈ। ਪ੍ਰਧਾਨ ਮੰਤਰੀ ਨੇ ਕਿਹਾ, 21ਵੀਂ ਸਦੀ ਵਿੱਚ, ਸ਼ਹਿਰੀ ਯੋਜਨਾਬੰਦੀ ਅਤੇ ਸ਼ਹਿਰੀ ਬੁਨਿਆਦੀ ਢਾਂਚੇ ਦੀ ਬਹੁਤ ਲੋੜ ਹੈ ਅਤੇ ਸਾਨੂੰ ਬੈਂਗਲੁਰੂ ਵਰਗੇ ਸ਼ਹਿਰਾਂ ਨੂੰ ਭਵਿੱਖ ਲਈ ਤਿਆਰ ਕਰਨਾ ਪਵੇਗਾ। ਮੋਦੀ ਨੇ ਕਿਹਾ ਕਿ ਬੰਗਲੁਰੂ ਨੇ ਹਮੇਸ਼ਾ ਸ਼ਹਿਰ ਦੇ ਸੰਸਥਾਪਕ ਕੈਂਪੇ ਗੌੜਾ ਦੀ ਵਿਰਾਸਤ ਨੂੰ ਬਰਕਰਾਰ ਰੱਖਿਆ ਹੈ ਅਤੇ ਉਨ੍ਹਾਂ ਦੇ ਸੁਪਨੇ ਨੂੰ ਹਕੀਕਤ ਵਿੱਚ ਬਦਲ ਰਿਹਾ ਹੈ। ਅਸੀਂ ਬੈਂਗਲੁਰੂ ਨੂੰ ਇੱਕ ਨਵੇਂ ਭਾਰਤ ਦੇ ਉਭਾਰ ਦੇ ਪ੍ਰਤੀਕ ਵਜੋਂ ਦੇਖਦੇ ਹਾਂ। ਇਹ ਇੱਕ ਅਜਿਹਾ ਸ਼ਹਿਰ ਹੈ ਜਿਸਦੀ ਆਤਮਾ ਅਧਿਆਤਮਿਕ ਗਿਆਨ ਨਾਲ ਭਰੀ ਹੋਈ ਹੈ ਅਤੇ ਇਸਦਾ ਕਾਰਜ ਤਕਨੀਕੀ ਗਿਆਨ ਨਾਲ ਭਰਪੂਰ ਹੈ।

## ਇੰਡੀਗੋ ਏਅਰਲਾਈਨਜ਼ 'ਤੇ ਕਾਰਵਾਈ ! ਯਾਤਰੀ ਨੂੰ 1.5 ਲੱਖ ਦਾ ਮੁਆਵਜ਼ਾ ਦੇਣ ਦਾ ਹੁਕਮ

ਨੈਸ਼ਨਲ ਡੈਸਕ 10 ਅਗਸਤ। ਏਅਰਲਾਈਨ ਕੰਪਨੀ ਇੰਡੀਗੋ ਨੂੰ ਹੁਣ ਯਾਤਰੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਪ੍ਰਤੀ ਵਧੇਰੇ ਸਾਵਧਾਨ ਰਹਿਣ ਦੀ ਲੋੜ ਹੈ, ਕਿਉਂਕਿ ਦਿੱਲੀ ਜ਼ਿਲ੍ਹਾ ਖਪਤਕਾਰ ਵਿਵਾਦ ਨਿਵਾਰਣ ਕਮਿਸ਼ਨ ਨੇ ਕੰਪਨੀ ਨੂੰ ਇੱਕ ਮਹਿਲਾ ਯਾਤਰੀ ਨੂੰ ? 1.5 ਲੱਖ ਦਾ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ ਹੈ, ਜਿਸ ਵਿੱਚ ਉਸਨੂੰ ਸੇਵਾ ਵਿੱਚ ਕਮੀ ਦਾ ਦੋਸ਼ੀ ਠਹਿਰਾਇਆ ਗਿਆ ਹੈ। ਇਹ ਮਾਮਲਾ ਗੰਦੀ ਅਤੇ ਦਾਗਦਾਰ ਸੀਟ ਪ੍ਰਦਾਨ ਕਰਨ ਨਾਲ ਸਬੰਧਤ ਹੈ। ਇਸ ਮਾਮਲੇ ਵਿੱਚ ਸ਼ਿਕਾਇਤਕਰਤਾ ਪਿੰਕੀ ਨਾਮ ਦੀ ਇੱਕ ਔਰਤ ਹੈ, ਜਿਸਨੇ ਦੱਸਿਆ ਕਿ 2 ਜਨਵਰੀ, 2025 ਨੂੰ, ਜਦੋਂ ਉਹ ਬਾਕੂ ਤੋਂ ਨਵੀਂ ਦਿੱਲੀ ਜਾ ਰਹੀ ਫਲਾਈਟ ਵਿੱਚ ਸੀ, ਤਾਂ ਉਸਨੂੰ ਇੱਕ ਗੰਦੀ ਅਤੇ ਦਾਗਦਾਰ ਸੀਟ ਦਿੱਤੀ ਗਈ ਸੀ।

## ਪੰਜਾਬ ਦੇ ਪਿੰਡਾਂ ਬਾਰੇ ਮੁੱਖ ਮੰਤਰੀ ਮਾਨ ਦਾ ਵੱਡਾ ਐਲਾਨ

ਸੰਗਰੂਰ 10 ਅਗਸਤ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਐਲਾਨ ਕੀਤਾ ਕਿ ਅਗਲੇ 20-25 ਦਿਨਾਂ 'ਚ ਪੰਜਾਬ ਦੇ ਪਿੰਡਾਂ ਦੀਆਂ 19 ਹਜ਼ਾਰ ਕਿੱਲੋਮੀਟਰ ਸੜਕਾਂ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ। ਯਾਨੀ ਅਗਲੇ ਮਹੀਨੇ ਤੋਂ ਪਿੰਡਾਂ ਦੇ ਲੋਕਾਂ ਨੂੰ ਚੰਗੀਆਂ ਸੜਕਾਂ ਮਿਲਣ ਦਾ ਕੰਮ ਸ਼ੁਰੂ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਬਾਰਿਸ਼ ਦੇ ਮੌਸਮ ਕਾਰਨ ਸੜਕਾਂ ਬਣਾਉਣ ਦਾ ਕੰਮ ਫ਼?ਲਹਾਲ ਰੁਕਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਸੜਕਾਂ ਬਣਾਉਣ ਲਈ ਬਜਟ ਵੀ ਜਾਰੀ ਕਰ ਦਿੱਤਾ ਗਿਆ ਹੈ। ਮੁੱਖ ਮੰਤਰੀ



ਭਗਵੰਤ ਸਿੰਘ ਮਾਨ ਨੇ ਇਹ ਵੀ ਕਿਹਾ ਕਿ ਹੁਣ ਠੇਕੇਦਾਰਾਂ ਨੂੰ ਪਹਿਲਾਂ ਹੀ ਆਖ਼?ਆ ਜਾ ਰਿਹਾ ਹੈ ਕਿ 5 ਸਾਲ ਤਕ ਸੜਕਾਂ ਟੁੱਟ ਜਾਣ ਜਾਂ ਟੋਏ ਪੈ ਜਾਣ 'ਤੇ ਉਸ ਦੀ ਮੁਰੰਮਤ ਠੇਕੇਦਾਰ ਨੂੰ ਆਪਣੇ ਖ਼ਰਚੇ 'ਤੇ ਕਰਵਾਉਣੀ ਪਵੇਗੀ। ਇਸ ਤੋਂ ਇਲਾਵਾ ਜਦੋਂ ਤਕ ਪੰਚਾਇਤ ਇਹ ਗੱਲ ਨਹੀਂ ਕਹਿੰਦੀ ਕਿ ਸੜਕਾਂ ਲਈ ਚੰਗੇ ਮਟੀਰੀਅਲ ਦੀ ਵਰਤੋਂ ਕੀਤੀ ਗਈ ਹੈ, ਉਦੋਂ ਤਕ ਠੇਕੇਦਾਰਾਂ ਦੇ ਪੈਸੇ ਰਿਲੀਜ਼ ਨਹੀਂ ਕੀਤੇ ਜਾਣਗੇ। ਮੁੱਖ ਮੰਤਰੀ ਅੱਜ ਧੂਰੀ ਵਿਖੇ ਅਮਰ ਸ਼ਹੀਦ ਭਗਤ ਸਿੰਘ ਢਢੋਗਲ ਦੀ ਬਰਸੀ ਮੌਕੇ ਕਰਵਾਏ ਸਮਾਗਮ ਦੌਰਾਨ ਸੰਬੋਧਨ ਕਰ ਰਹੇ ਸਨ। ਇਸ ਮੌਕੇ ਉਨ੍ਹਾਂ ਨੇ ਸ਼ਹੀਦਾਂ ਨੂੰ ਪ੍ਰਣਾਮ ਕਰਦਿਆਂ ਉਨ੍ਹਾਂ ਦੀ ਵੱਡਮੁੱਲੀ ਸ਼ਹਾਦਤ ਨੂੰ ਯਾਦ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਢਢੋਗਲ ਵਿਖੇ 2 ਸੜਕਾਂ ਦਾ ਨੀਂਹ ਪੱਥਰ ਵੀ ਰੱਖਿਆ। ਉਨ੍ਹਾਂ ਦੱਸਿਆ ਕਿ ਇਹ ਸੜਕਾਂ 17.21 ਕਰੋੜ ਰੁਪਏ ਦੀ ਲਾਗਤ ਨਾਲ ਬਣਾਈਆਂ ਜਾਣਗੀਆਂ। ਉਸ ਦੇ ਨਾਲ ਹੀ ਉਨ੍ਹਾਂ ਨੇ ਢਢੋਗਲ ਦੀ ਸੜਕ ਦਾ ਨਾਂ ਸ਼ਹੀਦ ਭਗਤ ਸਿੰਘ ਢਢੋਗਲ ਦੇ ਨਾਂ 'ਤੇ ਰੱਖਣ ਦੀ ਵੀ ਪੇਸ਼ਕਸ਼ ਕੀਤੀ।

## "ਟਰੰਪ ਦੇ ਦਬਾਅ 'ਚ ਝੁਕਣਾ ਨਹੀਂ ਚਾਹੀਦਾ, ਰਾਸ਼ਟਰੀ ਹਿੱਤ 'ਚ ਮੋਦੀ ਸਰਕਾਰ ਦੀ ਹਮਾਇਤ ਜ਼ਰੂਰੀ": ਸ਼ਰਦ ਪਵਾਰ

ਨੈਸ਼ਨਲ ਡੈਸਕ 10 ਅਗਸਤ। ਰਾਸ਼ਟਰਵਾਦੀ ਕਾਂਗਰਸ ਪਾਰਟੀ (ਸ਼ਰਦ ਚੰਦਰ ਪਵਾਰ) ਦੇ ਮੁਖੀ ਸ਼ਰਦ ਪਵਾਰ ਨੇ ਸ਼ਨੀਵਾਰ ਨੂੰ ਅਮਰੀਕੀ ਟੈਰਿਫ ਦਾ ਹਵਾਲਾ ਦਿੰਦੇ ਹੋਏ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ 'ਦਬਾਅ ਵਾਲੀ ਰਣਨੀਤੀ' ਦੇ ਵਿਰੁੱਧ ਰਾਸ਼ਟਰੀ ਹਿੱਤ ਵਿਚ ਕੇਂਦਰ ਸਰਕਾਰ ਦੀ ਹਮਾਇਤ ਕਰਨ ਦਾ ਸੱਦਾ ਦਿੱਤਾ। ਪਵਾਰ ਨੇ ਨਾਗਪੁਰ ਵਿਚ ਇਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਰਤੀ ਵਸਤੂਆਂ 'ਤੇ 50 ਫੀਸਦੀ ਟੈਰਿਫ ਲਗਾਉਣਾ ਦਬਾਅ ਬਣਾਉਣ ਦੀ ਇਕ ਰਣਨੀਤੀ ਹੈ। ਸਾਨੂੰ ਭਾਰਤ ਦੇ ਲੋਕਾਂ ਨੂੰ ਦੇਸ਼ ਦੇ ਹਿੱਤਾਂ ਦੀ ਰੱਖਿਆ ਲਈ ਸਰਕਾਰ ਦੀ ਹਮਾਇਤ ਕਰਨੀ ਚਾਹੀਦੀ ਹੈ। ਸਾਬਕਾ ਕੇਂਦਰੀ ਮੰਤਰੀ ਨੇ



ਕਿਹਾ ਕਿ ਉਹ ਇਸ ਗੱਲ 'ਤੇ ਅਟਕਲਾਂ ਨਹੀਂ ਲਗਾਉਣਾ ਚਾਹੁੰਦੇ ਕਿ ਮੋਦੀ ਸਰਕਾਰ ਦੀ ਵਿਦੇਸ਼ ਨੀਤੀ ਫੇਲ੍ਹ ਹੋ ਗਈ ਹੈ ਜਾਂ ਨਹੀਂ। ਉਨ੍ਹਾਂ ਕਿਹਾ ਕਿ ਅਸੀਂ ਪਹਿਲੇ ਕਾਰਜਕਾਲ ਵਿਚ ਵੀ ਅਮਰੀਕੀ ਰਾਸ਼ਟਰਪਤੀ ਵਜੋਂ ਟਰੰਪ ਦੀ ਕਾਰਜਸ਼ੈਲੀ ਦੇਖੀ ਸੀ। ਮੈਨੂੰ ਲੱਗਦਾ ਹੈ ਕਿ ਉਸ 'ਤੇ ਕਿਸੇ ਦਾ ਕੰਟਰੋਲ ਨਹੀਂ ਹੈ। ਜੋ ਵੀ ਉਸ ਦੇ ਦਿਲ ਵਿਚ ਆਉਂਦਾ ਹੈ, ਉਹ ਭਾਵੁਕ ਹੋ ਕੇ ਬੋਲਦਾ ਹੈ। ਸ਼ਰਦ ਪਵਾਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਭਾਰਤ ਅਤੇ ਗੁਆਂਢੀ ਦੇਸ਼ਾਂ ਵਿਚਕਾਰ ਵਧਦੀ ਦੂਰੀ ਦੇ ਸੰਕੇਤਾਂ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਉਨ੍ਹਾਂ ਕਿਹਾ ਕਿ ਅਸੀਂ ਆਪਣੇ ਗੁਆਂਢੀ ਦੇਸ਼ਾਂ ਪ੍ਰਤੀ ਆਪਣੇ ਰਵੱਈਏ ਨੂੰ ਵੀ ਨਜ਼ਰਅੰਦਾਜ਼ ਨਹੀਂ ਕਰ ਸਕਦੇ।

## "'ਆਪਰੇਸ਼ਨ ਸਿੰਦੂਰ' ਦੌਰਾਨ ਭਾਰਤ ਨੇ 6 ਪਾਕਿਸਤਾਨੀ ਜਹਾਜ਼ਾਂ ਨੂੰ ਡੇਗਿਆ": ਏਅਰ ਚੀਫ਼ ਮਾਰਸ਼ਲ ਏ.ਪੀ. ਸਿੰਘ

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਨੈਸ਼ਨਲ ਡੈਸਕ 10 ਅਗਸਤ। ਸਰਹੱਦ ਪਾਰ ਅੱਤਵਾਦ ਪ੍ਰਤੀ ਭਾਰਤ ਦੇ ਹਾਲੀਆ ਫੌਜੀ ਜਵਾਬ ਦੇ ਪੈਮਾਨੇ ਅਤੇ ਸ਼ੁੱਧਤਾ ਨੂੰ ਉਜਾਗਰ ਕਰਨ ਕਰਦੇ ਹੋਏ ਏਅਰ ਚੀਫ ਮਾਰਸ਼ਲ ਅਮਰ ਪ੍ਰੀਤ ਸਿੰਘ ਨੇ ਪੁਸ਼ਟੀ ਕੀਤੀ ਕਿ ਭਾਰਤੀ ਹਵਾਈ ਸੈਨਾ (IAF) ਨੇ ਆਪ੍ਰੇਸ਼ਨ ਸਿੰਦੂਰ ਦੌਰਾਨ 6 ਪਾਕਿਸਤਾਨੀ ਜਹਾਜ਼ਾਂ ਨੂੰ ਡੇਗਿਆ ਸੀ, ਜਿਸ ਵਿੱਚ ਪੰਜ ਲੜਾਕੂ ਜਹਾਜ਼ ਅਤੇ ਇੱਕ ਹਾਈ ਵੈਲਿਊ ਵਾਲਾ ਨਿਗਰਾਨੀ ਪਲੇਟਫਾਰਮ, ਸੰਭਾਵਤ ਤੌਰ 'ਤੇ AWACS (ਏਅਰਬੋਰਨ ਚੇਤਾਵਨੀ ਅਤੇ ਨਿਯੰਤਰਣ ਪ੍ਰਣਾਲੀ) ਜਹਾਜ਼ ਸ਼ਾਮਲ ਸਨ। ਬੰਗਲੁਰੂ ਵਿੱਚ ਏਅਰ ਚੀਫ ਮਾਰਸ਼ਲ ਐੱਲ.ਐੱਮ. ਕਤਰੇ ਮੈਮੋਰੀਅਲ ਲੈਕਚਰ ਵਿੱਚ ਬੋਲਦੇ ਹੋਏ, ਏਅਰ ਚੀਫ ਨੇ ਸੈਟੇਲਾਈਟ ਇਮੇਜਿਜ਼ ਅਤੇ ਖੁਫੀਆ ਜਾਣਕਾਰੀ ਸਾਂਝੀ ਕੀਤੀ ਜੋ ਪਾਕਿਸਤਾਨ ਦੇ ਹਵਾਈ ਬੇੜੇ ਅਤੇ ਅੱਤਵਾਦੀ ਬੁਨਿਆਦੀ ਢਾਂਚੇ ਨੂੰ ਹੋਏ ਨੁਕਸਾਨ ਦਾ ਵੇਰਵਾ ਦਿੰਦੀ ਹੈ। ਇਸ ਦੌਰਾਨ ਉਨ੍ਹਾਂ ਨੇ ਜੈਸ਼-ਏ-ਮੁਹੰਮਦ ਦੇ ਮੁੱਖ ਦਫਤਰ ਬਹਾਵਲਪੁਰ ਵਿੱਚ ਕੀਤੇ ਗਏ ਏਅਰਸਟ?ਰਾਈਕ ਤੋਂ ਪਹਿਲਾਂ ਤੇ ਬਾਅਦ ਦੀਆਂ ਤਸਵੀਰਾਂ ਦਿਖਾਈਆਂ। ਇਨ੍ਹਾਂ ਹਾਈ-ਰੈਜ਼ੋਲੂਸ਼ਨ ਵਿਜ਼ੂਅਲਜ਼ ਰਾਹੀਂ ਉਨ੍ਹਾਂ ਇਨ੍ਹਾਂ ਟਿਕਾਣਿਆਂ ਨੂੰ ਹੋਏ ਨੁਕਸਾਨ ਨੂੰ ਵੀ ਦਿਖਾਇਆ, ਜੋ ਕਿ ਹਮਲੇ ਦੀ



ਐਕੂਰੇਸੀ ਦੀ ਪੁਸ਼ਟੀ ਕਰਦੇ ਹਨ। ਉਨ੍ਹਾਂ ਅੱਗੇ ਕਿਹਾ, ਸਾਡੇ ਹਵਾਈ ਰੱਖਿਆ ਪ੍ਰਣਾਲੀ ਨੇ ਸ਼ਾਨਦਾਰ ਕੰਮ ਕੀਤਾ ਹੈ। S-400 ਪ੍ਰਣਾਲੀ, ਜੋ ਅਸੀਂ ਹਾਲ ਹੀ ਵਿੱਚ ਖਰੀਦੀ ਸੀ, ਇੱਕ ਗੇਮ-ਚੇਂਜਰ ਰਹੀ ਹੈ। ਉਸ ਪ੍ਰਣਾਲੀ ਦੀ ਰੇਂਜ ਨੇ ਸੱਚਮੁੱਚ ਉਨ੍ਹਾਂ ਦੇ ਜਹਾਜ਼ਾਂ ਨੂੰ ਉਨ੍ਹਾਂ ਦੇ ਹਥਿਆਰਾਂ ਤੋਂ ਦੂਰ ਰੱਖਿਆ ਹੈ, ਜਿਵੇਂ ਕਿ ਉਨ੍ਹਾਂ ਕੋਲ ਲੰਬੀ ਦੂਰੀ ਦੇ ਗਲਾਈਡ ਬੰਬ ਹਨ। ਉਹ ਉਨ੍ਹਾਂ ਵਿੱਚੋਂ ਕਿਸੇ ਇੱਕ ਦੀ ਵੀ ਵਰਤੋਂ ਨਹੀਂ ਕਰ ਸਕੇ ਕਿਉਂਕਿ ਉਹ ਸਿਸਟਮ ਵਿੱਚ ਪ੍ਰਵੇਸ਼ ਕਰਨ ਦੇ ਯੋਗ ਨਹੀਂ ਰਹੇ ਹਨ। ਰੂਸੀ ਮੂਲ ਦੇ S-400 ਹਵਾਈ ਰੱਖਿਆ ਪ੍ਰਣਾਲੀ ਨੇ ਆਪ੍ਰੇਸ਼ਨ ਦੌਰਾਨ ਹਵਾਈ ਖਤਰਿਆਂ ਨੂੰ ਬੇਅਸਰ ਕਰਨ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਪ੍ਰਣਾਲੀ ਨੂੰ ਹਵਾਈ ਹਮਲਿਆਂ ਨੂੰ ਨਾਕਾਮ ਕਰਨ ਦਾ ਸਿਹਰਾ ਦਿੱਤਾ ਗਿਆ ਸੀ, ਜਿਸ ਵਿੱਚ AWACS ਜਹਾਜ਼ ਨੂੰ ਡੇਗਣਾ ਵੀ ਸ਼ਾਮਲ ਸੀ। ਆਈ.ਏ.ਐੱਫ. ਦੇ ਹਮਲੇ ਹਵਾਈ ਹੀ ਨਹੀਂ ਸਨ, ਜ਼ਮੀਨੀ ਨਿਸ਼ਾਨਿਆਂ, ਜਿਨ੍ਹਾਂ ਵਿੱਚ ਭੋਲਾਰੀ ਅਤੇ ਰਹੀਮ ਯਾਰ ਖਾਨ ਵਰਗੇ ਮੁੱਖ ਪਾਕਿਸਤਾਨੀ ਹਵਾਈ ਅੱਡੇ ਸ਼ਾਮਲ ਹਨ, ਨੂੰ ਵੀ ਨਿਸ਼ਾਨਾ ਬਣਾਇਆ ਗਿਆ ਸੀ। ਸੈਟੇਲਾਈਟ ਇਮੇਜਰੀ, ਸਥਾਨਕ ਮੀਡੀਆ ਅਤੇ ਇਲੈਕਟ?ਰਾਨਿਕ ਇੰਟਰਸੈਪਟ ਤੋਂ ਖੁਫੀਆ ਜਾਣਕਾਰੀ ਆਈ.ਏ.ਐੱਫ. ਨੂੰ ਅੱਤਵਾਦੀ ਬੁਨਿਆਦੀ ਢਾਂਚੇ ਅਤੇ ਫੌਜੀ ਸੰਪਤੀਆਂ ਦੇ ਵਿਨਾਸ਼ ਦੀ ਪੁਸ਼ਟੀ ਕਰਨ ਦੇ ਯੋਗ ਬਣਾਇਆ। ਇਸ ਆਪ੍ਰੇਸ਼ਨ ਨੇ ਭਾਰਤ ਦੇ ਏਕੀਕ੍ਰਿਤ ਰੱਖਿਆ ਢਾਂਚੇ ਦਾ ਵੀ ਪ੍ਰਦਰਸ਼ਨ ਕੀਤਾ, ਜਿਸ ਵਿੱਚ ਫੌਜ ਅਤੇ ਜਲ ਸੈਨਾ ਨੇ ਤਾਲਮੇਲ ਸਹਾਇਤਾ ਪ੍ਰਦਾਨ ਕੀਤੀ। ਬ੍ਰਹਮੋਸ ਸੁਪਰਸੋਨਿਕ ਕਰੂਜ਼ ਮਿਜ਼ਾਈਲਾਂ, ਘੁੰਮਦੇ ਹਥਿਆਰਾਂ ਅਤੇ ਉੱਨਤ ਡਰੋਨਾਂ ਦੀ ਵਰਤੋਂ ਨੇ ਮੁਹਿੰਮ ਵਿੱਚ ਡੂੰਘਾਈ ਵਧਾ ਦਿੱਤੀ, ਜੋ ਚਾਰ ਦਿਨਾਂ ਵਿੱਚ ਫੈਲੀ ਅਤੇ ਪਾਕਿਸਤਾਨ ਨੂੰ ਜੰਗਬੰਦੀ ਦੀ ਮੰਗ ਕਰਨ ਲਈ ਮਜਬੂਰ ਕੀਤਾ। ਆਪਰੇਸ਼ਨ ਸਿੰਦੂਰ ਭਾਰਤ ਦੀ ਰੋਕਥਾਮ ਰਣਨੀਤੀ ਵਿੱਚ ਇੱਕ ਮਹੱਤਵਪੂਰਨ ਵਿਕਾਸ ਨੂੰ ਦਰਸਾਉਂਦਾ ਹੈ, ਜਿਸ ਵਿੱਚ ਤਕਨੀਕੀ ਉੱਤਮਤਾ ਨੂੰ ਸੰਚਾਲਨ ਸੰਜਮ ਨਾਲ ਜੋੜਿਆ ਗਿਆ ਹੈ। ਜਿਵੇਂ ਕਿ ਏਅਰ ਚੀਫ ਮਾਰਸ਼ਲ ਸਿੰਘ ਨੇ ਕਿਹਾ, ਇਹ ਸਿਰਫ਼ ਬਦਲਾ ਲੈਣ ਬਾਰੇ ਨਹੀਂ ਸੀ - ਇਹ ਸ਼ੁੱਧਤਾ, ਪੇਸ਼ੇਵਰਤਾ ਅਤੇ ਉਦੇਸ਼ ਬਾਰੇ ਸੀ।

# ਵਿਸ਼ਵ ਪੰਜਾਬੀ ਪ੍ਰਚਾਰ ਸਭਾ ਵੱਲੋਂ ਸਾਹਿਤਿਕ ਮਿਲਣੇ ਅਤੇ ਜਸਬੀਰ ਸਿੰਘ ਬੰਟੀ ਸੀਨੀਅਰ ਡਿਪਟੀ ਮੇਅਰ ਚੰਡੀਗੜ੍ਹ ਸਨਮਾਨਿਤ

**ਕੌਮੀ ਪਤ੍ਰਿਕਾ**

ਵਿਸ਼ਵ ਪੰਜਾਬੀ ਪ੍ਰਚਾਰ ਸਭਾ ਚੰਡੀਗੜ੍ਹ ਵੱਲੋਂ ਸੈਕਟਰ 42 ਦੇ ਕਮਿਊਨਿਟੀ ਸੈਂਟਰ ਵਿਖੇ ਇੱਕ ਸ਼ਾਨਦਾਰ ਸਾਹਿਤਕ ਮਿਲਣੀ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਸ੍ਰੀ ਜਸਬੀਰ ਸਿੰਘ ਬੰਟੀ ਡਿਪਟੀ ਮੇਅਰ ਚੰਡੀਗੜ੍ਹ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ ਅਤੇ ਸਮਾਗਮ ਦੀ ਪ੍ਰਧਾਨਗੀ ਸ੍ਰੀ ਰਾਮ ਕੁਮਾਰ ਸਾਹੂਵਾਲੀਆ ਸਾਬਕਾ ਡਿਪਟੀ ਸੈਕਟਰੀ ਪੰਜਾਬ ਸਰਕਾਰ ਵੱਲੋਂ ਕੀਤੀ ਗਈ ਪ੍ਰਧਾਨਗੀ ਮੰਡਲ ਵਿੱਚ ਸੰਸਥਾ ਦੇ ਪ੍ਰਧਾਨ ਪ੍ਰਿੰਸੀਪਲ ਬਹਾਦਰ ਸਿੰਘ ਗੋਸਲ ਸ੍ਰੀ ਬਿਕਟਰ ਸਿੱਧੂ ਬਿੱਟੂ ਅਤੇ ਡਾਕਟਰ ਪੰਨਾ ਲਾਲ ਮੁਸਤਫਾਵਾਦੀ ਸ਼ਾਮਿਲ ਸਨ ਇਸ ਸਮਾਗਮ ਵਿੱਚ ਉੱਚ ਕੋਟੀ ਦੇ ਕਵੀਆਂ ਅਤੇ ਗੀਤਕਾਰਾਂ ਨੇ ਭਾਗ ਲਿਆ ਸਮਾਗਮ ਦੀ ਆਰੰਭਤਾ ਸ੍ਰੀ ਜਗਤਾਰ ਸਿੰਘ ਜੋਗ ਵੱਲੋਂ ਪ੍ਰਿੰਸੀਪਲ ਗੋਸਲ ਰਚਿਤ ਗੀਤ ÷ਧੁਰ ਕਾਕੀ ਆਈ÷ ਬੁਲੰਦ ਆਵਾਜ਼ ਵਿੱਚ ਗਾ ਕੇ ਪੇਸ਼ ਕੀਤਾ ਗਿਆ ਇਸ ਉਪਰੰਤ ਸੰਸਥਾ ਦੇ ਪ੍ਰਧਾਨ ਪ੍ਰਿੰਸੀਪਲ ਬਹਾਦਰ ਸਿੰਘ ਗੋਸਲ ਵੱਲੋਂ ਮੁੱਖ ਮਹਿਮਾਨ ਅਤੇ ਦੂਜੇ ਮਹਿਮਾਨਾਂ ਨੂੰ ਜੀ ਆਇਆ ਆਖਿਆ ਗਿਆ ਮਹਿਮਾਨਾਂ ਦੀ ਆਪਸ ਨਾਲ ਜਾਣ ਪਹਿਚਾਣ ਕਰਵਾਏ ਗਏ ਉਹਨਾਂ ਨੇ ਦੱਸਿਆ ਕਿ ਅੱਜ ਦੇ ਸਮਾਗਮ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਸਮਾਗਮ ਪੰਜਾਬੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਨਵਾਂ ਮੁੱਢ ਬਣੇਗਾ ਅਤੇ ਸੰਸਥਾ ਵੱਲੋਂ ਚੰਡੀਗੜ੍ਹ ਦੇ ਸੀਨੀਅਰ ਡਿਪਟੀ ਮੇਅਰ ਸ੍ਰੀ ਜਸਬੀਰ ਸਿੰਘ ਬੰਟੀ ਨੂੰ ਸਨਮਾਨਿਤ ਕੀਤਾ ਗਿਆ ਕਵੀ ਦਰਬਾਰ ਵਿੱਚ ਸ੍ਰੀ ਦਲਬੀਰ ਸਿੰਘ ਸਰੋਆ ਵੱਲੋਂ ਰੱਖੜੀ ਦੇ ਤਿਉਹਾਰ ਦੀ ਸਾਰਥਿਕ ਬਾਰੇ ਆਪਣੇ ਇੱਕ ਰਚਨਾ ਸਾਂਝੀ ਕੀਤੀ ਗਈ ਇਸ ਉਪਰੰਤ ਰਾਜਵਿੰਦਰ ਸਿੰਘ ਗੱਡੂ ਵੱਲੋਂ ਕਵਿਤਾ ਰਾਹੀਂ ਮਾਇਆ ਚੱਕਰ ਦੀਆਂ ਪਰਤਾਂ ਨੂੰ ਵਧੀਆ ਢੰਗ ਨਾਲ ਫਰੋਲਿਆ ਗਿਆ ਗੀਤਕਾਰ ਭੁਪਿੰਦਰ ਸਿੰਘ ਭਾਗੋ ਮਾਜਰਾ ਨੇ ਲਾਰੀ ਦੀ ਗਾਥਾ ਵਧੀਆ ਅੰਦਾਜ਼ ਵਿੱਚ ਪੇਸ਼ ਕੀਤੀ ਡਾਕਟਰ ਪੰਨਾ ਲਾਲ ਮੁਸਤਫਾਵਾਦੀ ਵੱਲੋਂ ਇਹ ਸੁਨੇਹਾ ਭਰਪੂਰ ਰਚਨਾ ÷ਯਤੀਮ ਬੱਚੇ ਦੀ ਆਸ÷ ਨਾਲ ਕਵੀ ਦਰਬਾਰ ਵਿੱਚ ਫਿਜ਼ਾ ਵਿੱਚ ਰੰਗੀਨੀ ਭਰੀ ਦਰਸ਼ਨ ਤਿਉਣਾ ਨੇ ਆਪਣੇ ਭਾਵਪੂਰਤ ਸ਼ੇਰਾਂ ਤੇ ਗੀਤ ਨਾਲ ਹਾਜ਼ਰੀ ਲਗਵਾਈ ਸ੍ਰੀ ਰਾਮਕੁਮਾਰ ਸਾਹੂਵਾਲੀਆ ਵੱਲੋਂ ਇੱਕ ਨਵੇਕਲੀ ਸੰਯੁਆਤਮਕ ਰਚਨਾ ,÷ਜੀਵਨ ਬਿਰਤੀ ÷ਪੇਸ਼ ਕੀਤੀ ਗਈ ਵਿਕਟਰ ਸਿੱਧੂ ਬਿੱਟੂ ਨੇ ਵਿਸ਼ਵ ਪੰਜਾਬੀ ਪ੍ਰਚਾਰ ਸਭਾ ਦੇ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ ਜਦੋਂ ਕਿ ਰਾਜਕੁਮਾਰ ਸ਼ਰਮਾ ਨੇ ਗੁਰਦਾਸ ਮਾਨ ਦੇ ਇੱਕ ਚਰਚਿਤ ਗੀਤ ਨੂੰ ਆਪਣੀ ਆਵਾਜ਼ ਵਿੱਚ ਪੇਸ਼ ਕਰਕੇ ਚੰਗਾ ਰੰਗ ਬੰਨਿਆ ਸਮਾਗਮ ਦੇ ਦੂਜੇ ਗੇੜ ਵਿੱਚ ਵਿਸ਼ਵ ਪੰਜਾਬੀ ਪ੍ਰਚਾਰ ਸਭਾ ਵੱਲੋਂ ਸੀਨੀਅਰ ਡਿਪਟੀ ਮੇਅਰ ਸ੍ਰੀ ਜਸਬੀਰ ਸਿੰਘ ਬੰਟੀ ਨੂੰ ਇੱਕ ਸਾਲ ,ਇੱਕ ਮੁਮੈਂਟੋ, ਗੋਲਡ ਮੈਡਲ, ਕਿਤਾਬਾਂ ਦਾ ਸੈਟ ਅਤੇ ਫੁੱਲਾਂ ਦੇ ਗੁਲਦਸਤੇ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ ਉਹਨਾਂ ਦਾ ਸਨਮਾਨ ਅੱਜ ਦੇ ਪ੍ਰਧਾਨਗੀ ਕਰ ਰਹੇ ਰਾਜਕੁਮਾਰ ਸਾਹੋਵਾਲੀਆ ਤੇ ਸੰਸਥਾ ਦੇ ਪ੍ਰਧਾਨ ਪ੍ਰਿੰਸੀਪਲ ਬਹਾਦਰ ਸਿੰਘ ਗੋਸਲ ,ਡਾਕਟਰ ਪੰਨਾ ਲਾਲ ਮੁਸਤਫਾਵਾਦੀ ਅਤੇ ਦੂਜੇ ਅਹੁਦੇਦਾਰਾਂ ਵੱਲੋਂ ਕੀਤਾ ਗਿਆ ਇਸ ਮੌਕੇ ਤੇ ਬੋਲਦਿਆਂ ਸੰਸਥਾ ਦੇ ਪ੍ਰਧਾਨ ਬਹਾਦਰ ਸਿੰਘ ਗੋਸਲ ਨੇ ਕਿਹਾ ਕਿ ਸੰਸਥਾ ਵੱਲੋਂ ਸਮੇਂ ਸਮੇਂ ਪੰਜਾਬੀ ਮਾਂ ਬੋਲੀ ਦੇ ਸਮੂਹ ਦਫਤਰ ਵਿੱਚ ਪ੍ਰਚਾਰ ਪੰਜਾਬੀ ਦਾ ਪ੍ਰਚਾਰ ਅਤੇ ਪ੍ਰਸਾਰ ਕਰਨਾ 2.ਇਸ ਸਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਤੇ ਹਿੰਦ ਦੀ ਚਾਦਰ ਟੀਚਰ ਹੋਮ ਦੀ ਸਥਾਪਨਾ ਕਰਨ ਅਤੇ ਇਸਦੇ ਨਾਲ ਹੀ ਵੱਡੇ ਸਮਾਗਮਾਂ ਦਾ ਆਰੰਭ ਕਰਨਾ ਰੱਖੀਆਂ ਗਈਆਂ ਇਸ ਮੌਕੇ ਤੇ ਖੇਡ ਜਗਤ ਦੇ ਪ੍ਰਸਿੱਧ ਖਿਡਾਰੀ ਅੰਸ਼ ਸ਼ਰਮਾ ਜੋ ਕਿ ਸਾਊਥ ਕੋਰੀਆ ਵਿੱਚ ਹੋਈਆਂ ਏਸ਼ੀਅਨ ਗੇਮਾਂ ਵਿੱਚ ਗੋਲਡ ਮੈਡਲ ਹਾਸਿਲ ਕਰਨ ਦੀ ਉਪਲਬਧੀ ਨੂੰ ਮੁੱਖ ਰੱਖਦਿਆਂ ਹੋਇਆਂ ਸੰਸਥਾ ਵੱਲੋਂ ਗੋਲਡ ਮੈਡਲ ਫੁੱਲਾਂ ਦੇ ਗੁਲਦਸਤੇ ਅਤੇ ਕਿਤਾਬਾਂ ਦੇ ਸੈਟ ਦੇ ਕੇ ਸਨਮਾਨਿਤ ਕੀਤਾ ਗਿਆ ਇਸ ਮੌਕੇ ਤੇ ਬੋਲਦਿਆਂ ਮੁੱਖ ਮਹਿਮਾਨ ਸ੍ਰੀ ਜਸਬੀਰ ਸਿੰਘ ਬੰਟੀ ਸੀਨੀਅਰ ਡਿਪਟੀ ਮੇਅਰ ਨੇ ਭਰੋਸਾ ਦਿੱਤਾ ਕਿ ਉਹ ਇਸ ਸੰਸਥਾ ਦੀਆਂ ਮੰਗਾਂ ਨਾਲ ਸਹਿਮਤ ਹਨ ਅਤੇ ਉਹ ਇਹਨਾਂ ਮੰਗਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਪੁਰਜ਼ੋਰ ਯਤਨ ਕਰਨਗੇ ਸਮਾਗਮ ਦੀ ਪ੍ਰਧਾਨਗੀ ਕਰਨ ਵਾਲੇ ਰਾਜਕੁਮਾਰ ਸਾਹੂਵਾਲੀਆ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਵੱਖ-ਵੱਖ ਸ਼ਹਿਰਾਂ ਅਤੇ ਰਚਨਾਵਾਂ ਦੀ ਤਾਰੀਫ਼ ਕਰਦੇ ਹੋਏ ਸੰਸਥਾ ਦੇ ਇਸ ਉਪਰਾਲੇ ਨੂੰ ਬਹੁਤ ਹੀ ਉਪਯੋਗੀ ਦੱਸਿਆ ਅਤੇ ਸੀਨੀਅਰ ਡਿਪਟੀ ਮੇਅਰ ਵੱਲੋਂ ਮੰਗਾਂ ਦੇ ਪ੍ਰਤੀ ਦਿਖਾਏ ਗਈ ਸੰਵੇਦਨਸ਼ੀਲਤਾ ਲਈ ਉਹਨਾਂ ਦਾ ਧੰਨਵਾਦ ਕੀਤਾ ਇਸ ਮੌਕੇ ਤੇ ਹੋਰਨਾਂ ਤੋਂ ਬਲਵਿੰਦਰ ਸਿੰਘ, ਅਮਨਪ੍ਰੀਤ ਕੌਰ ਫੁੜ ਇੰਸਪੈਕਟਰ ,ਪਵਨ ਕੁਮਾਰ, ਗੁਰਸ਼ਰਨ ਮਾਨ ,ਵਿਕਟਰ ਸਿੱਧੂ, ਸਨੀ ,ਰਾਜੇਸ਼ ਸ਼ਰਮਾ ਅਤੇ ਮਨੋਹਰ ਲਾਲ ਸ਼ਾਮਿਲ ਸਨ ਇਸ ਤਰਾਂ ਇਹ ਸਮਾਗਮ ਨਿਵੇਕਲਿਆ ਪੈੜਾਂ ਛੱਡਦਿਆਂ ਹੋਇਆ ਸੰਪੰਨ ਹੋਇਆ

## ਕੁੱਟਮਾਰ ਕਰਨ ਵਾਲੇ 10 ਜਣਿਆਂ ਖ਼ਿਲਾਫ਼ ਮਾਮਲਾ ਦਰਜ

ਫਾਜ਼ਿਲਕਾ 10 ਅਗਸਤ। ਥਾਣਾ ਸਦਰ ਫਾਜ਼ਿਲਕਾ ਪੁਲਸ ਨੇ ਇਕ ਔਰਤ ਦੀ ਸ਼ਿਕਾਇਤ 'ਤੇ ਉਸਦੀ ਅਤੇ ਉਸਦੇ ਸਾਥੀਆਂ ਦੀ ਕੁੱਟਮਾਰ ਕਰਨ ਵਾਲੇ 10 ਜਣਿਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦਾਨੋਂ ਬਾਈ ਵਾਸੀ ਪਿੰਡ ਪੱਕਾ ਚਿਸਤੀ ਨੇ ਦੱਸਿਆ ਕਿ ਉਨ੍ਹਾਂ ਦਾ ਗਲੀ ਦਾ ਰੌਲਾ ਚੱਲ ਰਿਹਾ ਸੀ, ਜਿਸ ਦੀ ਨਿਸ਼ਾਨਦੇਹੀ ਤਹਿਸੀਲਦਾਰ, ਕਾਨੂੰਗੋ ਅਤੇ ਪਿੰਡ ਦੇ ਪਟਵਾਰੀ ਵੱਲੋਂ ਕੀਤੀ ਗਈ। ਜਿਸ ਦੀ ਮਿਣਤੀ ਸ਼ਾਂਤਮਈ ਤਰੀਕੇ ਨਾਲ ਚੱਲੀ। ਅਧਿਕਾਰੀਆਂ ਦੇ ਜਾਣ ਤੋਂ ਬਾਅਦ ਜੋਗਿੰਦਰ ਸਿੰਘ, ਨਵਕਰਨ ਸਿੰਘ, ਜੱਗਾ ਸਿੰਘ, ਸੁਰਿੰਦਰ ਸਿੰਘ, ਕੁਲਵਿੰਦਰ ਸਿੰਘ, ਬਲਵਿੰਦਰ ਸਿੰਘ, ਗੁਰਮੀਤ ਸਿੰਘ ਵਾਸੀਆਨ ਪਿੰਡ ਪੱਕਾ ਚਿਸਤੀ, ਸੰਦੀਪ ਸਿੰਘ ਅਤੇ ਉਸਦੇ ਭਰਾ ਭਜਨ ਸਿੰਘ ਵਾਸੀ ਜਲਾਲਾਬਾਦ, ਦਾਰਾ ਸਿੰਘ ਵਾਸੀ ਪਿੰਡ ਠਾਕਰੀ ਆਦਿ ਨੇ ਹਮਸਵਰਾ ਹੋ ਕੇ ਉਸਦੀ ਅਤੇ ਉਸਦੇ ਸਾਥੀਆਂ ਦੀ ਕੁੱਟਮਾਰ ਕੀਤੀ। ਜਿਸ 'ਤੇ ਪੁਲਸ ਨੇ ਉਕਤ ਵਿਅਕਤੀਆਂ ਖਿਲਾਫ਼ ਵੱਖ ਵੱਖ ਧਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ।

# ਸਰਕਾਰੀ ਸਕੂਲਾਂ ਨੂੰ ਬ੍ਰਾਂਡਾਂ ਵਜੋਂ ਵਿਕਸਤ ਕੀਤਾ ਜਾ ਰਿਹਾ ਹੈ: ਸਿੱਖਿਆ ਮੰਤਰੀ ਮਹੀਪਾਲ ਢਾਂਡਾ

**ਕੌਮੀ ਪਤ੍ਰਿਕਾ**

ਚੰਡੀਗੜ੍ਹ, 10 ਅਗਸਤ। ਰਾਜ ਦੇ ਸਿੱਖਿਆ ਮੰਤਰੀ ਸ੍ਰੀ ਮਹੀਪਾਲ ਢਾਂਡਾ ਨੇ ਕਿਹਾ ਕਿ ਸਿੱਖਿਆ ਦੇ ਨਾਲ-ਨਾਲ ਬੱਚਿਆਂ ਦਾ ਹੁਨਰ ਵਿਕਾਸ ਵੀ ਮਹੱਤਵਪੂਰਨ ਹੈ। ਸਿੱਖਿਆ ਮਨੁੱਖੀ ਵਿਕਾਸ ਵੱਲ ਲੈ ਜਾਂਦੀ ਹੈ। ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ ਵਿਕਸਤ ਭਾਰਤ ਦੇ ਸੁਪਨੇ ਨੂੰ ਪੂਰਾ ਕਰਨ ਲਈ ਸਿੱਖਿਅਤ ਨੌਜਵਾਨ ਪੀੜ੍ਹੀ ਦਾ ਮਹੱਤਵਪੂਰਨ ਯੋਗਦਾਨ ਹੈ। ਸਿੱਖਿਆ ਮੰਤਰੀ ਸ੍ਰੀ ਢਾਂਡਾ ਸ਼ੁੱਕਰਵਾਰ ਨੂੰ ਭਿਵਾਨੀ ਦੇ ਪ੍ਰੇਮਨਗਰ ਸਥਿਤ ਸਰਕਾਰੀ ਹਾਈ ਸਕੂਲ ਵਿਖੇ ਆਯੋਜਿਤ ਅਭਿਨੰਦਨ ਪ੍ਰੋਗਰਾਮ ਨੂੰ ਸੰਬੋਧਨ ਕਰ ਰਹੇ ਸਨ। ਆਪਣੇ ਸੰਬੋਧਨ ਵਿੱਚ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਸਰਕਾਰ ਸਿੱਖਿਆ ਪ੍ਰਣਾਲੀ ਨੂੰ ਬਿਹਤਰ ਬਣਾਉਣ ਲਈ ਕਈ ਮਹੱਤਵਪੂਰਨ ਕਦਮ ਚੁੱਕ ਰਹੀ ਹੈ। ਸਰਕਾਰੀ ਸਕੂਲਾਂ ਨੂੰ ਬ੍ਰਾਂਡਾਂ ਵਜੋਂ ਵਿਕਸਤ ਕੀਤਾ ਜਾ ਰਿਹਾ ਹੈ। ਸਿੱਖਿਆ ਮੰਤਰੀ ਨੇ ਐਲਾਨ ਕੀਤਾ ਕਿ ਪਿੰਡ ਪ੍ਰੇਮਨਗਰ ਦੇ ਸਰਕਾਰੀ ਸਕੂਲ ਵਿੱਚ ਵਿਦਿਆਰਥੀ ਗਿਣਤੀ ਦੇ ਮਾਪਦੰਡ ਨੂੰ ਪੂਰਾ ਕਰਨ 'ਤੇ ਸਕੂਲ ਨੂੰ 12ਵੀਂ ਜਮਾਤ ਤੱਕ ਅਪਗ੍ਰੇਡ ਕੀਤਾ ਜਾਵੇਗਾ। ਇਸ ਤੋਂ ਇਲਾਵਾ ਉਨ੍ਹਾਂ ਪਿੰਡ ਪ੍ਰੇਮਨਗਰ ਵਿੱਚ ਇੱਕ ਸ਼ਾਨਦਾਰ ਚੌਪਾਲ ਬਣਾਉਣ ਦਾ ਵੀ ਐਲਾਨ ਕੀਤਾ। ਪੰਚਕੂਲਾ ਅਤੇ ਪਾਣੀਪਤ ਜ਼ਿਲ੍ਹਿਆਂ ਦੇ ਸਰਕਾਰੀ ਸਕੂਲਾਂ ਦੀ ਉਦਾਹਰਣ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਇਨ੍ਹਾਂ ਸਕੂਲਾਂ ਵਿੱਚ ਦਾਖਲੇ ਲਈ ਬੱਚਿਆਂ ਦੀ ਕਤਾਰ ਲੱਗੀ ਹੋਈ ਹੈ। ਉਨ੍ਹਾਂ ਅਧਿਆਪਕਾਂ ਨੂੰ ਅਪੀਲ ਕੀਤੀ ਕਿ ਉਹ ਘਰ-ਘਰ ਜਾ ਕੇ ਮਾਪਿਆਂ ਨੂੰ ਗਾਰੰਟੀ ਦੇਣ ਕਿ ਉਹ ਸਰਕਾਰੀ ਸਕੂਲਾਂ ਵਿੱਚ ਪ੍ਰਾਈਵੇਟ ਸਕੂਲਾਂ ਨਾਲੋਂ ਬਿਹਤਰ ਸਿੱਖਿਆ ਪ੍ਰਦਾਨ ਕਰਨਗੇ। NET ਅਤੇ JE ਆਦਿ ਪ੍ਰੀਖਿਆਵਾਂ ਲਈ ਹੋਣਹਾਰ ਵਿਦਿਆਰਥੀਆਂ ਲਈ ਕੋਚਿੰਗ ਕਲਾਸਾਂ ਵੀ ਲਗਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸੂਬੇ ਦੇ ਸਰਕਾਰੀ ਸਕੂਲਾਂ ਦੇ ਨਤੀਜੇ ਪ੍ਰਾਈਵੇਟ ਸਕੂਲਾਂ ਨਾਲੋਂ ਬਿਹਤਰ ਰਹੇ ਹਨ। ਸਿੱਖਿਆ ਮੰਤਰੀ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਸਰਕਾਰੀ ਸਕੂਲਾਂ ਵਿੱਚ ਬਿਹਤਰ ਪ੍ਰਬੰਧ ਕੀਤੇ ਜਾਣਗੇ। ਸਟਾਫ ਦੀ ਕੋਈ ਕਮੀ ਨਹੀਂ ਰਹੇਗੀ। ਪੀਣ ਵਾਲੇ ਪਾਣੀ, ਪਖਾਨੇ, ਕਲਾਸਰੂਮ, ਡਿਜੀਟਲ ਕਲਾਸਾਂ, ਲਾਇਬ੍ਰੇਰੀ ਆਦਿ ਲਈ ਬਿਹਤਰ ਪ੍ਰਬੰਧ ਕੀਤੇ ਜਾਣਗੇ। ਸਰਕਾਰੀ ਸਕੂਲਾਂ ਵਿੱਚ ਵਿਦਿਅਕ ਸਹੂਲਤਾਂ ਦੀ ਕੋਈ ਕਮੀ ਨਹੀਂ ਹੋਵੇਗੀ। ਬਾਵਾਨੀਖੇੜਾ ਤੋਂ ਵਿਧਾਇਕ ਕਪੂਰ ਵਾਲਮੀਕੀ ਨੇ ਸਿੱਖਿਆ ਮੰਤਰੀ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਬਿਨਾਂ ਕਿਸੇ ਭੇਦਭਾਵ ਦੇ ਰਾਜ ਦਾ ਵਿਕਾਸ ਕਰ ਰਹੇ ਹਨ। ਬਾਵਾਨੀਖੇੜਾ ਦੇ ਵਿਕਾਸ ਵਿੱਚ ਕੋਈ ਕਮੀ ਨਹੀਂ ਰਹੇਗੀ। ਉਨ੍ਹਾਂ ਕਿਹਾ ਕਿ ਇਲਾਕੇ ਵਿੱਚ ਪਾਣੀ ਭਰਨ ਵਾਲੇ ਪਿੰਡਾਂ ਵਿੱਚ ਸਮੱਸਿਆ ਦਾ ਸਥਾਈ ਹੱਲ ਕੀਤਾ ਜਾਵੇਗਾ। ਇਸ ਦੌਰਾਨ ਸਕੂਲ ਦੀਆਂ ਵਿਦਿਆਰਥਣਾਂ ਨੇ ਨਸ਼ਾ ਛੁਡਾਉ ਨਾਟਕ, ਹਰਿਆਣਵੀ ਡਾਂਸ ਅਤੇ ਸਵਾਗਤੀ ਗੀਤ ਵੀ ਪੇਸ਼ ਕੀਤਾ। ਇਸ ਦੌਰਾਨ ਭਿਵਾਨੀ ਦੇ ਵਿਧਾਇਕ ਘਨਸ਼ਿਆਮ ਸਰਾਫ, ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਵਰਿੰਦਰ ਕੌਸ਼ਿਕ, ਸਾਬਕਾ ਜ਼ਿਲ੍ਹਾ ਪ੍ਰਧਾਨ ਮੁਕੇਸ਼ ਗੌੜ, ਬਵਾਨੀਖੇੜਾ ਨਗਰਪਾਲਿਕਾ ਦੇ ਚੇਅਰਮੈਨ ਸੁੰਦਰ ਅਤਰੀ, ਜ਼ਿਲ੍ਹਾ ਸਿੱਖਿਆ ਅਧਿਕਾਰੀ ਨਿਰਮਲ ਦਹੀਆ, ਪ੍ਰਧਾਨ ਆਜ਼ਾਦ ਸਿੰਘ ਢਾਂਡਾ ਵੀ ਮੌਜੂਦ ਸਨ।

## ਭਾਰੀ ਬਾਰਿਸ਼ ਕਾਰਨ ਇਕ ਘਰ ਦੀ ਡਿੱਗੀ ਛੱਤ

ਅਬੋਹਰ 10 ਅਗਸਤ। ਬੀਤੀ ਰਾਤ ਭਾਰੀ ਬਾਰਿਸ਼ ਕਾਰਨ ਸਥਾਨਕ ਦੁਰਗਾ ਨਗਰੀ 'ਚ ਇਕ ਘਰ ਦੀ ਛੱਤ ਡਿੱਗ ਗਈ ਜਦੋਂ ਪੂਰਾ ਪਰਿਵਾਰ ਕਮਰੇ ਵਿਚ ਸੌਂ ਰਿਹਾ ਸੀ। ਹਾਦਸੇ ਦੌਰਾਨ ਚਾਰ ਲੋਕ ਵਾਲ-ਵਾਲ ਬਚ ਗਏ ਪਰ ਇਕ ਅਪਾਹਜ ਨੌਜਵਾਨ ਮਲਬੇ ਹੇਠ ਦੱਬਣ ਕਾਰਨ ਜ਼ਖਮੀ ਹੋ ਗਿਆ। ਉਸ ਨੂੰ ਇਲਾਜ ਲਈ ਸਰਕਾਰੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਜਾਣਕਾਰੀ ਅਨੁਸਾਰ ਦੁਰਗਾ ਨਗਰੀ ਦੇ ਰਹਿਣ ਵਾਲੇ ਰਘੂਬੀਰ ਨੇ ਦੱਸਿਆ ਕਿ ਬੀਤੀ ਰਾਤ ਉਸ ਦੀ ਮਾਸੀ ਦਾ ਪਰਿਵਾਰ ਅਤੇ ਉਸ ਦਾ ਅਪਾਹਜ ਭਰਾ ਹੈਪੀ ਰਾਤ 9 ਵਜੇ ਦੇ ਕਰੀਬ ਖਾਣਾ ਖਾ ਕੇ ਕਮਰੇ ਵਿਚ ਸੌਂ



ਰਹੇ ਸਨ, ਜਦੋਂ ਭਾਰੀ ਬਾਰਿਸ਼ ਕਾਰਨ ਕੁਝ ਸਮੇਂ ਬਾਅਦ ਕਮਰੇ 'ਚ ਮਲਬਾ ਡਿੱਗਣ ਦੀ ਆਵਾਜ਼ ਆਉਣ ਲੱਗੀ। ਜਿਸ 'ਤੇ ਕਮਰੇ 'ਚ ਬੈਠੇ ਸਾਰੇ ਲੋਕ ਬਾਹਰ ਆ ਗਏ ਪਰ ਅਪਾਹਜ ਹੈਪੀ ਉਥੇ ਹੀ ਫਸ ਗਿਆ ਅਤੇ ਮਲਬਾ ਡਿੱਗਣ ਕਾਰਨ ਜ਼ਖਮੀ ਹੋ ਗਿਆ। ਪਰਿਵਾਰ ਦੇ ਹੋਰ ਮੈਂਬਰਾਂ ਨੇ ਤੁਰੰਤ ਉਸ ਨੂੰ ਬਾਹਰ ਕੱਢਿਆ ਅਤੇ ਇਲਾਜ ਲਈ ਸਰਕਾਰੀ ਹਸਪਤਾਲ 'ਚ ਦਾਖਲ ਕਰਵਾਇਆ। ਰਘੂਬੀਰ ਨੇ ਦੱਸਿਆ ਕਿ ਜਦੋਂ ਪਰਿਵਾਰ ਦੇ ਹੋਰ ਮੈਂਬਰ ਹੈਪੀ ਨੂੰ ਬਾਹਰ ਕੱਢ ਰਹੇ ਸਨ ਤਾਂ ਉਹ ਵੀ ਵਾਲ-ਵਾਲ ਬਚ ਗਏ। ਰਘੁਬੀਰ ਨੇ ਦੱਸਿਆ ਕਿ ਪੂਰੀ ਛੱਤ ਦਾ ਮਲਬਾ ਡਿੱਗ ਗਿਆ ਅਤੇ ਕਮਰੇ 'ਚ ਰੱਖਿਆ ਬਿਸਤਰਾ, ਫਰਨੀਚਰ ਅਤੇ ਹੋਰ ਸਾਮਾਨ ਟੁੱਟ ਗਿਆ। ਜਿਸ ਕਾਰਨ ਉਨ੍ਹਾਂ ਦਾ ਲੱਖਾਂ ਰੁਪਏ ਦਾ ਨੁਕਸਾਨ ਹੋਇਆ ਹੈ। ਉਨ੍ਹਾਂ ਨੇ ਸਥਾਨਕ ਪ੍ਰਸ਼ਾਸਨ ਤੋਂ ਮੁਆਵਜ਼ੇ ਦੀ ਮੰਗ ਕੀਤੀ ਹੈ।

## ਮਾਤਾ ਵੈਸ਼ਨੋ ਦੇਵੀ ਜਾਣ ਵਾਲੇ ਸ਼ਰਧਾਲੂਆਂ ਲਈ ਖ਼ੁਸ਼ਖ਼ਬਰੀ !

ਫਿਰੋਜ਼ਪੁਰ 10 ਅਗਸਤ। ਤੀਰਥ ਯਾਤਰਾ 'ਤੇ ਜਾਣ ਵਾਲੇ ਸ਼ਰਧਾਲੂਆਂ ਲਈ ਇਕ ਖ਼ਾਸ ਖ਼ਬਰ ਹੈ। ਉਤਰ ਰੇਲਵੇ ਨੇ ਨਵੀਂ ਦਿੱਲੀ ਤੋਂ ਸ਼?ਰੀ ਮਾਤਾ ਵੈਸ਼ਨੋ ਦੇਵੀ ਕੱਟੜਾ ਤੱਕ ਇਕ ਵਿਸ਼ੇਸ਼ ਰੇਲਗੱਡੀ ਚਲਾਉਣ ਦਾ ਫ਼ੈਸਲਾ ਕੀਤਾ ਹੈ। ਇਹ ਰੇਲਗੱਡੀ ਖ਼ਾਸ ਕਰਕੇ ਉਨ੍ਹਾਂ ਯਾਤਰੀਆਂ ਲਈ ਚਲਾਈ



ਜਾ ਰਹੀ ਹੈ, ਜੋ ਵੈਸ਼ਨੋ ਦੇਵੀ ਦੇ ਦਰਸ਼ਨਾਂ ਲਈ ਜਾਣਾ ਚਾਹੁੰਦੇ ਹਨ। ਇਸ ਵਿਸ਼ੇਸ਼ ਰੇਲਗੱਡੀ ਦਾ ਨੰਬਰ 04081/04082 ਹੈ ਅਤੇ ਇਸ ਦਾ ਸੰਚਾਲਨ ਆਉਣ ਵਾਲੇ ਦਿਨਾਂ ਵਿਚ ਕੀਤਾ ਜਾਵੇਗਾ। ਇਹ ਵਿਸ਼ੇਸ਼ ਰੇਲਗੱਡੀ ਤਿੰਨ ਦਿਨਾਂ ਲਈ ਚਲਾਈ ਜਾਵੇਗੀ। ਨਵੀਂ ਦਿੱਲੀ ਤੋਂ ਸ਼?ਰੀ ਮਾਤਾ ਵੈਸ਼ਨੋ ਦੇਵੀ ਕੱਟੜਾ ਲਈ ਇਹ ਰੇਲਗੱਡੀ 14, 15 ਅਤੇ 110 ਅਗਸਤ 2025 ਨੂੰ ਚੱਲੇਗੀ। ਇਸ ਦਾ ਵਾਪਸੀ ਦਾ ਸਫ਼ਰ ਕੱਟੜਾ ਤੋਂ 15, 16 ਅਤੇ 110 ਅਗਸਤ 2025 ਨੂੰ ਸ਼ੁਰੂ ਹੋਵੇਗਾ। ਇਸ ਰੇਲਗੱਡੀ ਦੀ ਸਮਾਂ ਸਾਰਣੀ ਵੀ ਜਾਰੀ ਕਰ ਦਿੱਤੀ ਗਈ ਹੈ। ਰੇਲਗੱਡੀ ਨੰਬਰ 04081, ਨਵੀਂ ਦਿੱਲੀ ਤੋਂ ਰਾਤ 11.45 ਵਜੇ ਰਵਾਨਾ ਹੋਵੇਗੀ ਅਤੇ ਅਗਲੇ ਦਿਨ ਸਵੇਰੇ 11.40 ਵਜੇ ਸ੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਪਹੁੰਚੇਗੀ। ਰਸਤੇ ਵਿਚ ਇਹ ਪਾਣੀਪਤ ਜੰਕਸ਼ਨ, ਕੁਰੂਕਸ਼ੇਤਰ ਜੰਕਸ਼ਨ, ਅੰਬਾਲਾ ਕੈਂਟ ਜੰਕਸ਼ਨ, ਢੰਢਾਰੀ ਕਲਾਂ, ਜਲੰਧਰ ਕੈਂਟ, ਪਠਾਨਕੋਟ ਕੈਂਟ, ਜੰਮੂ ਤਵੀ ਅਤੇ ਸ਼ਹੀਦ ਕੈਪਟਨ ਤੁਸ਼ਾਰ ਮਹਾਜਨ ਸਟੇਸ਼ਨਾਂ 'ਤੇ ਵੀ ਰੁਕੇਗੀ। ਵਾਪਸੀ ਵਿਚ ਰੇਲਗੱਡੀ ਨੰਬਰ 04082 ਸ਼?ਰੀ ਮਾਤਾ ਵੈਸ਼ਨੋ ਦੇਵੀ ਕੱਟੜਾ ਤੋਂ ਰਾਤ 9.20 ਵਜੇ ਚੱਲੇਗੀ ਅਤੇ ਅਗਲੇ ਦਿਨ ਸਵੇਰੇ 10.30 ਵਜੇ ਨਵੀਂ ਦਿੱਲੀ ਪਹੁੰਚੇਗੀ। ਇਸ ਰੇਲਗੱਡੀ ਵਿਚ ਯਾਤਰੀਆਂ ਲਈ ਏ. ਸੀ, ਸਲੀਪਰ ਅਤੇ ਜਨਰਲ ਕੋਚ ਦੀ ਸਹੂਲਤ ਹੋਵੇਗੀ। ਇਸ ਲਈ ਯਾਤਰੀਆਂ ਨੂੰ ਆਪਣੀਆਂ ਟਿਕਟਾਂ ਪਹਿਲਾਂ ਹੀ ਬੁੱਕ ਕਰਵਾ ਲੈਣੀਆਂ ਚਾਹੀਦੀਆਂ ਹਨ।

## ਨਮੋਲ ਸਿਹਤ ਵਿਭਾਗ ਵੱਲੋਂ ਪੇਟ ਦੇ ਕੀੜਿਆਂ ਤੋਂ ਰਾਸ਼ਟਰੀ ਮੁਕਤੀ ਦਿਵਸ ਮਨਾਇਆ ਗਿਆ

ਲੌਂਗੋਵਾਲ, 10 ਅਗਸਤ। ਸਿਵਲ ਸਰਜਨ ਸੰਗਰੂਰ ਡਾ. ਸੰਜੇ ਕਾਮਰਾ ਜੀ ਦੇ ਹੁਕਮਾਂ ਅਤੇ ਕਾਰਜ਼ਕਾਰੀ ਸੀਨੀਅਰ ਮੈਡੀਕਲ ਅਫਸਰ ਡਾਕਟਰ ਮਨੀਤਾ ਬਾਂਸਲ ਬਲਾਕ ਲੌਂਗੋਵਾਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਐਸ. ਆਈ.ਰਾਜਿੰਦਰ ਕੁਮਾਰ ਬਾਂਸਲ ਅਤੇ ਐਲ .ਐਚ. ਵੀ ਸੁਪਿੰਦਰ ਸ਼ਰਮਾ ਦੀ ਅਗਵਾਈ ਵਿੱਚ ਮਲਕੀਤ ਕੌਰ ਮਲਟੀਪਰਪਜ਼ ਹੈਲਥ ਵਰਕਰ (ਫੀਮੇਲ) ਅਤੇ ਖੁਸ਼ਵੰਤ ਸਿੰਘ ਮਲਟੀਪਰਪਜ਼ ਹੈਲਥ ਵਰਕਰ (ਮੇਲ), ਸਮੂਹ ਆਸ਼ਾ ਵਰਕਰ ਵੱਲੋਂ ਪਿੰਡ ਨਮੋਲ ਦੇ ਸਰਕਾਰੀ ਸਕੂਲ, ਪ੍ਰਾਈਵੇਟ ਸਕੂਲ ਤੇ ਘਰ - ਘਰ ਜਾਕੇ ਪੇਟ ਦੇ ਕੀੜਿਆਂ ਤੋਂ ਰਾਸ਼ਟਰੀ ਮੁਕਤੀ ਦਿਵਸ ਮਨਾਇਆ ਗਿਆ ਜਿਸ ਤਹਿਤ ਅੱਜ 1 ਤੋਂ 19 ਸਾਲ ਦੀ ਉਮਰ ਦੇ ਬੱਚਿਆਂ ਨੂੰ ਅਲਬੈਂਡਾਜੋਲ ਦੀ ਦਵਾਈ ਦਿੱਤੀ ਗਈ । ਇਥੇ ਆਂਗਣਵਾੜੀ ਕੇਂਦਰਾਂ ਵਿੱਚ ਜਾਣ ਅਤੇ ਨਾ ਜਾਣ ਵਾਲੇ 01 ਤੋਂ 2 ਸਾਲ ਤੱਕ ਦੇ ਬੱਚਿਆਂ ਨੂੰ ਅਲਬੈਂਡਾਜੋਲ ਸਿਰਪ (200 ਐਮ.ਜੀ) ਅਤੇ 02 ਤੋਂ 19 ਸਾਲ ਤੱਕ ਦੇ ਬੱਚਿਆਂ ਨੂੰ ਅਲਬੈਂਡਾਜੋਲ ਦੀ ਗੋਲੀ (ਚੱਬ ਕੇ ਖਾਣ ਵਾਲੀ) ਖੁਆਈ ਗਈ ਤਾਂ ਜੋ ਪੇਟ ਦੇ ਕੀੜਿਆਂ ਤੋਂ ਪੈਦਾ ਹੋਣ ਵਾਲੇ ਨੁਕਸਾਨਾਂ ਤੋਂ ਬਚਾਇਆ ਜਾ ਸਕੇ। ਉਹਨਾਂ ਬੱਚਿਆਂ, ਮਾਪਿਆਂ ਅਤੇ ਟੀਚਰ ਸਹਿਬਾਨ ਨੂੰ ਦੱਸਿਆ ਕਿ ਪੇਟ ਵਿਚ ਕੀੜਿਆਂ ਦਾ ਹੋਣਾ ਇਹ ਬਿਮਾਰੀ ਭਾਵੇਂ ਕੋਈ ਬਹੁਤੀ ਭਿਆਨਕ ਨਹੀਂ ਹੁੰਦੀ ਅਤੇ ਇਲਾਜਯੋਗ ਹੈ ਪਰ ਜੇ ਇਸ ਨੂੰ ਗੰਭੀਰਤਾ ਨਾਲ ਨਾ ਲਿਆ ਜਾਵੇ ਤਾਂ ਇਹ ਭਿਆਨਕ ਰੂਪ ਵੀ ਧਾਰ ਸਕਦੀ ਹੈ। ਪੇਟ ਵਿਚ ਕੀੜੇ ਹੋਣ ਨਾਲ ਬੱਚਿਆਂ ਵਿਚ ਕੁਪੋਸ਼ਣ ਅਤੇ ਖ਼ੂਨ ਦੀ ਕਮੀ ਹੋ ਜਾਂਦੀ ਹੈ ਜਿਸ ਨਾਲ ਹਮੇਸ਼ਾ ਥਕਾਵਟ ਮਹਿਸੂਸ ਹੁੰਦੀ ਰਹਿੰਦੀ ਹੈ। ਇਸ ਨਾਲ ਬੱਚੇ ਦੇ ਸੰਪੂਰਨ ਸਰੀਰਕ ਤੇ ਮਾਨਸਿਕ ਵਿਕਾਸ ਵਿਚ ਰੁਕਾਵਟ ਆ ਸਕਦੀ ਹੈ। ਸੋ ਬੱਚਿਆਂ ਅਤੇ ਮਾਪਿਆਂ ਨੂੰ ਇਹਨਾਂ ਸਾਰੀਆਂ ਗੱਲਾਂ ਤੋਂ ਜਾਣੂ ਕਰਵਇਆ ਗਿਆ 9 ਇਸ ਪ੍ਰੋਗਰਾਮ ਨੂੰ ਸਫਲ ਬਨਾਉਣ ਵਿੱਚ ਸਮੂਹ ਅਧਿਆਪਕ ਸਹਿਬਾਨ, ਆਂਗਣਵਾੜੀ ਵਰਕਰ, ਆਸ਼ਾ ਵਰਕਰ ਨੇ ਪੂਰਨ ਸਹਿਯੋਗ ਦਿੱਤਾ

# ਸਮੇਂ ਰਹਿੰਦੇ ਟਾਂਗਰੀ ਨਦੀਂ ਵਿੱਚ ਖ਼ੁਦਾਈ ਨਾਲ ਟੱਲਿਆ ਨੁਕਸਾਨ - ਸਿੰਚਾਈ ਮੰਤਰੀ ਸ਼ਰੂਤੀ ਚੌਧਰੀ

**ਕੌਮੀ ਪਤ੍ਰਿਕਾ**

ਚੰਡੀਗੜ੍ਹ, 10 ਅਗਸਤ। ਹਰਿਆਣਾ ਦੀ ਸਿੰਚਾਈ ਮੰਤਰੀ ਸ਼ਰੂਤੀ ਚੌਧਰੀ ਨੇ ਦਸਿਆ ਕਿ ਬੀਤੀ ਅੱਧੀ ਰਾਤ ਟਾਂਗਰੀ ਨਦੀਂ ਵਿੱਚ ਜਲ੍ਹ ਪੱਧਰ 9.5 ਫੁੱਟ (ਲਗਭਗ 20,900 ਕਿਊਸਿਕ) ਤੱਕ ਪਹੁੰਚ ਗਿਆ ਸੀ, ਜੋ ਖਤਰੇ ਦੇ ਨਿਸ਼ਾਨ 7.0 ਫੁੱਟ (15,400 ਕਿਊਸੇਕ) ਤੋਂ ਵੱਧ ਹੈ। ਪਿਛਲੇ ਸਾਲਾਂ ਵਿੱਚ ਇੰਨ੍ਹੀ ਗਿਣਤੀ ਵਿੱਚ ਾਪਣੀ ਆਉਣ 'ਤੇ ਅੰਬਾਲਾ ਕੈਂਟ ਦੀ ਕਈ ਕਲੋਨੀਆਂ ਵਿੱਚ ਪਾਣੀ ਭਰ ਜਾਂਦਾ ਸੀ ਅਤੇ ਕਰੋੜਾਂ ਰੁਪਏ ਦਾ ਨੁਕਸਾਨ ਹੁੰਦਾ ਸੀ, ਪਰ ਸਮੇਂ ਰਹਿੰਦੇ ਖੁਦਾਈ ਹੋਣ ਨਾਲ ਅਤੇ ਵਿਭਾਗ ਦੀ ਸਮਝਦਾਰੀ ਨਾਲ ਖਤਰਾ ਟੱਲ ਗਿਆ। ਉਨ੍ਹਾਂ ਨੇ ਦਸਿਆ ਕਿ ਇਸ ਵਾਰ ਸਿੰਚਾਈ ਵਿਭਾਗ ਨੇ ਬਰਸਾਤ ਤੋਂ ਪਹਿਲਾਂ ਨਦੀ ਦੀ ਖੁਦਾਈ ਦਾ ਕੰਮ ਸ਼ੁਰੂ ਕੀਤਾ, ਜਿਸ ਦੀ ਵਜ?ਹਾ ਨਾਲ ਪਾਣੀ ਸੁਰੱਖਿਅਤ ਰੂਪ ਨਾਲ ਵਹਿ ਗਿਆ ਅਤੇ ਹਜਾਰਾਂ ਲੋਕਾਂ ਨੂੰ ਵੱਡੀ ਰਾਹਤ ਮਿਲੀ। ਸਿੰਚਾਈ ਮੰਤਰੀ ਨੇ ਦਸਿਆ ਕਿ ਬਰਸਾਤ ਸ਼ੁਰੂ ਹੋਣ ਤੋਂ ਪਹਿਲਾਂ ਵਿਭਾਗ ਨੇ ਨਦੀਂ ਦੇ ਤੱਲ ਨੂੰ ਡੂੰਘਾ ਅਤੇ ਚੌੜਾ ਕਰਨ ਦਾ ਕੰਮ ਸ਼ੁਰੂ ਕੀਤਾ ਸੀ। ਹਾਲਾਂਕਿ, ਬਰਸਾਤ ਦੇ ਕਾਰਨ ਫਿਲਹਾਲ ਸਿਰਫ ਅੱਧਾ ਕੰਮ ਹੀ ਪੂਰਾ ਹੋ ਪਾਇਆ, ਪਰ ਇਸ ਨਾਲ ਨਦੀਂ ਦੀ ਜਲ੍ਹ ਨਿਕਾਸੀ ਸਮਰੱਥਾ ਵਿੱਚ ਕਾਫੀ ਵਾਧਾ ਹੋਇਆ ਹੈ। ਬਰਸਾਤ ਦਾ ਮੌਸਮ ਖਤਮ ਹੁੰਦੇ ਹੀ ਅਸੀਂ ਇਹ ਕੰਮ ਪੂਰਾ ਕਰ ਦਵਾਂਗੇ। ਸਿੰਚਾਈ ਮੰਤਰੀ ਨੇ ਦਸਿਆ ਕਿ 6 ਅਗਸਤ ਨੂੰ ਸਵੇਰੇ 11 ਵਜੇ ਨਦੀਂ ਵਿੱਚ 11,000 ਕਿਊਸੇਕ ਪਾਣੀ ਸੀ, ਜੋ ਸ਼ਾਮ 4 ਵਜੇ ਤੱਕ 15,400 ਕਿਊਸੇਕ ਅਤੇ ਅੱਧੀ ਰਾਤ ਤੱਕ 20,900 ਕਿਊਸੇਕ ਹੋ ਗਿਆ। ਪਹਿਲਾਂ ਅਜਿਹੇ ਜਲ੍ਹ ਪੱਧਰ 'ਤੇ ਨਿਊ ਟੈਗੋਰ ਗਾਰਡਨ, ਨਿਊ ਏਕਤਾ ਵਿਹਾਰ, ਪ੍ਰਭੂ ਪ੍ਰੇਮਪੁਰਮ, ਰਾਮਪੁਰ, ਸਰਸਹੇੜੀ, ਚੰਦਪੁਰਾ ਅਤੇ ਕਰਧਾਨ ਵਰਗੇ ਖੇਤਰਾਂ ਵਿੱਚ ਪਾਣੀ ਭਰ ਜਾਂਦਾ ਸੀ, ਪਰ ਇਸ ਵਾਰ ਅਜਿਹਾ ਨਹੀਂ ਹੋਇਆ। ਸਿੰਚਾਈ ਮੰਤਰੀ ਨੇ ਦਸਿਆ ਕਿ ਵਿਭਾਗ ਵੱਲੋਂ ਟਾਂਗਰੀ ਨਦੀ ਨੂੰ ਪਿੰਡ ਰਾਮਗੜ੍ਹ ਮਾਜਰਾ ਤੋਂ ਪਿੰਡ ਭੂੰਨੀ ਤੱਕ ਡੂੰਘਾ ਅਤੇ ਚੌੜਾ ਕੀਤਾ ਜਾ ਰਿਹਾ ਹੈ ਅਤੇ ਸਰਸਹੇੜੀ ਅਤੇ ਚੰਦਪੁਰਾ ਵਿੱਓ ਅਸਥਾਈ ਬੰਨ੍ਹ ਬਣਾਏ ਗਏ ਹਨ। ਇੰਨ੍ਹਾਂ ਯਤਨਾਂ ਨਾਲ ਇਸ ਵਾਰ ਵੱਧ ਜਲ੍ਹ ਪੱਧਰ ਹੋਣ ਦੇ ਬਾਗਜੂਦ ਸਰਸਹੇੜੀ, ਚੰਦਪੁਰਾ ਅਤੇ ਨੇੜੇ ਦੇ ਖੇਤਰ ਸੁਰੱਖਿਅਤ ਹਨ। ਉਨ੍ਹਾਂ ਨੇ ਦਸਿਆ ਕਿ ਪਹਿਲਾਂ ਮਹੇਸ਼ਨਗਰ ਪੰਪ ਹਾਊਸ ਦੇ ਗੇਟ ਨਦੀ ਵਿੱਚ ਸਿਰਫ 2.5 ਫੁੱਟ ਪਾਣੀ ਆਉਣ 'ਤੇ ਬੰਦ ਹੋ ਜਾਂਦੇ ਸਨ, ਜਿਸ ਨਾਲ ਸ਼ਹਿਰ ਵਿੱਚ ਬਰਸਾਤ ਦਾ ਪਾਣੀ ਭਰ ਜਾਂਦਾ ਸੀ। ਇਸ ਵਾਰ ਖੁਦਾਈ ਕਾਰਨ ਇਹ ਗੇਟ 4.5 ਫੁੱਟ ਪਾਣੀ ਆਉਣ 'ਤੇ ਹੀ ਬੰਦ ਹੋਏ, ਜਿਸ ਨਾਲੋ ਕਾਂ ਨੂੰ ਭਾਰਤੀ ਰਾਹਤ ਮਿਲੀ। ਮੰਤਰੀ ਸ਼ਰੂਤੀ ਚੌਧਰੀ ਨੇ ਨਾਗਰਿਕਾਂ ਨੂੰ ਭਰੋਸਾ ਦਿੰਦੇ ਹੋਏ ਕਿਹਾ ਕਿ ਸਰਕਾਰ ਅਤੇ ਸਿੰਚਾਈ ਵਿਭਾਗ ਇਸੀ ਤਰ੍ਹਾ ਸਮੇਂ ਰਹਿੰਦੇ ਕਦਮ ਚੁੱਕ ਜਨਤਾ ਦੀ ਸੁਰੱਖਿਆ ਯਕੀਨੀ ਕਰਦਾ ਰਹੇਗਾ। ਉਨ੍ਹਾਂ ਨੇ ਕਿਹਾ ਕਿ ਕਿਸੇ ਵੀ ਤਰ੍ਹਾ ਦੀ ਕੁਦਰਤੀ ਆਪਦਾ ਦੇ ਸਮੇਂ ਸਰਕਾਰ ਹਰ ਸਮੇਂ ਲੋਕਾਂ ਦੇ ਨਾਲ ਖੜੀ ਹੈ। ਆਮਜਨਤਾ ਨੂੰ ਕਿਸੇ ਤਰ੍ਹਾ ਦੀ ਚਿੰਤਾ ਕਰਨ ਦੀ ਜਰੂਰਤ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਜਲ੍ਹ ਭਰਾਵ ਵਾਲੇ ਖੇਤਰਾਂ ਵਿੱਚ ਵੀ ਵਿਭਾਗ ਦੇ ਅਧਿਕਾਰੀਆਂ ਨੂੰ ਪਾਣੀ ਨਿਕਾਸੀ ਲਈ ਹਰ ਜਰੂਰੀ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਨੇ ਖੁਦ ਜਲ੍ਹ ਭਰਾਵ ਵਾਲੇ ਖੇਤਰ ਦਾ ਦੌਰਾ ਕੀਤਾ ਹੈ।

## ਲੋਕਾਂ ਨੂੰ ਫਸਾਉਣ ਲਈ ਖੁਦ 'ਤੇ ਚਲਾਈ ਗੋਲੀ, ਪੁਲਸ ਵੱਲੋਂ ਸ਼ਾਤਿਰ ਟਰੈਵਲ ਏਜੰਟ ਦੀ ਝੂਠੀ ਕਹਾਣੀ ਦਾ ਪਰਦਾਫਾਸ਼

ਫਿਰੋਜ਼ਪੁਰ 10 ਅਗਸਤ। ਫਿਰੋਜ਼ਪੁਰ ਵਿੱਚ ਇਕ ਅਗਸਤ ਨੂੰ ਇੱਕ ਖਬਰ ਸਾਹਮਣੇ ਆਉਂਦੀ ਹੈ ਕਿ ਦੋ ਨਕਾਬਪੋਸ਼ ਮੋਟਰਸਾਈਕਲ ਬਦਮਾਸ਼ਾਂ ਨੇ ਟਰੈਵਲ ਏਜੰਟ ਨੂੰ ਗੋਲੀ ਮਾਰ ਕੇ ਉਥੋਂ ਫਰਾਰ ਹੋ ਗਏ ਤੇ ਜ਼ਖਮੀ ਟਰੈਵਲ ਏਜੰਟ ਰਾਹੁਲ ਕਕੜ ਐੱਸਐੱਸਪੀ ਨੂੰ ਫ਼ੋਨ ਕਰਕੇ ਇਹ ਇਤਲਾਹ ਦਿੰਦਾ ਹੈ ਕਿ ਉਸ ਨੂੰ ਦੋ ਮੋਟਰਸਾਈਕਲ ਨਕਾਬ ਬੋਸ਼ ਗੋਲੀ ਮਾਰ ਕੇ ਫਰਾਰ ਹੋ ਗਏ ਨੇ ਤਾਂ ਇਹ ਜਾਣਕਾਰੀ ਮਿਲਣ ਤੋਂ ਬਾਅਦ ਸਾਰੀ ਜ਼ਿਲ੍ਹੇ ਦੀ ਪੁਲਸ ਸਣੇ ਐੱਸਐੱਸਪੀ ਮੌਕੇ 'ਤੇ ਪਹੁੰਚ ਜਾਂਦੇ ਹਨ ਤੇ ਜਾਂਚ ਸ਼ੁਰੂ ਕਰ ਦਿੰਦੇ ਹਨ। ਹੁਣ ਇਹ ਜਾਂਚ ਤੋਂ ਬਾਅਦ ਇਹ ਸਾਹਮਣੇ ਨਿਕਲਿਆ ਹੈ ਕਿ ਇਸ ਟਰੈਵਲ ਏਜੰਟ ਨੇ ਲੋਕਾਂ ਨਾਲ ਪੈਸੇ ਦਾ ਲੈਣ ਦੇਣ ਸੀ ਅਤੇ ਇਸ ਪੈਸੇ ਦੇ ਲੈਣ ਦੇਣ ਨੂੰ ਲੈ ਕੇ ਇਸ ਛਾਤਰ ਟਰੈਵਲ ਏਜੰਟ ਨੇ ਇਹ ਝੂਠੀ ਕਹਾਣੀ ਬਣਾਈ ਸੀ ਤੇ ਉਸ ਨੇ ਆਪਣੇ ਆਪ ਨੂੰ ਖੁਦ ਗੋਲੀ ਮਾਰ ਕੇ ਦੂਜੇ ਲੋਕਾਂ ਨੂੰ ਇਸ ਝੂਠੇ ਮਾਮਲੇ ਵਿੱਚ ਫਸਾਉਣਾ ਸੀ। ਹੁਣ ਇਸ ਸ਼ਾਤਰ ਟਰੈਵਲ ਏਜੰਟ ਨੂੰ ਪੁਲਸ ਭਾਲ ਰਹੀ ਹੈ। ਪੁਲਸ ਨੇ ਇਸ ਦੇ ਖਿਲਾਫ ਮਾਮਲਾ ਦਰਜ ਕਰ ਲਿਆ ਹੈ ਤੇ ਇਸ ਨੂੰ ਜਲਦ ਗ੍ਰਿਫਤਾਰ ਕਰਨ ਦੀ ਗੱਲ ਕਹੀ ਜਾ ਰਹੀ ਹੈ।

## ਨੌਜਵਾਨਾਂ ਵੱਲੋਂ ਘਰ 'ਚ ਦਾਖਲ ਹੋ ਕੇ 50 ਹਜ਼ਾਰ ਰੁਪਏ ਨਕਦੀ ਚੋਰੀ

ਬਟਾਲਾ 10 ਅਗਸਤ। ਪਿੰਡ ਗਵਾਰ ਵਿਖੇ ਦੋ ਨੌਜਵਾਨਾਂ ਵਲੋਂ ਇਕ ਘਰ ਵਿਚ ਦਾਖਲ ਹੋ ਕੇ 50 ਹਜ਼ਾਰ ਰੁਪਏ ਦੀ ਨਕਦੀ ਚੋਰੀ ਕਰਨ ਦਾ ਸਮਾਚਾਰ ਮਿਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਕੋਟਲੀ ਸੂਰਤ ਮੱਲ੍ਹੀ ਦੇ ਏ.ਐਸ.ਆਈ ਸਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਰਜ ਕਰਵਾਏ ਬਿਆਨ ਵਿਚ ਗੁਰਜਿੰਦਰ ਕੌਰ ਪਤਨੀ ਜੱਜ ਸਿੰਘ ਵਾਸੀ ਪਿੰਡ ਗਵਾਰ ਨੇ ਲਿਖਵਾਇਆ ਹੈ ਕਿ ਮੇਰਾ ਪਤੀ ਅਤੇ ਹੋਰ ਪਰਿਵਾਰ ਵਾਲੇ ਕਿਸੇ ਰਿਸ਼ਤੇਦਾਰੀ ਵਿਚ ਗਏ ਹੋਏ ਸਨ ਅਤੇ ਮੈਂ ਘਰ ਵਿਚ ਇਕੱਲੀ ਸੀ ਅਤੇ ਬੀਤੀ 3 ਅਗਸਤ ਨੂੰ ਦੁਪਹਿਰ 1 ਵਜੇ ਮੈਂ ਘਰ ਦੇ ਕਮਰੇ ਵਿਚ ਆਰਾਮ ਕਰ ਰਹੀ ਸੀ ਕਿ ਦੂਜੇ ਕਮਰੇ ਵਿਚ ਖੜਕਣ ਦੀ ਆਵਾਜ਼ ਸੁਣ ਕੇ ਬਾਹਰ ਆਈ ਤਾਂ ਦੇਖਿਆ ਕਿ ਸਾਡਾ ਗੁਆਂਢੀ ਅਭੀ ਅਤੇ ਆਸ਼ੀਸ਼ ਮੈਨੂੰ ਦੇਖ ਕੇ ਪੌੜੀਆਂ ਰਸਤੇ ਕੋਠੇ ਰਾਹੀਂ ਭੱਜ ਗਏ। ਉਕਤ ਬਿਆਨਕਰਤਾ ਔਰਤ ਮੁਤਾਬਕ ਇਸਦੇ ਬਾਅਦ ਮੈਂ ਜਦੋਂ ਅਲਮਾਰੀ ਚੈੱਕ ਕੀਤੀ ਤਾਂ ਉਸ ਵਿਚੋਂ 50 ਹਜ਼ਾਰ ਰੁਪਏ ਗਾਇਬ ਸਨ, ਜੋ ਉਕਤ ਨੌਜਵਾਨ ਚੋਰੀ ਕਰਕੇ ਲੈ ਗਏ। ਉਕਤ ਥਾਣੇਦਾਰ ਨੇ ਅੱਗੇ ਦੱਸਿਆ ਕਿ ਉਕਤ ਮਾਮਲੇ ਸਬੰਧੀ ਕਾਰਵਾਈ ਕਰਦਿਆਂ ਥਾਣਾ ਕੋਟਲੀ ਸੂਰਤ ਮੱਲ੍ਹੀ ਵਿਖੇ ਉਕਤ ਦੋਵਾਂ ਨੌਜਵਾਨਾਂ ਖਿਲਾਫ ਕੇਸ ਦਰਜ ਕਰ ਦਿੱਤਾ ਗਿਆ ਹੈ।

# ਕੰਟਰੈਕਟ ਫੀਮੇਲ ਵਰਕਰਾਂ ਨੇ ਸਿਵਲ ਸਰਜਨਾਂ ਰਾਹੀਂ ਭੇਜੇ ਮੰਗ ਪੱਤਰ

**ਕੌਮੀ ਪਤ੍ਰਿਕਾ**

ਸੰਗਰੂਰ,10 ਅਗਸਤ: ਸਿਹਤ ਵਿਭਾਗ ਵਿੱਚ ਕੰਮ ਕਰਦੀਆ ਕੰਟਰੈਕਟ ਮਲਟੀਪਰਪਜ ਹੈਲਥ ਵਰਕਰ ਫੀਮੇਲ ਨੇ ਆਪਣੀਆ ਸੇਵਾਵਾ ਰੈਗੂਲਰ ਕਰਵਾਉਣ ਲਈ ਅਤੇ ਮਾਨਯੋਗ ਹਾਈਕੋਰਟ ਦੇ ਫੈਸਲੇ ਮੁਤਾਬਕ ਬਰਾਬਰ ਕੰਮ ਬਰਾਬਰ ਤਨਖਾਹ ਦਾ ਫੈਸਲਾ ਲਾਗੂ ਕਰਵਾਉਣ ਲਈ ਅੱਜ ਸਮੂਹ ਪੰਜਾਬ ਦੇ ਸਿਵਲ ਸਰਜਨਾ ਰਾਹੀ ਸਿਹਤ ਮੰਤਰੀ, ਸਿਹਤ ਸਕੱਤਰ, ਡਾਇਰੈਕਟਰ ਸਿਹਤ ਸੇਵਾਵਾ ਨੂੰ ਮੰਗ ਪੱਤਰ ਭੇਜੇ ਇਸੇ ਲੜੀ ਵਜੋ ਸਿਵਲ ਸਰਜਨ ਸੰਗਰੂਰ ਰਾਹੀ ਇਹ ਮੰਗ ਪੱਤਰ ਭੇਜਿਆ ਅੱਜ ਸਿਵਲ ਸਰਜਨ ਦਫਤਰ ਵਿਖੇ ਸਹਾਇਕ ਸਿਵਲ ਸਰਜਨ ਡਾ ਸੰਜੇ ਬਾਸਲ ਨੇ ਜਥੇਬੰਦੀ ਦੇ ਆਗੂਆ ਜਿਲਾ ਪ੍ਰਧਾਨ ਭਿੰਦਰ ਕੋਰ ਸੇਰਪੁਰ, ਮਨਜੀਤ ਕੋਰ, ਗੁਰਮੀਤ ਕੋਰ ਸੁਰਿੰਦਰ ਕੋਰ, ਰਿੰਪੀ ਸੁਨਾਮ ਰਾਜਵਿੰਦਰ ਕੋਰ, ਹਰਜਿੰਦਰ ਕੋਰ ਅਤੇ ਹੋਰ ਆਗੂਆ ਤੋ ਮੰਗ ਪੱਤਰ ਲੈਂਦੇ ਹੋਏ ਭਰੋਸਾ ਦਿੱਤਾ ਕਿ ਉਹ ਸਿਫਾਰਸ ਤਹਿਤ ਇਹ ਮੰਗ ਪੱਤਰ ਉਪਰ ਭੇਜਣਗੇ ਇਸ ਮੋਕੇ ਜਥੇਬੰਦੀ ਦੇ ਆਗੂਆ ਨੇ ਦੱਸਿਆ ਕਿ ਮਲਟੀਪਰਪਜ ਹੈਲਥ ਵਰਕਰਾਂ ਨੂੰ ਬਰਾਬਰ ਕੰਮ ਬਰਾਬਰ ਤਨਖਾਹ ਦੇਣ ਦਾ ਫੈਸਲੇ ਪਿਛਲੇ ਟਾਈਮ ਮਾਨਯੋਗ ਹਾਈ ਕੋਰਟ ਨੇ ਕੀਤੇ ਸਨ ਇਹ ਫੈਸਲਿਆ ਨੂੰ ਲਾਗੂ ਕਰਵਾਉਣ ਲਈ ਜਥੇਬੰਦੀ ਨੇ ਸੂਬਾਈ ਪ੍ਰਧਾਨ ਸਰਬਜੀਤ ਕੋਰ ਦੀ ਅਗਵਾਈ ਹੇਠ ਸਿਹਤ ਮੰਤਰੀ ਜੀ ਅਤੇ ਸਿਹਤ ਸਕੱਤਰ ਨਾਲ 10 ਜੂਨ ਤੇ 16 ਜੂਨ 2025 ਨੂੰ ਯੂਨੀਅਨ ਨਾਲ ਪੈਨਲ ਮੀਟਿੰਗਾਂ ਕਰਨ ਉਪਰੰਤ ਮਹਿਕਮੇ ਨੂੰ ਦਿਸ਼ਾ ਨਿਰਦੇਸ਼ ਦੇਣ ਦੇ ਬਾਵਜੂਦ ਵੀ ਡਾਇਰੈਕਟਰ ਦਫਤਰ ਅਤੇ ਮਿਸਨ ਡਾਇਰੈਕਟਰ ਐਨ, ਐਚ, ਐਮ ਪੰਜਾਬ ਵੱਲੋ ਅਗਲੀ ਕਾਰਵਾਈ ਨਹੀਂ ਕੀਤੀ ਜਾ ਰਹੀ !ਹੁਣ ਤੱਕ ਆਰਡਰ ਜਾਰੀ ਨਾ ਹੋਣ ਤੇ ਯੂਨੀਅਨ ਵੱਲੋਂ ਪੁੱਛੇ ਜਾਣ ਤੇ ਟਾਲ ਮਟੋਲ ਅਤੇ ਕਈ ਤਰ੍ਹਾਂ ਦੇ ਬਹਾਨੇ ਬਣਾ ਰਹੇ ਹਨ,ਇਸ ਜਿਸ ਕਾਰਨ ਕੇਡਰ ਵਿੱਚ ਰੋਸ ਹੈ ਇਸੇ ਰੋਸ ਕਾਰਨ ਸਮੂਹ ਕੰਟਰੈਕਟ ਮਲਟੀਪਰਪਜ ਹੈਲਥ ਵਰਕਰਾਂ (ਫੀਮੇਲ ) ਨੇ ਅੱਜ ਪੰਜਾਬ ਦੇ ਸਾਰੇ ਸਿਵਲ ਸਰਜਨਾਂ ਨੂੰ ਆਪਣੇ ਮੰਗ ਪੱਤਰ ਅਤੇ ਨੋਟਿਸ ਦਿੱਤੇ ਅਤੇ ਅੱਜ ਤੋਂ ਸਾਰੇ ਆਨਲਾਈਨ ਕੰਮ ਅਤੇ ਐਡੀਸ਼ਨਲ ਸੈਂਟਰਾਂ ਦੇ ਕੰਮ ਦਾ ਬਾਈਕਾਟ ਕਰਨ ਦਾ ਐਲਾਨ ਕੀਤਾ ਯੂਨੀਅਨ ਵੱਲੋਂ ਕਿਹਾ ਗਿਆ ਕੇ ਉਹ ਸਿਰਫ ਆਪਣੇ ਸੈਂਟਰ ਦਾ ਹੀ ਕੰਮ ਕਰਨਗੀਆਂ ਵਾਧੂ ਦਿੱਤੇ ਸੈਂਟਰਾਂ ਦਾ ਕੰਮ ਨਹੀਂ ਕਰਨਗੀਆ ਜੇਕਰ ਸਾਡੀ ਮੰਗਾ ਦਾ ਹੱਲ 10 ਅਗਸਤ ਤੱਕ ਨਾ ਹੋਇਆ ਕੰਟਰੈਕਟ ਹੈਲਥ ਵਰਕਰਾਂ 11 ਅਗਸਤ ਨੂੰ ਡਾਇਰੈਕਟਰ ਦਫਤਰ ਚੰਡੀਗੜ੍ਹ ਰੋਸ ਰੈਲੀ ਕਰਨ ਉਪਰੰਤ ਪੱਕੇ ਤੋਰ ਤੇ ਧਰਨਾ ਸੂਰੂ ਕਰਨਗੀਆਂ ਅਤੇ ਆਉਣ ਵਾਲੀਆਂ ਜ਼ਿਮਨੀ ਚੋਣਾਂ ਵਿੱਚ ਪੰਜਾਬ ਸਰਕਾਰ ਦਾ ਵਿਰੋਧ ਵੀ ਕਰਨਗੀਆਂ। ਇਸ ਮੌਕੇ ਮਲਟੀਪਰਪਜ ਹੈਲਥ ਇੰਪਲਾਈਜ ਮੇਲ ਫੀਮੇਲ ਯੂਨੀਅਨ ਪੰਜਾਬ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਮੰਗਵਾਲ ਨੇ ਸਿਹਤ ਮੰਤਰੀ ਅਤੇ ਸਿਹਤ ਸਕੱਤਰ, ਡਾਇਰੈਕਟਰ ਸਹਿਬਾਨ ਤੋ ਮੰਗ ਕੀਤੀ ਕਿ ਉਹ ਪੋਣੇ ਦੋ ਦਹਾਕਿਆ ਸਿਹਤ ਵਿਭਾਗ ਵਿੱਚ ਕੰਟਰੈਕਟ ਤੋ ਕੰਮ ਕਰਦੀਆ ਫੀਮੇਲ ਵਰਕਰਾਂ ਨੂੰ ਮਾਨਯੋਗ ਹਾਈਕੋਰਟ ਦੇ ਫੈਸਲਿਆ ਮੁਤਾਬਕ ਵਿੱਤੀ ਲਾਭ ਜਲਦੀ ਦੇਣ ਕਿਉਕਿ ਇਨਾ ਤੋ ਪਹਿਲਾ ਤਿੰਨ ਚਾਰ ਪਟੀਸਨਰਾ ਨੂੰ ਇਹ ਲਾਭ ਦਿੱਤਾ ਜਾ ਚੁਕਾ ਹੈ ਉਨਾ ਨੇ ਕੰਟਰੇਕਟ ਫੀਮੇਲ ਵਰਕਰਾ ਨੂੰ ਭਰੋਸਾ ਦਿੱਤਾ ਕਿ ਅਸੀ ਤੁਹਾਡੀ ਮੰਗ ਪਹਿਲ ਦੇ ਅਧਾਰ ਤੇ ਪੂਰੀ ਕਰਵਾਉਣ ਵਿੱਚ ਪਹਿਲਾ ਦੀ ਤਰਾ ਸਹਿਯੋਗ ਦਿੰਦੇ ਰਹਾਗੇ । ਇਸ ਸਮੇਂ ਜਥੇਬੰਦੀ ਆਗੂ ਮੋਨਿਕਾ ਸਰਮਾ, ਜਸਵੀਰ ਕੌਰ, ਸਮੇਤ ਹੋਰ ਕਈ ਆਗੂ ਹਾਜਰ ਸਨ ।

## ਪੰਚਾਇਤ ਮੰਤਰੀ ਨੇ ਬ੍ਰਹਮਕੁਮਾਰੀ ਸੇਵਾ ਕੇਂਦਰ ਵਿੱਚ ਮਨਾਇਆ ਰੱਖੜੀ ਦਾ ਤਿਉਹਾਰ

ਚੰਡੀਗੜ੍ਹ, 10 ਅਗਸਤ। ਹਰਿਆਣਾ ਦੇ ਵਿਕਾਸ ਅਤੇ ਪੰਚਾਇਤ ਮੰਤਰੀ ਸ੍ਰੀ ਕ੍ਰਿਸ਼ਣ ਲਾਲ ਪੰਵਾਰ ਨੇ ਪਾਣੀਪਤ ਜਿਲ੍ਹੇ ਦੇ ਥਿਰਾਨਾ ਪਿੰਡ ਵਿੱਚ ਸਥਿਤ ਬ੍ਰਹਮਕੁਮਾਰੀ ਸੇਵਾ ਕੇਂਦਰ ਵਿੱਚ ਰੱਖੜੀ ਦਾ ਤਿਊਹਾਰ ਮਨਾਇਆ। ਇਸ ਦੌਰਾਨ ਉਨ੍ਹਾਂ ਨੇ ਬ੍ਰਹਮਕੁਮਾਰੀ ਭੈਣਾਂ ਤੋਂ ਆਪੇ ਗੁੱਟ 'ਤੇ ਰੱਖੜੀ ਬੰਨ੍ਹਵਾਈ ਅਤੇ ਸੂਬਾਵਾਸੀਆਂ ਨੂੰ ਰੱਖੜੀ ਤਿਊਹਾਰ ਦੀ ਵਧਾਈ ਵੀ ਦਿੱਤੀ। ਸ੍ਰੀ ਕ੍ਰਿਸ਼ਣ ਲਾਲ ਪੰਵਾਰ ਨੈ ਕਿਹਾ ਕਿ ਇਹ ਤਿਊਹਾਰ ਭਰਾ-ਭੈਣ ਦੇ ਪਿਆਰ ਦਾ ਪ੍ਰਤੀਕ ਹੀ ਨਹੀਂ ਸੋਗ ਆਤਮਾ ਦੀ ਸੁਰੱਖਿਆ ਦਾ ਵੀ ਉਤਸਵ ਹੈ। ਇਹ ਤਿਊਹਾਰ ਸਿਰਫ ਰਿਸ਼ਤਾ ਨਾਲ ਹੀ ਨਹੀਂ ਸੋਗ ਆਤਮਾ ਨਾਲ ਵੀ ਜੁੜਿਆ ਹੋਇਆ ਹੁੰਦਾ ਹੈ। ਪੰਵਾਰ ਨੇ ਕਿਹਾ ਕਿ ਇਹ ਬ੍ਰਹਮਕੁਮਾਰੀ ਆਸ਼ਰਮ ਵਿੱਚ ਲਗਾਤਾਰ ਤਿੰਨ ਦਿਹਾਕਿਆਂ ਤੋਂ ਇਸ ਤਿਉਹਾਰ 'ਤੇ ਆ ਰਹੇ ਹਨ। ਇਸੀ ਲੜੀ ਵਿੱਚ ਅੱਜ ਗੁਜਰੇ ਸਾਲਾਂ ਦੀ ਤਰ੍ਹਾ 32ਵੇਂ ਸਾਲ ਵੀ ਬ੍ਰਹਮਕੁਮਾਰੀ ਆਸ਼ਰਮ ਵਿੱਚ ਭੈਣਾਂ ਤੋਂ ਰੱਖੜੀ ਬੰਨ੍ਹਵਾਉਣ ਆਇਆ ਹਾਂ। ਸ੍ਰੀ ਕ੍ਰਿਸ਼ਣ ਲਾਲ ਪੰਵਾਰ ਨੇ ਕਿਹਾ ਕਿ ਪ੍ਰਜਾਪਿਤਾ ਬ੍ਰਹਮਕੁਮਾਰੀ ਸੰਸਥਾਨ ਅੱਜ ਨਾ ਸਿਰਫ ਭਾਰਤ ਦੇ ਕੌਨੇ-ਕੌਨੇ ਵਿੱਚ, ਸਗੋ ਵਿਸ਼ਵ ਦੇ 120 ਤੋਂ ਵੱਧ ਦੇਸ਼ਾਂ ਵਿੱਚ ਮਨੁੱਖਤਾ ਦੀ ਭਲਾਈ ਕਰ ਅਲੱਖ ਜਗਾ ਰਹੇ ਹਨ। ਇਸ ਸੰਸਥਾਨ ਵਿੱਚ ਸਮੇਂ-ਸਮੇਂ 'ਤੇ ਆਉਣਾ ਮੇਰੇ ਲਈ ਇੱਕ ਰਿਵਾਇਤ ਹੀ ਨਹੀ ਸੋਗ ਇੱਕ ਅਧਿਆਤਮਕ ਜਿਮੇਵਾਰੀ ਬਣ ਚੁੱਕਾ ਹੈ। ਉਨ੍ਹਾਂ ਨੇ ਕਿਹਾ ਕਿ ਜਦੋਂ ਇਹ ਬ੍ਰਹਮਕੁਮਾਰੀ ਭੈਣਾਂ ਮੈਨੂੰ ਰੱਖੜੀ ਬੰਨ੍ਹਦੀਆਂ ਹਨ, ਤਾਂ ਇਹ ਧਾਗਾ ਮੈਨੂੰ ਨਵੀਂ ਦਿਵਅ ਊਰਜਾ ਅਤੇ ਪ੍ਰਮਾਤਮਾ ਦਾ ਆਸ਼ੀਰਵਾਦ ਵੀ ਦਿੰਦਾ ਹੈ।

# ਪੰਜਾਬ ਭਰ ਵਿਚ ਹੋ ਗਈ ਨਾਕਾਬੰਦੀ, ਵੱਡੀ ਗਿਣਤੀ ਪੁਲਸ ਤਾਇਨਾਤ

**ਕੌਮੀ ਪਤ੍ਰਿਕਾ**

ਫਿਰੋਜ਼ਪੁਰ 10 ਅਗਸਤ। ਪੰਜਾਬ ਭਰ ਵਿਚ ਪੁਲਸ ਵੱਲੋਂ ਵਿਸ਼ੇਸ਼ ਨਾਕਾਬੰਦੀ ਕਰਕੇ ਸਖ਼ਤੀ ਨਾਲ ਚੈਕਿੰਗ ਕੀਤੀ ਗਈ ਹੈ। ਇਸ ਦੇ ਤਹਿਤ ਡੀ. ਆਈ. ਜੀ. ਫਿਰੋਜ਼ਪੁਰ ਰੇਂਜ ਹਰਮਨਬੀਰ ਸਿੰਘ ਗਿੱਲ ਦੇ ਦਿਸ਼ਾ-ਨਿਰਦੇਸ਼ਾਂ 'ਤੇ ਜ਼ਿਲ੍ਹਾ ਫਿਰੋਜ਼ਪੁਰ 'ਚ ਪੁਲਸ ਵੱਲੋਂ ਸ਼ਾਮ 6 ਵਜੇ ਤੋਂ ਲੈ ਕੇ ਰਾਤ ਭਰ ਵਿਸ਼ੇਸ਼ ਨਾਕਾਬੰਦੀ ਅਤੇ ਚੈਕਿੰਗ ਮੁਹਿੰਮ ਸ਼ੁਰੂ ਕੀਤੀ ਗਈ ਹੈ। ਇਸ ਤਹਿਤ ਪੁਲਸ ਵੱਲੋਂ ਵੱਖ-ਵੱਖ ਥਾਵਾਂ 'ਤੇ ਨਾਕਾਬੰਦੀ ਕਰਕੇ ਆਉਣ-ਜਾਣ ਵਾਲੇ ਸ਼ੱਕੀ ਵਾਹਨਾਂ ਅਤੇ ਵਿਅਕਤੀਆਂ ਦੀ ਚੈਕਿੰਗ ਕੀਤੀ ਜਾ ਰਹੀ ਹੈ । ਫਿਰੋਜ਼ਪੁਰ 'ਚ ਪੁਲਸ ਵੱਲੋਂ ਭਾਰਤ ਬਾਰਡਰ ਦੇ ਨਾਲ ਲੱਗਦੇ ਸਰਹਦੀ ਖੇਤਰਾਂ 'ਚ ਵੀ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਉਂਦੇ ਹੋਏ ਬੀ. ਐੱਸ. ਐੱਫ. ਦੇ ਨਾਲ ਮਿਲ ਕੇ ਵੀ ਨਾਕਾਬੰਦੀ ਕੀਤੀ ਜਾ ਰਹੀ ਹੈ ਤੇ ਸਮਾਜ ਵਿਰੋਧੀ ਅਨਸਰਾਂ ਦੀਆਂ ਗਤੀਵਿਧੀਆਂ 'ਤੇ ਸਖਤ ਨਜ਼ਰ ਰੱਖੀ ਜਾ ਰਹੀ ਹੈ । ਇਸ ਮੁਹਿੰਮ ਤਹਿਤ ਸ਼ਹੀਦ ਊਧਮ ਸਿੰਘ ਚੌਕ ਫਿਰੋਜ਼ਪੁਰ ਸ਼ਹਿਰ ਵਿਖੇ ਅੱਜ ਡੀ. ਐੱਸ. ਪੀ. ਸੁਖਵਿੰਦਰ ਸਿੰਘ ਅਤੇ ਐੱਸ. ਐੱਚ. ਓ. ਥਾਣਾ ਸਿਟੀ ਇੰਸਪੈਕਟਰ ਜਤਿੰਦਰ ਸਿੰਘ ਦੀ ਅਗਵਾਈ ਹੇਠ ਨਾਕਾਬੰਦੀ ਕਰ ਕੇ ਸ਼ੱਕੀ ਵਾਹਨਾਂ ਤੇ ਵਿਅਕਤੀਆਂ ਦੀ ਚੈਕਿੰਗ ਕੀਤੀ ਗਈ ਅਤੇ ਬਿਨਾਂ ਕਾਗਜ਼ਾਂ ਦੇ ਚੱਲ ਰਹੇ ਵਾਹਨਾਂ ਨੂੰ ਥਾਣਿਆਂ 'ਚ ਬੰਦ ਕੀਤਾ ਗਿਆ । ਇਸ ਮੌਕੇ ਡੀ. ਐੱਸ. ਪੀ. ਸੁਖਵਿੰਦਰ ਸਿੰਘ ਨੇ ਦੱਸਿਆ ਕਿ ਡੀ. ਆਈ. ਜੀ. ਫਿਰੋਜ਼ਪੁਰ ਰੇਂਜ ਅਤੇ ਐੱਸ. ਐੱਸ. ਪੀ. ਫਿਰੋਜ਼ਪੁਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਰੋਜ਼ਾਨਾ ਸ਼ਾਮ 6 ਵਜੇ ਤੋਂ ਸ਼ੁਰੂ ਕੀਤੀ ਗਈ ਇਹ ਵਿਸ਼ੇਸ਼ ਨਾਕਾਬੰਦੀ ਅਤੇ ਚੈਕਿੰਗ ਲਗਾਤਾਰ ਜਾਰੀ ਰਹੇਗੀ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਕਾਨੂੰਨ ਵਿਵਸਥਾ ਨੂੰ ਬਰਕਰਾਰ ਰੱਖਣ ਲਈ ਲੋਕ ਪੁਲਸ ਨੂੰ ਆਪਣਾ ਸਹਿਯੋਗ ਦੇਣ ਅਤੇ ਜੇਕਰ ਲੋਕਾਂ ਨੂੰ ਕਿਸੇ ਵੀ ਥਾਂ 'ਤੇ ਕੋਈ ਸਮਾਜ ਵਿਰੋਧੀ ਅਨਸਰ ਜਾਂ ਨਸ਼ਾ ਸਮੱਗਲਰ ਨਸ਼ਾ ਵੇਚਦੇ ਹੋਏ ਦਿਖਾਈ ਦਿੰਦਾ ਹੈ ਤਾਂ ਉਸ ਦੀ ਸੂਚਨਾ ਤੁਰੰਤ ਪੁਲਸ ਨੂੰ ਦੇਣ। ਜ਼ਿਲਾ ਪੁਲਸ ਮੁਖੀ ਆਦਿੱਤਯ ਦੇ ਦਿਸ਼ਾ ਨਿਰਦੇਸ਼ਾਂ 'ਤੇ ਥਾਣਾ ਸਦਰ ਪੁਲਸ ਗੁਰਦਾਸਪੁਰ ਵੱਲੋਂ ਬਟਾਲਾ ਪੁਲਸ ਦੇ ਨਾਲ ਮਿਲ ਕੇ ਪਠਾਨਕੋਟ-ਅੰਮ੍ਰਿ?ਤਸਰ ਨੈਸ਼ਨਲ ਹਾਈਵੇ 'ਤੇ ਪੈਂਦੇ ਹਾਈਟੈਕ ਬੱਬਰੀ ਪੁਲਸ ਨਾਕੇ 'ਤੇ ਨਾਕਾਬੰਦੀ ਕਰਕੇ ਵੱਡੀ ਪੱਧਰ 'ਤੇ ਚੈਕਿੰਗ ਅਭਿਆਨ ਚਲਾਇਆ। ਜਿਸ ਵਿਚ ਵੱਡੀ ਗਿਣਤੀ ਵਿਚ ਬਾਹਰੀ ਰਾਜਾਂ ਤੋਂ ਆਉਣ ਵਾਲੇ ਵਾਹਨਾਂ ਸਮੇਤ ਹੋਰ ਵਾਹਨਾਂ ਦੀ ਬਾਰੀਕੀ ਦੇ ਨਾਲ ਜਾਂਚ ਕੀਤੀ ਗਈ। ਮਹਿਲ ਕਲਾਂ ਵਿਖੇ ਪੁਲਸ ਵੱਲੋਂ ਇਕ ਵੱਡੀ ਨਾਕਾਬੰਦੀ ਕੀਤੀ ਗਈ। ਇਹ ਕਾਰਵਾਈ ਐੱਸ.ਐੱਸ.ਪੀ. ਬਰਨਾਲਾ ਮੁਹੰਮਦ ਸਰਫਰਾਜ ਆਲਮ ਦੇ ਨਿਰਦੇਸ਼ਾਂ ਅਤੇ ਡਿਊਟੀ ਐੱਸ. ਪੀ. ਮਹਿਲ ਕਲਾਂ ਜਤਿੰਦਰਪਾਲ ਸਿੰਘ ਦੀ ਰਹਿਨੁਮਾਈ ਹੇਠ ਥਾਣਾ ਮੁਖੀ ਸੇਰਵਿੰਦਰ ਸਿੰਘ ਔਲਖ ਦੀ ਅਗਵਾਈ 'ਚ ਕੀਤੀ ਗਈ। ਬਰਨਾਲਾ ਪੁਲਸ ਵੱਲੋਂ ਜ਼ਿਲੇ 'ਚ ਕਾਨੂੰਨ ਵਿਵਸਥਾ ਨੂੰ ਕਾਇਮ ਰੱਖਣ ਅਤੇ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵਿਆਪਕ ਸਪੈਸ਼ਲ ਚੈਕਿੰਗ ਮੁਹਿੰਮ ਚਲਾਈ ਗਈ। ਇਹ



ਮੁਹਿੰਮ ਐੱਸ. ਐੱਸ. ਪੀ. ਬਰਨਾਲਾ ਮੁਹੰਮਦ ਸਰਫਰਾਜ਼ ਆਲਮ ਅਤੇ ਹੋਰ ਸੀਨੀਅਰ ਅਧਿਕਾਰੀਆਂ ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ। ਇਸ ਦੌਰਾਨ ਜ਼ਿਲੇ ਦੇ ਵੱਖ-ਵੱਖ ਮਹੱਤਵਪੂਰਨ ਪੁਆਇੰਟਾਂ 'ਤੇ ਨਾਕਾਬੰਦੀ ਕਰ ਕੇ ਸ਼ੱਕੀ ਵਿਅਕਤੀਆਂ ਅਤੇ ਵਾਹਨਾਂ ਦੀ ਸਖਤ ਜਾਂਚ ਕੀਤੀ ਗਈ। ਇਸ ਵਿਸ਼ੇਸ਼ ਮੁਹਿੰਮ ਦਾ ਮੁੱਖ ਮਕਸਦ ਜ਼ਿਲੇ 'ਚ ਸ਼ਾਂਤੀ ਅਤੇ ਸੁਰੱਖਿਆ ਬਣਾਈ ਰੱਖਣਾ ਹੈ। ਇਸ ਮੁਹਿੰਮ ਦੌਰਾਨ ਪੁਲਸ ਟੀਮਾਂ ਨੇ ਵਾਹਨਾਂ ਦੀ ਡੂੰਘਾਈ ਨਾਲ ਜਾਂਚ ਕੀਤੀ, ਜਿਸ 'ਚ ਦਸਤਾਵੇਜ਼ਾਂ ਦੀ ਪੜਤਾਲ ਅਤੇ ਸ਼ੱਕੀ ਵਸਤੂਆਂ ਦੀ ਤਲਾਸ਼ੀ ਸ਼ਾਮਲ ਸੀ। ਇਸ ਕਾਰਵਾਈ ਦਾ ਉਦੇਸ਼ ਕਿਸੇ ਵੀ ਤਰ੍ਹਾਂ ਦੀ ਗੈਰ-ਕਾਨੂੰਨੀ ਗਤੀਵਿਧੀ ਨੂੰ ਰੋਕਣਾ ਹੈ। ਰੂਪਨਗਰ ਜ਼ਿਲਾ ਪੁਲਸ ਵਲੋਂ ਜ਼ਿਲੇ ਭਰ 'ਚ ਨਾਕਾਬੰਦੀ ਕੀਤੀ ਗਈ ਅਤੇ ਆਉਣ ਜਾਣ ਵਾਲੇ ਸ਼ੱਕੀ ਵਾਹਨਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਗਈ। ਇਸ ਸਬੰਧ 'ਚ ਜ਼ਿਲਾ ਪੁਲਸ ਮੁਖੀ ਗੁਲਨੀਤ ਸਿੰਘ ਖੁਰਾਣਾ ਨੇ ਦੱਸਿਆ ਕਿ ਆਗਾਮੀ ਸੁਤੰਤਰਤਾ ਦਿਵਸ ਦੇ ਮੱਦੇਨਜ਼ਰ ਰੂਪਨਗਰ ਪੁਲਸ ਨੇ ਸਮਾਜ ਵਿਰੋਧੀ ਅਨਸਰਾਂ ਦੀ ਜਾਂਚ ਕਰਨ ਅਤੇ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜ਼ਿਲੇ ਭਰ ਵਿਚ ਵਿਸ਼ੇਸ਼ ਨਾਕਾਬੰਦੀ ਕਰ ਕੇ ਚੈਕਿੰਗ ਕੀਤੀ ਗਈ। ਉਨ੍ਹਾਂ ਕਿਹਾ ਮਾੜੇ ਅਨਸਰਾਂ ਤੇ ਸ਼ਿਕੰਜਾ ਕੱਸਣ ਅਤੇ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜ਼ਿਲਾ ਪੁਲਸ ਵੱਲੋਂ ਸਮੂਹ ਸਬ-ਡਵੀਜ਼ਨਾਂ ਵਿਚ ਦਿਨ-ਰਾਤ ਸਮੇਂ ਸਪੈਸ਼ਲ ਨਾਕਾਬੰਦੀ ਕਰ ਕੇ ਚੈਕਿੰਗ ਕੀਤੀ ਗਈ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਨਿੱਜੀ ਤੌਰ 'ਤੇ ਕਈ ਨਾਕਿਆਂ ਦਾ ਨਿਰੀਖਣ ਕੀਤਾ ਗਿਆ ਅਤੇ ਤਾਇਨਾਤ ਪੁਲਸ ਟੀਮਾਂ ਨੂੰ ਸਖਤ ਚੌਕਸੀ ਅਤੇ ਸੁਚਾਰੂ ਢੰਗ ਨਾਲ ਕਾਰਵਾਈ ਯਕੀਨੀ ਬਣਾਉਣ ਲਈ ਜ਼ਰੂਰੀ ਨਿਰਦੇਸ਼ ਜਾਰੀ ਕੀਤੇ ਗਏ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814
Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਮੁੜ ਚਰਚਾ 'ਚ ਪੰਜਾਬ ਦਾ ਇਹ ਸਿਵਲ ਹਸਪਤਾਲ ! ਮਹਿਲਾ ਡਾਕਟਰ ਨਾਲ ਹੱਥੋਪਾਈ, ਇਨ੍ਹਾਂ ਅਧਿਕਾਰੀਆਂ 'ਤੇ ਡਿੱਗੀ ਗਾਜ

ਕੌਮੀ ਪਤ੍ਰਿਕਾ

ਜਲੰਧਰ 10 ਅਗਸਤ। ਸਿਵਲ ਹਸਪਤਾਲ ਦੇ ਐਮਰਜੈਂਸੀ ਵਾਰਡ ਵਿਚ ਸ਼ੁੱਕਰਵਾਰ ਦੇਰ ਰਾਤ ਲਗਭਗ 11.30 ਵਜੇ ਉਦੋਂ ਭਾਰੀ ਹੰਗਾਮਾ ਵੇਖਣ ਨੂੰ ਮਿਲਿਆ, ਜਦੋਂ ਆਨ-ਡਿਊਟੀ ਹਸਪਤਾਲ ਵਿਚ ਤਾਇਨਾਤ ਮਹਿਲਾ ਐਮਰਜੈਂਸੀ ਮੈਡੀਕਲ ਆਫਿਸਰ ਨੂੰ ਇਕ ਵਿਅਕਤੀ ਨੇ ਧੱਕਾ ਮਾਰ ਦਿੱਤਾ। ਵਿਵਾਦ ਕਰਦੇ ਹੋਏ ਉਕਤ ਵਿਅਕਤੀ ਵਾਰਡ ਵਿਚ ਹੰਗਾਮਾ ਕਰਦਾ ਰਿਹਾ। ਇਸ ਦੌਰਾਨ ਪੁਲਸ ਗਾਰਦ ਦੇ ਜਵਾਨ ਅਤੇ ਹਸਪਤਾਲ ਵਿਚ ਤਾਇਨਾਤ ਪੈਸਕੋ ਕੰਪਨੀ ਦੇ ਸੁਰੱਖਿਆ ਕਰਮਚਾਰੀਆਂ ਨੇ ਸਥਿਤੀ ਨੂੰ ਕੰਟਰੋਲ ਕੀਤਾ ਅਤੇ ਮੌਕੇ 'ਤੇ ਥਾਣਾ ਨੰਬਰ 4 ਦੀ ਪੁਲਸ ਵੀ ਪਹੁੰਚੀ। ਮਹਿਲਾ ਡਾਕਟਰ 'ਤੇ ਹਮਲਾ ਕਰਨ ਤੋਂ ਬਾਅਦ ਹਸਪਤਾਲ ਵਿਚ ਡਾਕਟਰਾਂ ਦੀ ਪੰਜਾਬ ਸਿਵਲ ਮੈਡੀਕਲ ਸਰਵਿਸਿਜ਼ ਐਸੋਸੀਏਸ਼ਨ ਨੇ ਕੁਝ ਸਮੇਂ ਲਈ ਓ. ਪੀ. ਡੀ. ਛੱਡ ਕੇ ਮੈਡੀਕਲ ਸੁਪਰਿੰਟੈਂਡੈਂਟ ਦੇ ਦਫ਼ਤਰ ਦੇ ਬਾਹਰ ਧਰਨਾ ਦਿੱਤਾ। ਇਸ ਦੌਰਾਨ ਹਸਪਤਾਲ ਵਿਚ ਆਉਣ ਵਾਲੇ ਮਰੀਜ਼ਾਂ ਨੂੰ ਵੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਧਰਨੇ ਵਿਚ ਸ਼ਾਮਲ ਡਾਕਟਰਾਂ ਦਾ ਕਹਿਣਾ ਸੀ ਕਿ



ਸਰਕਾਰੀ ਮਹਿਲਾ ਡਾਕਟਰ 'ਤੇ ਹਮਲਾ ਨਹੀਂ ਹੋਣਾ ਚਾਹੀਦਾ ਸੀ। ਇਸ ਗੱਲ ਦੀ ਉਹ ਨਿੰਦਾ ਕਰਦੇ ਹਨ ਅਤੇ ਮੁਲਜ਼ਮ ਧਿਰ ਖ਼?ਲਾਫ਼ ਪੁਲਸ ਐੱਫ਼. ਆਈ. ਆਰ. ਦਰਜ ਕਰੇ। ਘਟਨਾ ਤੋਂ ਬਾਅਦ ਹਸਪਤਾਲ ਵਿਚ ਡੀ. ਸੀ. ਪੀ. ਨਰੇਸ਼ ਡੋਗਰਾ ਪਹੁੰਚੇ ਅਤੇ ਭਰੋਸਾ ਦੇ ਕੇ ਡਾਕਟਰਾਂ ਨੂੰ ਸ਼ਾਂਤ ਕੀਤਾ। ਦੂਜੇ ਪਾਸੇ ਦੱਸਿਆ ਜਾ ਰਿਹਾ ਹੈ ਕਿ ਮਹਿਲਾ ਡਾਕਟਰ 'ਤੇ ਹਮਲਾ ਕਰਨ ਦੀ ਵੀਡੀਓ ਐਮਰਜੈਂਸੀ ਵਾਰਡ ਵਿਚ ਲੱਗੇ ਸੀ. ਟੀ .ਵੀ. ਕੈਮਰਿਆਂ ਵਿਚ ਕੈਦ ਹੋ ਗਈ ਹੈ ਅਤੇ ਫੁਟੇਜ ਪੁਲਸ ਨੂੰ ਸੌਂਪ ਦਿੱਤੀ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਇਕ ਔਰਤ ਲਗਭਗ 60 ਫ਼ੀਸਦੀ ਝੁਲਸੀ ਹਾਲਤ ਵਿਚ ਸੀ ਅਤੇ ਉਸ ਦੇ ਪਰਿਵਾਰਕ ਮੈਂਬਰ ਉਸ ਨੂੰ ਇਲਾਜ ਲਈ ਹਸਪਤਾਲ ਲਿਆਏ ਸਨ। ਮਹਿਲਾ ਡਾਕਟਰ ਨੇ ਮਰੀਜ਼ ਦੀ ਹਾਲਤ ਗੰਭੀਰ ਹੋਣ ਕਾਰਨ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਲਿਜਾਣ ਨੂੰ ਕਿਹਾ। ਇਸ ਗੱਲ ਨੂੰ ਲੈ ਕੇ ਪਰਿਵਾਰਕ ਮੈਂਬਰ ਭੜਕ ਗਏ ਅਤੇ ਮਾਮਲਾ ਵਿਗੜ ਗਿਆ। ਥਾਣਾ ਨੰਬਰ 4 ਦੇ ਐੱਸ. ਐੱਚ. ਓ. ਦਾ ਕਹਿਣਾ ਹੈ ਕਿ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ। ਬੀਤੀ ਦੇਰ ਰਾਤ ਵਾਪਰੀ ਇਸ ਘਟਨਾ ਤੋਂ ਬਾਅਦ ਡਾਕਟਰਾਂ ਨੇ ਡੀ. ਸੀ. ਪੀ. ਨਰੇਸ਼ ਡੋਗਰਾ ਨੂੰ ਸ਼ਿਕਾਇਤ ਕੀਤੀ ਕਿ ਹਸਪਤਾਲ ਵਿਚੋਂ ਪੁਲਸ ਦੇ ਜਵਾਨਾਂ ਨੂੰ ਬਦਲਿਆ ਜਾਵੇ ਕਿਉਂਕਿ ਬੀਤੇ ਦਿਨੀਂ ਵੀ ਪੁਲਸ ਨੇ ਮਾਮਲੇ ਨੂੰ ਗੰਭੀਰਤਾ ਨਾਲ ਨਹੀਂ ਲਿਆ, ਜਿਸ ਕਾਰਨ ਮਰੀਜ਼ ਦੇ ਪਰਿਵਾਰਕ ਮੈਂਬਰਾਂ ਨੇ ਮਹਿਲਾ ਡਾਕਟਰ 'ਤੇ ਹਮਲਾ ਕੀਤਾ ਅਤੇ ਬਹੁਤ ਜ਼ਿਆਦਾ ਹੰਗਾਮਾ ਹੋਇਆ। ਡੀ. ਸੀ. ਪੀ. ਨੇ ਤੁਰੰਤ ਐਕਸ਼ਨ ਲੈਂਦਿਆਂ ਹਸਪਤਾਲ ਦੀ ਪੁਲਸ ਗਾਰਦ ਵਿਚ ਤਾਇਨਾਤ 3 ਮੁਲਾਜ਼ਮਾਂ ਨੂੰ ਬਦਲ ਕੇ ਦੂਜੀ ਥਾਂ 'ਤੇ ਉਨ੍ਹਾਂ ਦੀ ਡਿਊਟੀ ਲਾ ਦਿੱਤੀ। ਹੁਣ ਹਸਪਤਾਲ ਵਿਚ ਏ. ਐੱਸ. ਆਈ. ਅਮੀਰ ਚੰਦਰ ਦੇ ਨਾਲ ਐੱਚ. ਸੀ. ਸੁਰਿੰਦਰ ਸਿੰਘ ਅਤੇ ਸੀਨੀਅਰ ਕਾਂਸਟੇਬਲ ਕਿਰਨ ਕੁਮਾਰ ਨੂੰ ਤਾਇਨਾਤ ਕੀਤਾ ਗਿਆ ਹੈ। ਏ. ਐੱਸ. ਆਈ. ਅਮੀਰ ਚੰਦਰ ਨੇ ਕਿਹਾ ਕਿ ਹਸਪਤਾਲ ਵਿਚ ਕਿਸੇ ਤਰ੍ਹਾਂ ਦੀ ਗੁੰਡਾਗਰਦੀ ਸਹਿਣ ਨਹੀਂ ਕੀਤੀ ਜਾਵੇਗੀ। ਅਜਿਹੇ ਲੋਕਾਂ ਖ਼?ਲਾਫ਼ ਪੁਲਸ ਸਖ਼ਤ ਕਾਰਵਾਈ ਕਰੇਗੀ।

## ਬਿਆਨੇ ਦੇ ਪੈਸੇ ਨਾ ਮੋੜਨ 'ਤੇ ਮਾਮਲਾ ਦਰਜ

ਬਠਿੰਡਾ 10 ਅਗਸਤ। ਰਜਿਸਟਰੀ ਨਾ ਹੋਣ 'ਤੇ ਬਿਆਨਾ ਵਾਪਸ ਨਾ ਕਰਨ ਵਾਲੇ 2 ਮੁਲਜ਼ਮਾਂ ਖ਼?ਲਾਫ਼ ਸਿਵਲ ਲਾਈਨ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਰਾਮ ਸਰੂਪ ਵਾਸੀ ਬਠਿੰਡਾ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਉਸ ਨੇ ਆਪਣੇ ਹੋਰ 3 ਹਿੱਸੇਦਾਰਾਂ ਨਾਲ ਮਿਲਕੇ ਮੁਲਜ਼ਮ ਰਣਜੀਤ ਸਿੰਘ ਵਾਸੀ ਕੋਟਲੀ ਅਬਲੂ ਨਾਲ 8 ਏਕੜ ਜ਼ਮੀਨ ਖਰੀਦਣ ਦਾ ਸੌਦਾ ਕੀਤਾ ਸੀ। ਉਨ੍ਹਾਂ ਮੁਲਜ਼ਮ ਨੂੰ ਬਿਆਨੇ ਵਜੋਂ 56.72 ਲੱਖ ਰੁਪਏ ਦਿੱਤੇ ਸਨ, ਜਿਸ ਦਾ ਗਵਾਹ ਰਾਜ ਸਿੰਘ ਵਾਸੀ ਅਬਲੂ ਕੋਟਲੀ ਸੀ। ਬਾਅਦ ਵਿੱਚ ਉਕਤ ਜ਼ਮੀਨ 'ਤੇ ਸਟੇਅ ਹੋਣ ਕਾਰਨ ਜ਼ਮੀਨ ਦੀ ਰਜਿਸਟਰੀ ਨਹੀ ਹੋ ਸਕੀ। ਜ਼ਮੀਨ ਦੇ ਮਾਲਕ ਰਣਜੀਤ ਸਿੰਘ ਨੇ ਦੂਜੇ ਹਿੱਸੇਦਾਰਾਂ ਨੂੰ ਬਿਆਨਾ ਵਾਪਸ ਕਰ ਦਿੱਤਾ ਪਰ ਉਸਦੇ ਹਿੱਸੇ ਦੇ 14.18 ਲੱਖ ਰੁਪਏ ਵਾਪਸ ਨਹੀਂ ਕੀਤੇ। ਉਸ ਨੇ ਦੱਸਿਆ ਕਿ ਰਣਜੀਤ ਸਿੰਘ ਅਤੇ ਰਾਜ ਸਿੰਘ ਨੇ ਮਿਲ ਕੇ ਉਸ ਨਾਲ ਧੋਖਾ ਕੀਤਾ ਹੈ।

# 10 ਗ੍ਰਾਮ ਹੈਰੋਇਨ ਤੇ 100 ਨਸ਼ੀਲੀਆਂ ਗੋਲੀਆਂ ਸਮੇਤ 2 ਗ੍ਰਿਫ਼ਤਾਰ

ਗੁਰੂਹਰਸਹਾਏ 10 ਅਗਸਤ। ਸਮਾਜ ਵਿਰੋਧੀ ਅਨਸਰਾਂ ਖ਼?ਲਾਫ਼ ਚਲਾਈ ਮੁਹਿੰਮ ਤਹਿਤ ਥਾਣਾ ਗੁਰੂਹਰਸਹਾਏ ਅਤੇ ਥਾਣਾ ਲੱਖੋਕੇ ਬਹਿਰਾਮ ਦੀ ਪੁਲਸ ਨੇ 2 ਵਿਅਕਤੀਆਂ ਨੂੰ 10 ਗ੍ਰਾਮ ਹੈਰੋਇਨ ਅਤੇ 100 ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਖ਼?ਲਾਫ਼ ਕੇਸ ਦਰਜ ਕੀਤੇ ਹਨ। ਜਾਣਕਾਰੀ ਦਿੰਦਿਆਂ ਥਾਣਾ ਗੁਰੂਹਰਸਹਾਏ ਦੇ ਇੰਸਪੈਕਟਰ ਜਸਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਪਾਰਟੀ ਨਾਲ ਗਸ਼ਤ ਅਤੇ ਚੈਕਿੰਗ ਦੌਰਾਨ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਅਕਾਸ਼ਦੀਪ ਸਿੰਘ ਉਰਫ਼ ਰਿੰਕੂ ਪੁੱਤਰ ਮੱਲ ਸਿੰਘ ਵਾਸੀ ਛਾਂਗਾ ਰਾਏ ਉਤਾੜ ਬਾਹਰੋਂ ਨਸ਼ੀਲੀਆਂ ਗੋਲੀਆਂ ਲਿਆ ਕੇ ਗੁਰੂਹਰਸਹਾਏ ਅਤੇ ਨੇੜਲੇ ਇਲਾਕਿਆਂ ਵਿੱਚ ਵੇਚਣ ਦਾ ਧੰਦਾ ਕਰਦਾ ਹੈ। ਉਹ ਦਾਣਾ ਮੰਡੀ ਗੁਰੂਹਰਸਹਾਏ ਵਿੱਚ ਨਸ਼ੀਲੀਆਂ ਗੋਲੀਆਂ ਵੇਚਣ ਲਈ ਗਾਹਕਾਂ ਦੀ ਉਡੀਕ ਕਰ ਰਿਹਾ ਹੈ। ਇਸ 'ਤੇ ਪੁਲਸ ਨੇ ਤੁਰੰਤ ਉੱਥੇ ਛਾਪੇਮਾਰੀ ਕਰਦੇ ਦੋਸ਼ੀ ਅਕਾਸ਼ਦੀਪ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਉਸ ਕੋਲੋਂ 100 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ ਹਨ। ਦੂਜੇ ਪਾਸੇ ਥਾਣਾ ਲੱਖੋਕੇ ਬਹਿਰਾਮ ਦੇ ਏ. ਐੱਸ. ਆਈ. ਦਰਸ਼ਨ ਸਿੰਘ ਨੇ ਦੱਸਿਆ ਕਿ ਨੂੰ ਪੁਲਸ ਪਾਰਟੀ ਨਾਲ ਗਸ਼ਤ ਅਤੇ ਚੈਕਿੰਗ ਕਰਦਿਆਂ ਉਨ੍ਹਾ ਸੂਚਨਾ ਮਿਲੀ ਸੀ ਕਿ ਸਾਜਨ ਪੁੱਤਰ ਬੀਰਾ ਵਾਸੀ ਕਿਲੀ ਹੈਰੋਇਨ ਵੇਚਦਾ ਹੈ, ਜੋ ਪਿੰਡ ਬੁੱਟਰ ਦੇ ਏਰੀਆ ਵਿੱਚ ਸੂਏ ਦੇ ਪੁੱਲ ਕੋਲ ਹੈਰੋਇਨ ਵੇਚਣ ਲਈ ਗਾਹਕਾਂ ਦੀ ਉਡੀਕ ਕਰ ਰਿਹਾ ਹੈ। ਇਸ 'ਤੇ ਪੁਲਸ ਨੇ ਤੁਰੰਤ ਛਾਪੇਮਾਰੀ ਕਰਦੇ ਦੋਸ਼ੀ ਸਾਜਨ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਉਸ ਦੇ ਕਬਜ਼ੇ 'ਚੋਂ 10 ਗ੍ਰਾਮ ਹੈਰੋਇਨ ਬਰਾਮਦ ਕੀਤੀ। ਪੁਲਸ ਵੱਲੋਂ ਨਾਮਜ਼ਦ ਦੋਸ਼ੀਆਂ ਖ਼?ਲਾਫ਼ ਮਾਮਲੇ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।


**NAME CHANGE**
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR -2211-005020356. The actual name of mine is INDU CHAUHAN which may be amended accordingly

**PUBLIC NOTICE**
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.


**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.


**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
ਉਹ ਔਰਤ ਧੰਨੀਆ ਦੇ ਬੱਚੇ ਹੋਰ ਮੰਗਤਿਆਂ ਨੂੰ ਕਿਰਾਏ ਉਤੇ ਦੇਣ ਲੱਗ ਪਈ ਸੀ। ਧੰਨੀਆ ਨੇ ਪੱਥਰ ਕੁੱਟਣੇ ਛੱਡ ਦਿੱਤੇ। ਨਾ ਪੂਰੀ ਦਿਹਾੜੀ ਲਾ ਸਕਦੀ ਸੀ, ਨਾ ਪੂਰੇ ਪੈਸੇ ਮਿਲਦੇ ਸਨ। ਹੁਣ ਉਸ ਤੋਂ ਸਾਰਾ ਦਿਨ ਹਥੌੜੀ ਨਹੀਂ ਸੀ ਵੱਜਦੀ। ਵਿਹਾਰ ਜਿਹਾ ਸ਼ੁਰੂ ਹੋ ਗਿਆ ਸੀ ਦੋਹਾਂ ਔਰਤਾਂ ਵਿਚ। ਕਿਹੋ ਜਿਹਾ ਸਮਝੌਤਾ ਸੀ ਤੇ ਕੇਹੀ ਸਾਂਝੇਦਾਰੀ! ਬੱਚਿਆਂ ਦੇ ਜਿਸਮਾਂ ਦਾ ਵਪਾਰ। ਧੰਨੀਆਂ ਦਾ ਪੈਰ ਜਦੋਂ ਵੀ ਭਾਰੀ ਹੁੰਦਾ ਹੈ, ਮਹਾਂਵੀਰ ਅਤੇ ਧੰਨੀਆ ਦੇ ਚਿਹਰੇ ਖਿੜ ਜਾਂਦੇ ਹਨ। ਹਸੂੰ-ਹਸੂੰ ਕਰਦੇ ਚਿਹਰੇ, ਘਰ ਵਿਚ ਇਕ ਹੋਰ ਨਵੇਂ ਜੀਅ ਦੀ ਆਮਦ ਦੇ ਵਾਧੇ ਦੀ ਖੁਸ਼ੀ ਹੁੰਦੀ ਹੈ। ਧੰਨੀਆ ਹੁਣ ਨਾ ਸ਼ਰਾਬ ਤੋਂ ਰੋਸ ਕਰਦੀ ਹੈ, ਨਾ ਮਾਰਾਂ ਤੋਂ ਆਪਣੇ ਆਪ ਨੂੰ ਬਚਾਉਂਦੀ ਹੈ। ਉਚੀ-ਲੰਮੀ, ਭਰਵੀਂ ਧੰਨੀਆ ਤਾਂ ਮਹਾਂਵੀਰ ਜਿਹੇ ਦੋ ਬੰਦਿਆਂ ਨੂੰ ਮੁੱਠੀਆਂ ਵਿਚ ਨਪੀੜ ਲਏ। ਉਸ ਅੱਧੇ-ਅਧੂਰੇ ਇਕ ਟੰਗ ਵਾਲੇ ਮਹਾਂਵੀਰ ਦੀ ਪਤਲੀ ਗਰਦਨ ਇਕੋ ਮਰੋੜੀ ਨਾਲ ਪਰ੍ਹਾਂ ਵਗਾਹ ਮਾਰੇ, ਪਰ ਉਹ ਥੋੜ੍ਹੀ ਦੇਰ ਬਾਅਦ ਹੀ ਮਹਾਂਵੀਰ ਕੋਲ ਲੰਮੀ ਪੈ ਜਾਂਦੀ ਹੈ। ਉਸ ਨੂੰ ਪਤਾ ਹੈ, ਫ਼ਿਰ ਉਹ ਉਸ ਨੂੰ ਅੰਤਾਂ ਦਾ ਪਿਆਰ ਕਰਦਾ ਹੈ ਅਤੇ ਉਸ ਦਾ ਪੈਰ ਭਾਰੀ ਹੋ ਜਾਂਦਾ ਹੈ। ਭਰੀ ਭਰਾਈ ਧੰਨੀਆ ਦੀ ਚਾਲ ਵਿਚ ਮਟਕ ਆ ਜਾਂਦੀ ਹੈ। ਕਦਮਾਂ ਹੇਠਲੀ ਧਰਤੀ ਨੂੰ ਕਾਂਬਾ ਛਿੜ ਜਾਂਦਾ ਹੈ। ਧੰਨੀਆ ਹਰ ਸਾਲ ਬੱਚਾ ਪੈਦਾ ਕਰਨ ਲੱਗ ਪਈ ਹੈ। ਇਹੀ ਸੀ ਉਸ ਦਾ ਧੰਦਾ। ਇਸ ਧੰਦੇ ਤੋਂ ਰੋਟੀ ਚਲਦੀ ਸੀ, ਮਹਾਂਵੀਰ ਦੀ ਸ਼ਰਾਬ, ਜੂਆ। ਤੇ ਧੰਨੀਆ ਜਿਵੇਂ ਬੱਚੇ ਪੈਦਾ ਕਰਨ ਵਾਲੀ ਮਸ਼ੀਨ ਬਣ ਗਈ ਹੋਵੇ। ਇਹੀ ਉਨ੍ਹਾਂ ਦੀ ਰੋਜ਼ੀ ਸੀ, ਇਹੀ ਕਮਾਈ, ਇਹੋ ਕੰਮ, ਇਹੋ ਵਿਹਾਰ।

ਕੀ ਦਿੰਦੀ ਸੀ ਉਹ ਔਰਤ ਬੱਚਿਆਂ ਨੂੰ? ਰਾਤ ਨੂੰ ਅੱਧ-ਬੇਹੋਸ਼ ਜਿਹੇ ਬੱਚੇ ਘਰ ਪਰਤਦੇ। ਬਾਂਹਵਾਂ ਲੱਤਾਂ ਉਤੇ ਰਿਸਦੇ ਜ਼ਖ਼ਮਾਂ ਦੀ ਉਨ੍ਹਾਂ ਨੂੰ ਨਾ ਪਰਵਾਹ ਹੁੰਦੀ, ਨਾ ਪੀੜ। ਅੱਧ ਨੰਗੇ, ਅੱਧ ਕੱਜੇ ਬੱਚੇ ਝੁੱਗੀ ਵਿਚ ਸਿਰਫ਼ ਰਾਤ ਕੱਟਦੇ। ਸੁੱਤੇ-ਸੁੱਤੇ ਨੰਗੇ ਢਿੱਡਾਂ ਉਤੇ ਹੱਥ ਮਾਰਦੇ, "ਭਗਵਾਨ ਕੇ ਨਾਮ ਕੋਈ ਪੈਸਾ... ਹਮਾਰਾ ਮਾਂ-ਬਾਪ ਮਰ ਗਯਾ...।" ਧੰਨੀਆ ਦੇ ਜਿਗਰ ਨੂੰ ਚੀਸਾਂ ਪੈਂਦੀਆਂ ਤਾਂ ਸਨ, ਪਰ ਰੋਜ਼ੀ-ਰੋਟੀ ਦਾ ਵੀ ਬੜਾ ਵੱਡਾ ਸਵਾਲ ਸੀ; ਢਿੱਡ ਦੀ ਭੁੱਖ ਦਾ, ਅੱਧੇ ਆਦਮੀ ਦੀਆਂ ਲੋੜਾਂ ਦਾ। ਧੰਨੀਆ ਨੂੰ ਮੋਹ ਵੀ ਤਾਂ ਨਹੀਂ ਸੀ ਉਪਜਦਾ, ਆਪਣੀ ਕੁੱਖ ਦੇ ਜਾਇਆਂ ਨਾਲ। ਪੈਸੇ ਖਾਤਰ ਹੀ ਉਸ ਬੱਚੇ ਜੰਮਾਏ। ਉਹ ਉਨ੍ਹਾਂ ਦੇ ਚਿਹਰੇ ਸਿਰਫ਼ ਰਾਤ ਦੇ ਹਨੇਰੇ ਵਿਚ ਹੀ ਦੇਖਦੀ ਜਿਵੇਂ ਕੋਈ ਮਹਿਮਾਨ ਸਿਰਫ਼ ਰਾਤ ਕੱਟਣ ਆਉਂਦੇ ਹੋਣ। ਝੁੱਗੀਆਂ ਦੇ ਹੋਰ ਬੱਚੇ ਬੇਫਿਕਰ ਖੇਡਦੇ, ਨੱਚਦੇ-ਕੁੱਦਦੇ ਵੇਖ ਉਹਦੀਆਂ ਆਂਦਰਾਂ ਵਿਚ ਕੜਵੱਲ ਵੀ ਪੈਂਦੇ, ਪਰ ਉਹ ਆਪੇ ਹੀ ਮੂੰਹ ਫੇਰ ਅਹਿਸਾਸ ਦਾ ਗਲਾ ਘੁੱਟ ਲੈਂਦੀ ਸੀ।

ਜਿਹੜੇ ਬੱਚੇ ਥੋੜ੍ਹੇ ਵੱਡੇ ਹੋ ਗਏ ਸਨ, ਉਸ ਔਰਤ ਨੇ ਹਸਪਤਾਲਾਂ, ਮੰਦਰਾਂ, ਚੁਰਾਹਿਆਂ ਉਤੇ ਉਨ੍ਹਾਂ ਨੂੰ ਥਾਂਵਾਂ ਮੱਲ ਦਿੱਤੀਆਂ ਸਨ। ਉਹ ਠੋਕਰਾਂ ਖਾਂਦੇ, ਨਸ਼ੀਲੀਆਂ ਗੋਲੀਆਂ ਫੱਕਦੇ, ਮੰਗਦੇ-ਮੰਗਦੇ, ਖੌਰੇ ਕਿਥੇ-ਕਿਥੇ ਧੱਕੇ ਖਾਂਦੇ ਚਲੇ ਗਏ। ਕਦੇ ਰਾਤ ਨੂੰ ਵੀ ਘਰ ਨਹੀਂ ਪਰਤਦੇ। ਉਨ੍ਹਾਂ ਦੇ ਚੇਤਿਆਂ ਤੋਂ ਮਾਂ-ਪਿਉ, ਝੁੱਗੀ, ਬਸਤੀ, ਕੱਖਾਂ-ਕਾਨਿਆਂ ਦੀਆਂ ਛੱਤਾਂ ਸਭ ਵਿਸਰ ਗਈਆਂ ਹਨ। ਉਨ੍ਹਾਂ ਦੇ ਆਪਣੇ ਹੀ ਅੱਡੇ ਬਣ ਗਏ ਹਨ। ਉਨ੍ਹਾਂ ਨੂੰ ਆਪਣੇ ਹੀ ਸਾਥੀ ਮਿਲ ਗਏ ਹਨ।



ਹੁਣ ਧੰਨੀਆ ਕੋਲ ਸਿਰਫ਼ ਦੋ ਹੀ ਬੱਚੇ ਰਹਿ ਗਏ ਹਨ। ਜਿੰਨੇ ਪੈਸੇ ਉਹ ਔਰਤ ਇਨ੍ਹਾਂ ਬੱਚਿਆਂ ਨੂੰ ਦਿੰਦੀ ਹੈ, ਉਸ ਨਾਲ ਤਾਂ ਉਨ੍ਹਾਂ ਦੇ ਪੇਟ ਦੀ ਭੱਠੀ ਨਹੀਂ ਝੁਲਸਦੀ। ਮਹਾਂਵੀਰ ਤਾਂ ਬੀੜੀਆਂ ਫੂਕਦਾ, ਸ਼ਰਾਬਾਂ ਪੀਂਦਾ ਸਾਹਸਤ-ਹੀਣ ਹੋ ਗਿਆ ਹੈ। ਕਦੇ ਉਹ ਰੋਂਦਾ ਹੈ, ਬੱਚਿਆਂ ਨੂੰ ਆਵਾਜ਼ਾਂ ਮਾਰਦਾ ਹੈ ਜਿਨ੍ਹਾਂ ਦੇ ਨਾਂ ਵੀ ਉਸ ਨੂੰ ਭੁੱਲ ਗਏ ਹਨ। ਧੰਨੀਆ ਵੀ ਸੋਚਦੀ ਹੈ, ਜੇ ਉਸ ਦੇ ਸਾਰੇ ਬੱਚੇ ਘਰ ਹੋਣ ਤਾਂ ਝੁੱਗੀ ਵਿਚ ਬੈਠ ਵੀ ਨਾ ਸਕਣ। ਉਸ ਨੂੰ ਆਪਣੀ ਹੀ ਕੁੱਖ ਦੇ ਜਾਇਆਂ ਦੀ ਗਿਣਤੀ ਭੁੱਲ ਜਾਂਦੀ ਹੈ। ਪੋਟਿਆਂ ਉਤੇ ਗਿਣਤੀ ਨੂੰ ਕਦੇ ਇਕ ਬੱਚਾ ਭੁੱਲ ਜਾਂਦਾ ਹੈ, ਕਦੇ ਦੂਜਾ। ਤੇ ਉਹ ਦੋਹਾਂ ਕੁੜੀਆਂ ਦੇ ਅੱਗੜ-ਪਿੱਛੜ ਹੋਏ ਮੁੰਡਿਆਂ ਨੂੰ ਪੋਟਿਆਂ ਉਤੇ ਗਿਣਦੀ ਹੈ, ਮੁੰਡੇ ਜਿਨ੍ਹਾਂ ਦੀਆਂ ਨੁਹਾਰਾਂ ਵੀ ਹੁਣ ਉਸ ਨੂੰ ਯਾਦ ਨਹੀਂ।

ਧੰਨੀਆ ਦਾ ਸਭ ਤੋਂ ਛੋਟਾ ਮੁੰਡਾ ਵੀ ਹੁਣ ਤਿੰਨ ਵਰ੍ਹਿਆਂ ਦਾ ਹੋ ਗਿਆ ਹੈ। ਅੱਠਾਂ ਕੁ ਵਰ੍ਹਿਆਂ ਦੀ ਬਾਲੜੀ ਨੂੰ ਕੁਏਰੀ ਪੱਥਰ ਢੋਣ-ਕੁੱਟਣ ਭੇਜ ਦਿੱਤਾ ਹੈ। ਬੱਚੇ ਦੀ ਸਾਰੇ ਦਿਨ ਦੀ ਮਿਹਨਤ ਦੇ ਪੈਸੇ ਤਾਂ ਬਹੁਤ ਘੱਟ ਮਿਲਦੇ ਹਨ, ਤੇ ਤਿੰਨ ਵਰ੍ਹਿਆਂ ਦੇ ਮੰਗਤੇ ਬੱਚੇ ਉਤੇ ਨਾ ਕੋਈ ਤਰਸ ਖਾਂਦਾ ਹੈ, ਨਾ ਉਹ ਖੁਦ ਮੰਗ ਸਕਦਾ ਹੈ। ਉਸ ਦਾ ਰੇਟ ਬਹੁਤ ਘੱਟ ਹੈ।

ਮਹਾਂਵੀਰ ਨੂੰ ਕਿੰਨੀ ਵਾਰੀ ਮਾਰਨ ਲਈ ਉਕਸਾਇਆ ਹੈ। ਸ਼ਰਾਬ ਦੀ ਬੋਤਲ ਤੋੜੀ, ਤਾਸ਼ ਅੱਗ ਵਿਚ ਤੇ ਬੀੜੀ ਦੀ ਡੱਬੀ ਚਿੱਕੜ ਵਿਚ ਸੁੱਟੀ, ਪਰ ਉਹ ਤਾਂ ਸਿਰਫ਼ ਗਾਲ੍ਹਾਂ ਹੀ ਬਕਦਾ, ਉਸ ਦੇ ਜਣਦੇ ਪੁਣਦਾ ਰਿਹਾ ਸੀ। ਨਾ ਮਾਰਨ ਲਈ ਉਲਰਿਆ, ਨਾ ਬਿਸਾਖੀ ਚੁੱਕ ਹੋਈ। ਉਸ ਦੇ ਤਾਂ ਹੱਥ ਵੀ ਕੰਬਦੇ ਹਨ, ਲੱਤ ਲੜਖੜਾਂਦੀ ਹੈ, ਬਿਸਾਖੀ ਡਗਮਗਾਂਦੀ ਹੈ, ਹੱਥਾਂ ਵਿਚ ਮੁੱਕਾ ਕੱਸਣ ਦੀ ਵੀ ਤਾਕਤ ਨਹੀਂ ਰਹੀ। ਜੋ ਹੱਥ ਲੱਗਾ, ਉਸ ਵਗਾਹ ਮਾਰਿਆ। ਧੰਨੀਆ ਦੇ ਮੱਥੇ ਉਤੇ ਫੱਟ ਪੈ ਗਿਆ। ਲਹੂ ਦੀ ਧਤੀਰੀ ਵਗ ਤੁਰੀ। ਹੁਣ ਉਹ ਕੀ ਕਰੇ? ਉਸ ਔਰਤ ਤੋਂ ਕਿੰਨਾ ਡਰ ਹੈ। ਉਹ ਰੋਜ਼ ਬੂਹਾ ਮੱਲ ਕੇ ਆ ਬੈਠਦੀ ਹੈ, "ਕਾਮ ਕਾ ਮੰਦਾ ਪੜ ਗਈ ਰੇ ਧੰਨੀਆ।" ਤੇ ਉਹ ਕਿੰਨੀਆਂ ਹੀ ਧਮਕੀਆਂ ਦੇ ਗਈ ਸੀ।

ਮੱਥੇ ਦੀ ਚੋਟ ਵਿਚੋਂ ਉਠਦੀਆਂ ਚੀਸਾਂ ਉਹ 'ਸੀਅ-ਸੀਅ' ਕਰਦੀ ਦਬਾਂਦੀ, ਚੁੱਪ ਪਈ ਉਸ ਔਰਤ ਦੀ ਸਿਰਫ਼ ਆਵਾਜ਼ ਸੁਣਦੀ ਰਹੀ, "ਧੰਨੀਆ, ਕੇ ਮੋਕਊ ਲਲਨਾ, ਮੰਦਰ ਕਾ ਬੇਲਾ ਬਿਹਾਈ ਜਾਵਤ।"

ਪਹਿਲਾਂ ਤਾਂ ਧੰਨੀਆ ਉਸ ਦੀ ਆਵਾਜ਼ ਨਾਲ ਹੀ ਉਠ ਬੈਠਦੀ ਸੀ। ਸੁੱਤੇ, ਜਾਗਦੇ, ਅੱਧ-ਸੁੱਤੇ, ਅੱਧ-ਜਾਗਦੇ ਰੀਂ-ਰੀਂ ਰੋਂਦੇ ਬੱਚਿਆਂ ਨੂੰ ਉਸ ਔਰਤ ਦੇ ਹੱਥ ਫੜਾ ਦਿੰਦੀ ਸੀ। ਤੇ ਉਹ ਧਰੀਕਦੀ-ਧਰੀਕਦੀ, ਮਾਰਦੀ, ਗਾਲ੍ਹਾਂ ਕੱਢਦੀ ਬੱਚਿਆਂ ਨੂੰ ਲੈ ਕੇ ਜਾਂਦੀ ਸੀ। ਅੱਜ ਧੰਨੀਆ ਦਾ ਜੀਅ ਕੀਤਾ ਕਿ ਉਸ ਔਰਤ ਦਾ ਗਿਰੇਵਾਨ ਪਕੜੇ, ਤੇ ਮਾਰ-ਮਾਰ ਝੁੱਗੀਆਂ ਤੋਂ ਦੂਰ ਨਾਲੇ ਦੇ ਪਾਰ ਧਰੀਕ ਕੇ ਲੈ ਜਾਏ, ਤੇ ਫਿਰ ਕਦੇ ਉਸ ਦਾ ਮੂੰਹ ਨਾ ਵੇਖੇ, ਪਰ ਉਹ ਕੁਝ ਵੀ ਨਹੀਂ ਕਰ ਸਕੀ। ਆਪਣੇ ਤਿੰਨਾਂ ਵਰ੍ਹਿਆਂ ਦੇ ਸੁੱਤੇ ਬੱਚੇ ਨੂੰ ਉਸ ਦੀ ਉਂਗਲੀ ਲਾ ਦਿੱਤਾ। ਰੋਂਦਾ ਬੱਚਾ, ਪੈਰੋਂ ਨੰਗਾ, ਤੇੜੋਂ ਨੰਗਾ।

ਅੱਜ ਧੰਨੀਆ ਦੇ ਜਿਸਮ ਵਿਚ ਅਜੀਬ ਤਰ੍ਹਾਂ ਦੀ ਅੱਚਵੀਂ ਮੱਚੀ ਹੈ। ਰਗ-ਰਗ ਵਿਚ ਸੂਈਆਂ ਦੀ ਚੋਭ ਹੈ। ਸਾਹ ਗਰਮ ਤੇ ਤੇਜ਼ ਹੈ। ਬਦਨ ਟੁੱਟਦਾ ਹੈ। ਹੋਠਾਂ ਉਤੇ ਪੇਪੜੀ ਜਿਹੀ ਜੰਮੀ ਹੈ। ਪਾਸੇ ਮਾਰ-ਮਾਰ ਹੰਭ ਗਈ ਹੈ। ਤਿੰਨਾਂ ਵਰ੍ਹਿਆਂ ਦਾ ਬੱਚਾ ਬੇਸੁਰਤ ਜਿਹਾ ਪਿਆ ਹੈ। ਕੁੜੀ ਥੱਕੀ-ਟੁੱਟੀ ਘੂਕ ਸੁੱਤੀ ਹੈ। ਮਹਾਂਵੀਰ ਨੇ ਆਪਣੀ ਇਕੋ-ਇਕ ਬਾਂਹ ਨੂੰ ਅੱਖਾਂ ਉਤੇ ਰੱਖਿਆ ਹੋਇਆ ਹੈ। ਉਸ ਦੀ ਦੂਜੇ ਬਾਂਹ ਤੇ ਲੱਤ ਦਾ ਟੁੰਡ ਕਦੇ-ਕਦੇ ਫ਼ਰਕਦੇ ਹਨ। ਅੱਧੀ ਰਾਤ ਹੋ ਗਈ ਹੈ। ਧੰਨੀਆ ਨੇ ਝੱਜਰੀ ਵਿਚੋਂ ਪਾਣੀ ਪੀਤਾ, ਤੇ ਗਲਾਸ ਵਿਚ ਕਿੰਨੀ ਦੇਰ ਹੋਂਠ ਡਬੋਈ ਰੱਖੇ। ਫਿਰ ਇਕ ਸੋਚ ਉਸ ਦੀਆਂ ਉਨੀਂਦਰੀਆਂ ਅੱਖਾਂ ਵਿਚ ਠਹਿਰ ਗਈ। ਉਹ ਉਠ ਕੇ ਬੈਠ ਗਈ। ਇੰਨੀ ਸਾਹ-ਸਤਹੀਣ ਤਾਂ ਉਹ ਪੱਥਰ ਢੋਂਦੀ ਵੀ ਨਹੀਂ ਸੀ ਹੋਈ। ਇੰਨੀ ਨਿਢਾਲ ਤਾਂ ਉਹ ਦਸ ਬੱਚੇ ਜੰਮ ਕੇ ਵੀ ਨਹੀਂ ਸੀ ਹੋਈ। ਪਹਿਲੀ ਵਾਰੀ ਅੱਧੀ ਰਾਤ ਨੂੰ ਜਦੋਂ ਧੰਨੀਆ ਨੇ ਆਪਣੀ ਝੌਂਪੜੀ ਦਾ ਤੰਗ ਜਿਹਾ ਬੂਹਾ ਉਕੜੂੰ ਹੋ ਕੇ ਉਲੰਘਿਆ, ਤਾਂ ਉਸ ਦੇ ਸਿਰ ਦੀ ਘਸਰਨ ਨਾਲ ਘਾਹ, ਫੂਸ, ਤੀਲੀਆਂ ਦੀ ਛੱਤ ਵਿਚੋਂ ਵੀ ਕੁਝ ਤਿੜਾਂ ਹੇਠਾਂ ਧਰਤੀ ਉਤੇ ਡਿੱਗੀਆਂ। ਉਹ ਮਲਕੜੇ ਜਿਹੇ ਟੁੱਟੇ-ਭੱਜੇ ਫੱਟਿਆਂ ਦੇ ਦਰ ਨੂੰ ਖੋਲ੍ਹ ਬਾਹਰ ਨਿਕਲ ਗਈ। ਤਖ਼ਤੇ ਕੰਬੇ, ਕੱਚੀਆਂ ਕੰਧਾਂ ਨਾਲੋਂ ਮਿੱਟੀ ਭੁਰੀ, ਧਰਤੀ ਦੀ ਹਿੱਕ ਕੰਬੀ। ਧੰਨੀਆ ਨੇ ਹੇਠਲਾ ਹੋਂਠ ਜ਼ੋਰ ਨਾਲ ਚਿਥਿਆ, ਤੇ ਝੌਂਪੜੀ ਦੇ ਟੀਨ ਨੂੰ ਸਰਕਾ ਕੇ ਅੰਦਰ ਵੜ ਗਈ। ਕੱਲ੍ਹ ਹੀ ਪਾਰਲੀ ਝੌਂਪੜੀ ਵਾਲੀ ਔਰਤ ਆਪਣੇ ਘਰ ਪਿੰਡ ਗਈ ਸੀ।

ਫਿਰ ਇਕ ਕਰਮ ਉਂਜ ਹੀ ਟੁਰ ਪਿਆ ਸੀ। ਦਰ-ਦਰ ਮੰਗਦੀ ਧੰਨੀਆ ਵੀ ਉਸੇ ਔਰਤ ਵਾਂਗ ਜਿਵੇਂ ਭਿਖਾਰਨ ਹੋਵੇ। ਝੁੱਗੀ-ਝੁੱਗੀ ਵਿਚੋਂ ਸੂਹਾਂ ਲੈਂਦੀ, ਮਰਦਾਂ ਪਿਛੇ ਪੈਂਦੀ, ਉਹ ਕੁੱਖ ਭਰਨ ਦੀ ਭੀਖ ਮੰਗਦੀ। ਉਸੇ ਔਰਤ ਦੀ ਤਰ੍ਹਾਂ ਜਿਹੜੀ ਭੁੱਖੇ ਪੇਟ ਲਈ ਝੂਠੇ ਅੱਥਰੂ ਵਗਾਂਦੀ, ਤਰਲੇ ਵਾਸਤੇ ਪਾਂਦੀ ਕਈ ਵਾਰੀ ਆਦਮੀਆਂ ਦੀਆਂ ਬਾਂਹਵਾਂ ਫੜ ਲੈਂਦੀ ਹੈ, ਕੱਪੜੇ ਫੜ ਲੈਂਦੀ ਹੈ, ਵਾਸਤੇ ਪਾਂਦੀ ਦੁਹਾਈ ਦਿੰਦੀ ਹੈ।

ਮਹਾਂਵੀਰ ਨੇ ਵੀ ਨੰਗੇ ਢਿੱਡ ਉਤੇ ਹੱਥ ਫੇਰ ਸਮਝੌਤਾ ਕਰ ਲਿਆ। ਉਹ ਨਾ ਧੰਨੀਆ ਨੂੰ ਮਾਰਦਾ, ਨਾ ਗਾਲ੍ਹਾਂ ਕੱਢਦਾ। ਦੋਹਾਂ ਵਿਚਾਲੇ ਠੰਢੀ ਚੁੱਪ ਪਸਰ ਗਈ। ਦੋਹੇਂ ਇਕ-ਦੂਜੇ ਤੋਂ ਅੱਖਾਂ ਚੁਰਾਂਦੇ। ਧੰਨੀਆ ਜਦੋਂ ਬੂਹੇ ਵਿਚੋਂ ਬਾਹਰ ਨਿਕਲਦੀ, ਮਹਾਂਵੀਰ ਦੀ ਲੱਤ ਤੇ ਬਾਂਹ ਦੇ ਟੁੰਡ ਕੰਬਣ ਲੱਗਦੇ। ਉਸ ਦੇ ਸੀਨੇ ਉਤੇ ਜਿਵੇਂ ਸੱਪ ਲੇਟ ਜਾਂਦਾ ਹੈ, ਤੇ ਅੱਖਾਂ ਮੀਚ ਮਚਲਾ ਬਣ ਜਾਂਦਾ ਹੈ। ਬਹੁਤੀਆਂ ਝੁੱਗੀਆਂ ਵਿਚ ਉਹ ਬੱਚਾ ਮੰਗਦੀ ਜਿਸਮ ਫੈਲਾਂਦੀ ਰਹੀ। ਦਰ-ਦਰ ਭਟਕ ਕੇ ਵੀ ਆਪਣਾ-ਆਪ ਗੁਆ ਕੇ ਵੀ, ਤਨ ਚੂੰਡਿਆ ਕੇ ਵੀ ਕੁਝ ਹੱਥ ਨਾ ਆਇਆ।

ਅੱਜ ਸੁਖੀ ਰਾਮ ਦੀ ਔਰਤ ਰਾਮਕਲੀ ਨੇ ਗੁੱਤੋਂ ਫੜ ਧਰੀਕਿਆ ਹੈ। ਮਾਰ-ਮਾਰ ਉਸ ਦੀਆਂ ਹੱਡੀਆਂ ਕੜਕਾ ਦਿੱਤੀਆਂ ਹਨ। ਕੱਪੜੇ ਲੀਰੋ-ਲੀਰ ਕਰ ਦਿੱਤੇ ਹਨ। ਆਪਣੀ ਸਾਂਝੀ ਕੰਧ ਤੋਂ ਉਸ ਧੰਨੀਆ ਦੀ ਝੁੱਗੀ ਦਾ ਖਪਰੈਲ ਵੀ ਹੇਠਾਂ ਵਗਾਹ ਮਾਰਿਆ ਹੈ। ਆਪਣੇ ਆਦਮੀ ਨੂੰ ਵੀ ਘਸੀਟਦੀ-ਘਸੀਟਦੀ ਬਾਹਰ ਲੈ ਆਈ ਹੈ। ਚੁਤਰਫ਼ੀ ਰੌਲਾ ਮਚਿਆ ਹੈ। ਹਰ ਕੋਈ ਦੂਜੇ ਨੂੰ ਚੋਰ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਮਰਦ ਮੌਜੂ ਕੱਸਦੇ ਹਨ, ਔਰਤਾਂ ਲਾਹਣਤਾਂ ਪਾਂਦੀਆਂ ਹਨ, ਕੁੜੀਆਂ ਦੁਬਕ ਕੇ ਅੰਦਰ ਝੁੱਗੀਆਂ ਵਿਚ ਵੜ ਗਈਆਂ ਹਨ, ਮੁੰਡੇ ਸੁਖੀ ਰਾਮ ਨਾਲ ਮਸ਼ਕਰੀਆਂ ਕਰਦੇ ਹਨ। ਉਹ ਗੋਡਿਆਂ ਪਰਨੇ ਅੱਖਾਂ ਨਿਵਾਈ ਚੁੱਪ ਬੈਠਾ ਹੈ।

ਧੰਨੀਆ ਧਰਤੀ ਦੀ ਹਿੱਕ ਨਾਲ ਜੁੜੀ ਹੈ। ਕਿਸੇ ਉਠਾਇਆ ਨਾ, ਕਿਸੇ ਬਿਠਾਇਆ ਨਾ। ਨਾ ਕਿਸੇ ਹਮਦਰਦੀ ਜਤਾਈ, ਨਾ ਕਿਸੇ ਅਪਣੱਤ ਵਿਖਾਈ। ਧੰਨੀਆ ਨੂੰ ਹਰ ਬੰਦੇ, ਹਰ ਔਰਤ ਦਾ ਪਤਾ ਹੈ ਕੋਈ ਕਿੰਨਾ ਕੁ ਨੰਗਾ ਹੈ। ਕਿੰਨੇ ਕੁ ਕੱਪੜਿਆਂ ਦੀਆਂ ਤਹਿਆਂ ਹੇਠਾਂ ਉਸ ਆਪਣਾ-ਆਪ ਲੁਕਾਇਆ ਹੋਇਆ ਹੈ। ਉਹ ਇਕ-ਇਕ ਨੂੰ ਸ਼ਰ੍ਹੇਆਮ ਪਰਦੇ ਪਾੜ ਨੰਗਾ ਕਰ ਸਕਦੀ ਹੈ, ਪਰ ਉਸ ਇਕੋ ਵਾਰ ਚੁਤਰਫ਼ੀ ਆਪਣੇ ਵੱਲ ਘੂਰਦੀਆਂ ਅੱਖਾਂ ਵੱਲ ਵੇਖਿਆ। ਘੂਰਦੀਆਂ, ਜਿਵੇਂ ਬਿੱਲੀਆਂ ਦੀਆਂ ਹਨੇਰੇ ਵਿਚ ਲਿਸ਼ਕਦੀਆਂ ਅੱਖਾਂ। ਨਜ਼ਰਾਂ, ਜਿਵੇਂ ਦੋ ਧਾਰੀਆਂ ਤਿੱਖੀਆਂ ਕਟਾਰਾਂ ਉਸ ਦੇ ਜਿਸਮ ਦੀ ਬੋਟੀ-ਬੋਟੀ ਕਰਨ ਲੱਗੀਆਂ ਹੋਣ; ਪਰ ਨਹੀਂ ਨਹੀਂ, ਉਸ ਦੇ ਸੁੰਨ ਦਿਮਾਗ ਵਿਚੋਂ ਇਕ ਚਿਣਗ ਨਿਕਲੀ, "ਇਹ ਤਾਂ ਉਲੂਆਂ ਦੀਆਂ ਅੱਖਾਂ ਨੇ। ਅਜੀਬ ਕਿਸਮ ਦੇ ਉੱਲੂ ਨੇ। ਇਨ੍ਹਾਂ ਦੀ ਇਹ ਨਜ਼ਰ ਆਪਣੀਆਂ ਕਰਤੂਤਾਂ ਵਾਰੀ ਪਥਰਾ ਜਾਂਦੀ ਹੈ।"

ਉਹ ਇਕੋ ਝਟਕੇ ਨਾਲ ਉਠੀ। ਅਣਗਿਣਤ ਭੂੰਡਾਂ ਦੀ ਭਿਣਭਿਣਾਹਟ ਉਸ ਦੇ ਕੰਨਾਂ ਵਿਚ ਪਈ ਅਤੇ ਉਹ ਦੂਰ ਖਾਈਆਂ-ਟੋਟਿਆਂ ਵੱਲ ਨਿਕਲ ਗਈ, ਜਿਥੇ ਕਦੇ ਉਚੇ-ਉਚੇ ਟਿੱਲੇ ਸਿਰ ਚੁੱਕ ਆਕਾਸ਼ ਦੀ ਨੀਲੱਤਣ ਮਾਣਦੇ ਸਨ। ਚੰਨ ਤਾਰਿਆਂ ਦੀ ਚਾਨਣੀ ਵਿਚ ਧੁਰ ਤੀਕ ਨਹਾਂਦੇ ਸਨ।

ਹੁਣ ਉਹ ਸਾਰਾ ਦਿਨ ਭਟਕਦੀ ਰਹਿੰਦੀ ਹੈ। ਹਸਪਤਾਲ, ਧਾਰਮਿਕ ਅਸਥਾਨ, ਭੀੜ-ਭੜੱਕੇ, ਜਿਥੇ ਵੀ ਉਹ ਅੱਧ-ਨੰਗਾ, ਅੱਧ-ਕੱਜਿਆ, ਨੀਮ ਬੇਹੋਸ਼ ਬੱਚਾ ਮੰਗਦਾ ਵੇਖਦੀ ਹੈ, ਉਸ ਵੱਲ ਧਾਂਹਦੀ ਹੈ, ਜੱਫ਼ੀ ਵਿਚ ਲੈਣਾ ਚਾਹੁੰਦੀ ਹੈ, ਸੀਨੇ ਨਾਲ ਘੁੱਟਣਾ ਚਾਹੁੰਦੀ ਹੈ। ਉਸ ਨੂੰ ਮਹਿਸੂਸ ਹੁੰਦਾ ਹੈ- ਇਹ ਹਜ਼ਾਰਾਂ ਬੱਚੇ, ਹਜ਼ਾਰਾਂ ਹੀ ਨੰਗੇ-ਭੁੱਖੇ ਢਿੱਡ ਸਾਰੇ ਉਸ ਦੇ ਜਾਏ ਨੇ, ਉਸੇ ਦੀਆਂ ਆਪਣੀਆਂ ਉਂਗਲਾਂ ਦੇ ਨਾਖ਼ੂਨ ਨੇ ਜਿਨ੍ਹਾਂ ਦਾ ਦਰਦ ਅਸਹਿ ਹੈ। ਇਹ ਨਾਖ਼ੂਨ ਉਸ ਦੇ ਸਾਰੇ ਜਿਸਮ ਉਤੇ ਉਗ ਪਏ ਨੇ, ਤੇ ਨਾਖ਼ੂਨਾਂ ਦੇ ਨਾਸੂਰ ਬਣ ਕੇ ਰਿਸਣ ਲੱਗ ਪਏ ਹਨ। ਕਿੰਨੀ ਪਾਗਲ ਜਿਹੀ ਹੋ ਗਈ ਹੈ। ਇਕ ਵੀ ਬੱਚਾ ਆਪਣਾ ਨਹੀਂ ਲਗਦਾ। ਸਾਰੇ ਦੇ ਸਾਰੇ ਹੀ ਆਪਣੇ ਹਨ। ਉਹ ਕੀ ਕਰੇ? ਉਹ ਚੌਕਾਂ ਵਲ ਦੌੜ ਪੈਂਦੀ ਹੈ। ਚੌਕਾਂ ਵਿਚ ਲਾਲ ਬੱਤੀਆਂ ਕਾਰਨ ਖਲੋਤੀਆਂ ਮੋਟਰਾਂ, ਕਾਰਾਂ, ਸਕੂਟਰਾਂ ਵਾਲਿਆਂ ਅੱਗੇ ਬੱਚੇ ਕਰਦੀਆਂ, ਤਰਲੇ-ਵਾਸਤੇ ਪਾਂਦੀਆਂ, ਮੰਗਦੀਆਂ ਔਰਤਾਂ ਦੇ ਕੁੱਛੜ ਛੋਟੇ-ਛੋਟੇ ਬੱਚੇ ਦੇਖ ਉਸ ਦਾ ਸੀਨਾ ਚਰੀਂਦਾ ਹੈ। ਮੰਗਤੀਆਂ ਦੇ ਕੁੱਛੜੋਂ ਬੱਚੇ ਖੋਂਹਦੀ ਹੈ, ਨੱਸਦੀ ਹੈ, ਡਿਗਦੀ ਹੈ, ਮਾਰਾਂ ਖਾਂਦੀ ਹੈ, "ਇਹ ਬੱਚੇ ਮੇਰੇ ਨੇ, ਇਹ ਬੱਚੇ ਮੇਰੇ ਨੇ !" ਥੱਕ-ਟੁੱਟ ਕੇ ਝੁੱਗੀ ਦੀ ਛੱਤ ਹੇਠਾਂ ਲੰਮੀ ਪੈ ਜਾਂਦੀ ਹੈ। ਆਪਣੇ ਝੁਰੜਾਂਦੇ ਪੇਟ ਉਤੇ ਹੱਥ ਫ਼ੇਰਦੀ ਸਿਰਫ਼ ਘਾਹ-ਫੂਸ ਦੀ ਛੱਤ ਨੂੰ ਘੂਰਦੀ ਹੈ। ਡਰਦੀ ਹੈ, ਉਸ ਦੇ ਅੰਦਰਲੀ ਅੱਗ ਨਾਲ ਇਹ ਛੱਤ ਵੀ ਨਾ ਸੜ ਜਾਏ। ਉਹ ਨਹੁੰਆਂ ਨਾਲ ਧਰਤੀ ਖੁਰਚਦੀ ਹੈ। ਝੁੱਗੀ ਅੰਦਰਲੀ ਧਰਤੀ ਨੂੰ ਖੁਰਚ-ਖੁਰਚ ਉਸ ਇਵੇਂ ਬਣਾ ਦਿੱਤਾ ਹੈ, ਜਿਵੇਂ ਕਿਸੇ ਨਰਸਰੀ ਦੀ ਕਿਆਰੀ ਦੀ ਨਵੀਂ ਫੁੱਟੀ ਪੌਦ ਹੁਣੇ ਵਿਕੀ ਹੋਏ ਤੇ ਧਰਤੀ ਟੋਏ-ਟੋਏ, ਮੋਰੀਆਂ-ਮੋਰੀਆਂ, ਸੱਖਣੀ ਖਾਲੀ ਹੋ ਗਈ ਹੋਏ।

## ਗ਼ਜ਼ਲ

ਸ਼ੀਸ਼ੇ ਵਰਗਾ ਲਹਿ ਗਿਆ ਅੰਦਰ
ਨਖ਼ਰੇ ਸ਼ੋਖ ਅਦਾਵਾਂ ਨਾਲ,
ਵੇਖੋ ਹੁਣ ਇਹ ਕਿੰਝ ਨਿਭਾਉਂਦਾ
ਮੇਰੇ ਦਿਲ ਦੇ ਚਾਵਾਂ ਨਾਲ।

ਅੰਤ ਨੂੰ ਆਪਣੀ ਛਾਂ ਦੇ ਹੇਠਾਂ
ਉਹ ਹਫ਼ ਕੇ ਆ ਡਿੱਗਿਆ ਹੈ,
ਚੰਦ ਕੁ ਧੁੱਪਾਂ ਖਾਤਿਰ ਜਿਹੜਾ
ਲੜਦਾ ਰਿਹਾ ਸੀ ਛਾਵਾਂ ਨਾਲ।

ਮੰਜ਼ਲ ਦਾ ਉਹ ਮੋਹ ਨਈਂ ਕਰਦਾ
ਗਾਹੁੰਦਾ ਜੰਗਲ ਬੇਲੇ ਹੀ,
ਰਿਸ਼ਤੇ ਨਾਤੇ ਘੂਰਨ ਉਹਨੂੰ,
ਉਹ ਦੀ ਬਣਦੀ ਰਾਹਵਾਂ ਨਾਲ।

ਜੁੱਗ ਕਈ ਬੀਤੇ ਨੇ , ਹਾਲੇ
ਸਾਡੀ ਮੁਕਤੀ ਹੋਈ ਨਾ,
ਵੰਝਲੀ ਸੁਣਦੇ ਉਮਰਾ ਬੀਤੀ
ਕਾਨ੍ਹਾ ਸਾਡੀ ਗਾਂਵਾਂ ਨਾਲ।

'ਗਿੱਲ' ਤੇਰਾ ਨਾਂ ਵੀ ਦਿੱਲੀ ਦੇ
ਸ਼ਾਇਰਾਂ ਦੇ ਵਿੱਚ ਹੋਣਾ ਸੀ,
ਜੇ ਕਰ ਤੂੰ ਨਾ ਚਲਦਾ ਹੁੰਦਾ
ਕਦੇ ਵੀ ਉਲਟ ਹਵਾਵਾਂ ਨਾਲ।



ਚਰਨਜੀਤ ਸਮਾਲਸਰ
98144-00878

## ਮਿਲੀ ਨਾ ਆਜ਼ਾਦੀ

ਲਾਹੁਣ ਲਈ ਗ਼ੁਲਾਮੀ ਗਲੋਂ ਮਿੱਤਰੋ
ਹੋਣਾ ਪੈਂਦਾ ਕੁਰਬਾਨ ਏ।
ਅੱਜ ਤੱਕ ਮਿਲੀ ਨਾ ਆਜ਼ਾਦੀ ਕਦੇ
ਮਿਲੀ ਨਾ ਵਿੱਚ ਦਾਨ ਏ।

ਗੋਰਿਆਂ ਨੂੰ ਕੱਢਿਆ ਤਾਂ ਆਪਣਿਆਂ
ਕਬਜ਼ਾ ਹੈ ਕਰ ਲਿਆ।
ਲੁੱਟ ਲੁੱਟ ਦੇਸ਼ ਨੂੰ ਲੁਟੇਰੇ ਹਾਕਮਾਂ
ਘਰ ਆਪਣਾ ਹੈ ਭਰ ਲਿਆ।
ਯਾਦ ਕਰ ਮੁੜ ਇਤਿਹਾਸ ਨੂੰ ਫ਼ਿਰ ਤੋਂ
ਬਚਾਉਣੀ ਇਹਦੀ ਸ਼ਾਨ ਏ।
ਲਾਹੁਣ ਲਈ ਗ਼ੁਲਾਮੀ ਗਲੋਂ ਮਿੱਤਰੋ
ਹੋਣਾ ਪੈਂਦਾ..........।

ਸਾਨੂੰ ਮਿਲੀ ਨਾ ਆਜ਼ਾਦੀ ਅਜੇ ਤੱਕ
ਕਾਹਦੇ ਜਸ਼ਨ ਮਨਾ ਲਈਏ।
ਆਜ਼ਾਦੀ ਵਾਲਾ ਝੰਡਾ ਜੇ ਹੈ ਝੁਲਾਉਣਾ
ਚੱਲ ਗਦਰ ਮਚਾ ਲਈਏ।
ਉਹ ਵੀ ਤਾਂ ਗਲੇ ਕਬਰੀਂ ਜਿਨ੍ਹਾਂ ਬਚਾ
ਰੱਖੀ ਸੀ ਜਾਨ ਏ।
ਲਾਹੁਣ ਲਈ ਗ਼ੁਲਾਮੀ ਗਲੋਂ ਮਿੱਤਰੋ
ਹੋਣਾ ਪੈਂਦਾ..........।

ਮਿਲਣ ਹੱਕ ਸਭ ਨੂੰ ਭੀਮ ਰਾਓ ਨੇ
ਐਸਾ ਸੰਵਿਧਾਨ ਲਿਖਿਆ।
ਮਿਟ ਗਿਆ ਪਾੜਾ ਵੱਡਾ ਸੀ ਜੋ
ਮਨੂੰ ਦੇ ਵਿਧਾਨ ਲਿਖਿਆ।
ਅੱਜ ਤੁਰੇ ਕਿਰਤੀ ਧੌਣ ਉੱਚੀ ਕਰ
ਨਾਲੇ ਹਿੱਕ ਤਾਣ ਏ।
ਲਾਹੁਣ ਲਈ ਗ਼ੁਲਾਮੀ ਗਲੋਂ ਮਿੱਤਰੋ
ਹੋਣਾ ਪੈਂਦਾ..........।



ਜਸਵੰਤ ਗਿੱਲ ਸਮਾਲਸਰ
97804-51878

## ਧਰਮ ਦੇ ਬਾਣੇ

ਪਾ ਲਏ ਨਿੱਜੀ ਸਵਾਰਥ ਖਾਤਰ,
ਅਸੀ ਧਰਮ ਦੇ ਬਾਣੇ।
ਬੇਸ਼ਰਮੀ ਦੀ ਹੱਦ ਹੋ ਗਈ,
ਰੱਬ ਬਿਠਾਇਆ ਥਾਣੇ।

ਬੇਅਦਬੀ ਦੇ ਦੋਸ਼ ਲਗਾਉਂਦੇ,
ਰਹੇ ਦੂਜਿਆਂ ਉੱਤੇ।
ਪਰ ਜੋ ਅਸੀ ਬੇਅਦਬੀ ਕੀਤੀ,
ਸਾਡਾ ਅੱਲ੍ਹਾ ਜਾਣੇ।

ਓਟ ਧਰਮ ਦੀ ਲੈਕੇ ਬਣਗੇ,
ਹਾਂ ਪੰਜਾਬ ਦੇ ਵਾਰਿਸ।
ਮੂੰਹ ਮੇ ਰਾਮ ਬਗਲ ਮੇ ਛੁਰੀਆਂ,
ਬਣੇ ਹਾਂ ਬੀਬੇ ਰਾਣੇ।

ਪੂਰੀ ਦੁਨੀਆਂ ਸਿੱਖ ਕੌਮ ਨੂੰ,
ਝੁਕਕੇ ਕਰੇ ਸਲਾਮਾਂ।
ਅੱਜ ਬਦਨਾਮ ਕਰਨ ਲਈ ਬੁਣਦੇ,
ਨਵੇਂ ਹੀ ਤਾਣੇ ਬਾਣੇ।

ਸਿਰ ਦੇਣਾ ਤੇ ਸਿਰ ਹੈ ਲੈਣਾ,
ਕਿਹੜੀ ਦੱਸ ਸਿਆਣਪ।
ਕਦੀ ਦਿਮਾਗ ਵਰਤਕੇ ਆਪਣਾ,
ਲਾਓ ਗੱਲ ਟਿਕਾਣੇ।



ਸੁਖਚੈਨ ਸਿੰਘ ਚੰਦ ਨਵਾਂ
+91 99149 73876

## ਮਰਦਾਨੇ ਨੂੰ ਮਰਦਾਨਣ



ਅਜੇ ਹੋਇਆ ਨਾ ਨਜ਼ਾਰਾ ਤੇਰੇ ਦੀਦ ਦਾ ।
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ ।

ਵੇ ! ਉਹ ਧਨੀਆਂ ਦਾ ਪੁੱਤ, ਪੁੱਟ ਦੇਵੇ ਮੇਰੀ ਗੁੱਤ ।
ਜੇ ਮੈਂ ਆਖਾਂ ਨਾਨਕ ਨੇ ਸਾਨੂੰ ਹੈ ਉਜਾੜਿਆ ।
ਬੇਬੇ ਨਾਨਕੀ ਕੀ ਜਾਣੇ, ਮੈਂ ਤਾਂ ਐਵੇਂ ਉਹਦੇ ਭਾਣੇ,
ਭੁੱਖ ਦੁੱਖ ਦਾ ਉਲਾਂਭਾ ਉਹਦੇ ਸਿਰ ਚਾੜ੍ਹਿਆ ।
ਦਿਲ ਤ੍ਰਿਪਤਾ ਦਾ ਨਹੀਂ ਵੇ ਪਸੀਜਦਾ,
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ ।

ਮਿਲੇ ਆਟਾ ਨਾ ਉਧਾਰ, ਬਾਬੇ ਕਾਲੂ ਦੇ ਦੁਆਰ ।
ਕੀ ਮੈਂ ਦੱਸਾਂ ਉਹ ਹੈ ਆਖਰਾਂ ਦਾ ਸੂਮ ਵੇ ।
ਕੱਢਾਂ ਜਦੋਂ ਮੈਂ ਭੜਾਸ, ਜਾ ਸੁਲੱਖਣੀ ਦੇ ਪਾਸ,
ਕਹਿੰਦੀ ਕਿਧਰੇ ਨੀ ਜਾਂਦਾ ਤੇਰਾ ਡੂੰਮ ਵੇ ।
ਸਾਡਾ ਲਾਰਿਆਂ ਤੇ ਚਿੱਤ ਨਾ ਪਤੀਜਦਾ,
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ ।

ਭੁੱਖੀ ਮਾਤਾ ਅਧਮੋਈ, ਅੰਨ੍ਹੀ ਅੱਖੀਆਂ ਤੋਂ ਹੋਈ,
ਤੇਰੇ ਬਾਪ ਦਿਆਂ ਗੋਡਿਆਂ 'ਚ ਪੀੜ ਵੇ,
ਤੇਰੀ ਚੰਨੇ ਜਿੱਡੀ ਭੈਣ, ਮਤੇ ਬਿੱਜਾਂ ਉਹਨੂੰ ਪੈਣ,
ਅਜੇ ਹੋਇਆ ਨਾ ਜੁਆਨ ਤੇਰਾ ਵੀਰ ਵੇ ।
ਪੈਸਾ ਰੂਪ ਨੂੰ ਹੈ ਅੱਜ ਵੇ ਖਰੀਦਦਾ,
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ ।

ਚੜ੍ਹੇ ਵਿਹੜੇ ਵਿਚ ਚੰਦ, ਲਖਮੀ ਤੇ ਸ਼੍ਰੀ ਚੰਦ,
ਜਦੋਂ ਹੁੰਦੇ ਨੇ ਸੁਲੱਖਣੀ ਦੇ ਕੋਲ ਵੇ ।
ਤੂੰ ਕੀ ਜਾਣੇ ਅਨਜਾਣਾ, ਕੀ ਹੈ ਸੋਚਦਾ ਜ਼ਮਾਨਾ,
ਸੁੰਨੀ ਹੋਵੇ ਬਾਲ ਬਾਝੋਂ ਜਦੋਂ ਝੋਲ ਵੇ ।
ਕਾਸਾ ਭਰਨਾ ਹੈ ਕਦੋਂ ਮੇਰੀ ਰੀਝ ਦਾ,
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ ।

ਡਿੱਗੇ ਬਾਪ ਹਥੋਂ ਸੋਟੀ, ਮੂੰਹ ਚ ਫੁੱਲ ਜਾਵੇ ਰੋਟੀ,
ਜਦੋਂ ਸੁਣੀਂਦਾ ਤੂੰ ਭੁੱਖਾ ਤੇ ਤਿਹਾਇਆ ਵੇ ।
ਮੇਰੇ ਖੁਲ੍ਹ ਗਏ ਵਾਲ, ਜਾਣੀ ਆ ਗਿਆ ਭੁਚਾਲ,
ਜਦੋਂ ਸੁਣਿਆ ਤੂੰ ਕੌਡੇ ਹੱਥ ਆਇਆ ਵੇ ।
ਟੁੱਟ ਜਾਣਾ ਸੀ ਪਿਆਲਾ ਵੇ ਉਮੀਦ ਦਾ,
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ ।

ਵੇਖ ਮੇਰੀ ਕੁਰਬਾਨੀ, ਭਾਵੇਂ ਕਿੰਨੀ ਭੁੱਖੀ ਭਾਣੀ,
ਪਰ ਵਧ ਹੈ ਸੁਲੱਖਣੀ ਤੋਂ ਜੇਰਾ ਵੇ ।
ਇਹ ਹੈ ਵੱਡਿਆਂ ਦਾ ਯੁੱਗ, ਤੇਰੀ ਸਕਣੀ ਨਾ ਪੁੱਗ,
ਨਾਉਂ ਲੈਣਾ ਨਹੀਂ ਸ਼ਤਾਬਦੀ ਚ ਤੇਰਾ ਵੇ ।
ਵੇ ਤੂੰ ਰਹੇਂਗਾ ਮੁਥਾਜ ਹਰ ਚੀਜ਼ ਦਾ,
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ ।

ਸੰਤ ਰਾਮ ਉਦਾਸੀ

## ਜ਼ਿੰਦਾ ਜ਼ਮੀਰ

ਮੁਹੰਮਦ ਅੱਬਾਸ ਧਾਲੀਵਾਲ

9855259650

ਸੁਨੀਤਾ ਤੇ ਸਨੇਹ ਲਤਾ ਦੋਵੇਂ ਪਟਿਆਲਾ ਦੀਆਂ ਰਹਿਣ ਵਾਲੀਆਂ ਸਨ ਅਤੇ ਉਹ ਸ਼ਹਿਰ ਤੋਂ ਕਰੀਬ ਵੀਹ ਕੁ ਕਿਲੋਮੀਟਰ ਦੀ ਦੂਰੀ ਤੇ ਸਥਿਤ ਇੱਕ ਪਿੰਡ ਦੇ ਸਰਕਾਰੀ ਹਾਈ ਸਕੂਲ ਚ ਅਧਿਆਪਕਾਵਾਂ ਸਨ। ਉਨ੍ਹਾਂ ਦਾ ਸਕੂਲ ਪਿੰਡ ਦੇ ਬਸ ਸਟੈਂਡ ਨੇੜੇ ਮੁੱਖ ਮਾਰਗ ਤੇ ਹੀ ਸਥਿਤ ਸੀ। ਨਤੀਜੇ ਵਜੋਂ ਹਰ ਸਰਕਾਰੀ ਤੇ ਪ੍ਰਾਈਵੇਟ ਬਸ ਉੱਥੇ ਰੁਕਦੀ ਸੀ।

ਇਧਰ ਸੁਨੀਤਾ ਤੇ ਸਨੇਹ ਲਤਾ ਨੇ ਜਦੋਂ ਤੋ ਸਕੂਲ ਵਿਖੇ ਜੁਆਇਨ ਕੀਤਾ ਸੀ। ਉਹ ਦੋਵੇਂ ਉਸੇ ਦਿਨ ਤੋਂ ਬਸ ਰਾਹੀਂ ਹੀ ਸਕੂਲ ਆਉਂਦੀਆਂ ਜਾਂਦੀਆਂ ਸਨ। ਉਨ੍ਹਾਂ ਦਾ ਖਿਆਲ ਸੀ ਕਿ ਬਸ ਦਾ ਸਫਰ ਆਪਣੀ ਟੂ ਵੀਲ੍ਹਰ ਬਾਈਕ ਨਾਲੋਂ ਜ਼ਿਆਦਾ ਸੁਰੱਖਿਅਤ ਤੇ ਆਰਾਮਦਾਇਕ ਸੀ। ਉਨ੍ਹਾਂ ਦੇ ਇਸ ਤਰਕ ਚ ਸੱਚਾਈ ਵੀ ਸੀ। ਕਿਉਂਕਿ ਮੀਂਹ ਕਣੀ ਤੇ ਧੁੰਦ ਦੇ ਮੌਸਮ ਵਿੱਚ ਜਿੱਥੇ ਬਸ ਦ ਸੁਰੱਖਿਅਤ ਸੀ ਉੱਥੇ ਹੀ ਵਧਦੀ ਟ੍ਰੈਫਿਕ ਦੇ ਮੱਦੇਨਜ਼ਰ ਵੀ ਬਸ ਦਾ ਸਫਰ ਸੁਰੱਖਿਅਤ ਸੀ।

ਉਧਰ ਇਲੈਕਸ਼ਨ ਦਾ ਨੇੜ ਸੀ ਜਿਸ ਦੇ ਚਲਦਿਆਂ ਕੱਲ੍ਹ ਸਰਕਾਰ ਵੱਲੋਂ ਮਹਿਲਾ ਦਿਵਸ ਮੌਕੇ ਸੂਬੇ ਵਿੱਚ ਔਰਤਾਂ ਨੂੰ ਬਸ ਚ ਮੁਫਤ ਸਫਰ ਦੀ ਸਹੂਲਤ ਦਾ ਐਲਾਨ ਕੀਤਾ ਗਿਆ ਸੀ। ਇਸ ਸਹੂਲਤ ਦੇ ਅਨੁਸਾਰ ਕੋਈ ਵੀ ਸੂਬੇ ਦੀ ਵਸਨੀਕ ਔਰਤ ਸਰਕਾਰੀ ਬਸ ਚ ਆਧਾਰ ਕਾਰਡ ਵਿਖਾ ਕੇ ਹੁਣ ਮੁਫਤ ਸਫਰ ਕਰ ਸਕਦੀ ਸੀ।ਇਸ ਤੋਂ ਬਾਅਦ ਦੂਜੇ ਦਿਨ ਸੁਨੀਤਾ ਤੇ ਸਨੇਹ ਲਤਾ ਸਕੂਲ ਜਾਣ ਲਈ ਰੋਜ਼ਾਨਾ ਦੀ ਤਰ੍ਹਾਂ ਪੀ.ਆਰ.ਟੀ.ਸੀ. ਦੀ ਇੱਕ ਬਸ ਚ ਸਵਾਰ ਹੋਈਆਂ ਤਾਂ ਉਨ੍ਹਾਂ ਵੇਖਿਆ ਬਸ ਵਿਚ ਅੱਜ ਆਮ ਦਿਨਾਂ ਨਾਲੋਂ ਵਧੇਰੇ ਭੀੜ ਸੀ ਤੇ ਸਵਾਰੀਆਂ ਵਿਚ ਮਰਦਾਂ ਦੇ ਮੁਕਾਬਲੇ ਔਰਤਾਂ ਦੀ ਗਿਣਤੀ ਜ਼ਿਆਦਾ ਸੀ। ਕੰਡਕਟਰ ਨੇ ਆਪਣੀ ਰੂਟੀਨ ਚ ਟਿਕਟਾਂ ਕੱਟਣੀਆਂ ਸ਼ੁਰੂ ਕਰ ਦਿੱਤੀਆਂ ਸਨ। ਔਰਤਾਂ ਕੰਡਕਟਰ ਨੂੰ ਆਪਣਾ ਆਧਾਰ ਕਾਰਡ ਵਿਖਾਉਂਦੇ ਹੋਏ ਜ਼ੀਰੋ ਬਿਲ ਵਾਲੀਆਂ ਟਿਕਟਾਂ ਹਾਸਲ ਕਰ ਰਹੀਆਂ ਸਨ। ਔਰਤਾਂ ਦੇ ਚਿਹਰੇ ਤੇ ਇੱਕ ਵੱਖਰੀ ਕਿਸਮ ਦੀ ਮੁਸਕਾਨ ਸੀ ਉਨ੍ਹਾਂ ਦੀ ਇਸ ਖੁਸ਼ੀ ਦਾ ਵੱਡਾ ਕਾਰਨ ਸ਼ਾਇਦ ਬਸ ਚ ਮਿਲ ਰਹੀ ਮੁਫਤ ਸਫਰ ਦੀ ਸਹੂਲਤ ਸੀ ।

ਟਿਕਟਾਂ ਕੱਟਦਿਆਂ ਕੰਡਕਟਰ ਜਦੋਂ ਸੁਨੀਤਾ ਤੇ ਸਨੇਹ ਲਤਾ ਕੋਲ ਆਇਆ ਤਾਂ ਸੁਨੀਤਾ ਨੇ ਝੱਟ ਆਪਣਾ ਆਧਾਰ ਕਾਰਡ ਕੱਢ ਕੰਡਕਟਰ ਦੇ ਮੂਹਰੇ ਕਰ ਜ਼ੀਰੋ ਅਮਾਊਂਟ ਵਾਲਾ ਇੱਕ ਟਿਕਟ ਹਾਸਲ ਕਰ ਆਪਣੇ ਪਰਸ ਦੀ ਜੇਬ ਚ ਸਾਂਭ ਲਿਆ। ਪਰ ਉਹਦੇ ਨਾਲ ਬੈਠੀ ਸਨੇਹ ਲਤਾ ਨੇ ਪੰਜਾਹ ਦਾ ਇੱਕ ਨੋਟ ਪਰਸ ਚੋਂ ਕੱਢ ਕੰਡਕਟਰ ਵੱਲ ਕਰਦਿਆਂ ਜਿਹੜੇ ਪਿੰਡ ਉਹ ਪੜਾਉਂਦੀ ਸੀ ਉਸ ਦੀ ਇੱਕ ਟਿਕਟ ਕਟਾਈ । ਇਧਰ ਸਨੇਹ ਲਤਾ ਨੂੰ ਟਿਕਟ ਲੈਂਦੀ ਵੇਖ ਸੁਨੀਤਾ ਨੇ ਟੋਕਿਆ "ਕਿਉਂ ਤੇਰੇ ਕੋਲ ਆਧਾਰ ਕਾਰਡ ਨਹੀਂ ਹੈ?"

ਸਨੇਹ ਲਤਾ ਸਕੂਨ ਨਾਲ " ਆਧਾਰ ਕਾਰਡ ਤਾਂ ਹੈ ਮੇਰੇ ਕੋਲੇ। "

ਸੁਨੀਤਾ ਹੈਰਾਨੀ ਨਾਲ " ਫੇਰ ਤੈਨੂੰ ਪੈਸੇ ਦੇ ਕੇ ਟਿਕਟ ਕਟਾਉਣ ਦੀ ਕੀ ਲੋੜ ਪਈ ਹੈ।"

ਸਨੇਹ ਲਤਾ ਆਤਮ ਵਿਸ਼ਵਾਸ ਭਰੇ ਅੰਦਾਜ਼ ਚ "ਨਹੀਂ! ਸੁਨੀਤਾ! ਦਰਅਸਲ ਮੈਂ ਆਧਾਰ ਕਾਰਡ ਨੂੰ ਲੋੜ ਪੈਣ ਤੇ ਇਕ ਆਈ ਡੀ ਪਰੂਫ ਵਜੋਂ ਈ ਵਰਤਦੀ ਹਾਂ। "

ਸੁਨੀਤਾ " ਪਰ ਸਰਕਾਰੀ ਬੱਸਾਂ ਵਿਚ ਮੁਫਤ ਸਹੂਲਤ ਤਾਂ ਸਰਕਾਰ ਨੇ ਸਭਨਾਂ ਮਹਿਲਾਵਾਂ ਨੂੰ ਸਮਾਨ ਰੂਪ ਚ ਦਿੱਤੀ ਹੈ ਫਿਰ ਅਸੀਂ ਕਿਉਂ ਨਾ ਫਾਇਦਾ ਉਠਾਈਏ ।"

ਸਨੇਹ ਲਤਾ " ਇਹ ਤਾਂ ਆਪੋ ਅਪਣੀ ਸੋਚ ਏ..ਮੈਂ ਸਮਝਦੀ ਹਾਂ ਕਿ ਜਦੋਂ ਅਸੀਂ ਚੰਗੀਆਂ ਤਨਖਾਹ ਲੈਂਦੇ ਹਾਂ ਤਾਂ ਸਾਡਾ ਹੱਕ ਬਣਦਾ ਹੈ ਕਿ ਜਿਹੜੀਆਂ ਸਹੂਲਤਾਂ ਦਾ ਅਸੀਂ ਆਨੰਦ ਮਾਣਦੇ ਹਾਂ ਉਨ੍ਹਾਂ ਦਾ ਬਣਦੀ ਪੇਮੈਂਟ ਅਦਾ ਕਰੀਏ। ਵੈਸੇ ਵੀ ਮੈਂ ਕਦੀ ਆਪਣੀ ਜ਼ਮੀਰ ਦੀ ਆਵਾਜ਼ ਨੂੰ ਅਣਗੌਲਿਆ ਨਹੀਂ ਕਰਦੀ। ਮੇਰਾ ਜ਼ਮੀਰ ਨਹੀਂ ਮੰਨਦਾ ਮੁਫ਼ਤ ਸਫਰ ਕਰਨ ਨੂੰ... ਮੈਂ ਨਹੀਂ ਕਰਦੀ! "

ਦੋਵਾਂ ਦੀ ਪਿਛਲੀ ਸੀਟ ਤੇ ਬੈਠਾ ਇੱਕ ਅਧੇੜ ਉਮਰ ਆਦਮੀ ਉਕਤ ਤਮਾਮ ਵਾਰਤਾਲਾਪ ਸੁਣ ਰਿਹਾ ਸੀ। ਇਸੇ ਦੌਰਾਨ ਕੰਡਕਟਰ ਨੇ ਉੱਚੀ ਦੇ ਕੇ ਵਿਸਲ ਮਾਰੀ ਤੇ ਬਸ ਸਕੂਲ ਸਾਹਮਣੇ ਰੁੱਕੀ । ਦੋਵੇਂ ਅਧਿਆਪਕਾਵਾਂ ਆਪਣੀ ਚਰਚਾ ਵਿਚਾਲੇ ਹੀ ਛੱਡ ਬਸ ਚੋਂ ਉਤਰ ਗਈਆਂ । ਉਹਨਾਂ ਦੀ ਪਿਛਲੀ ਸੀਟ ਤੇ ਬੈਠਾ ਆਦਮੀ ਸਨੇਹ ਲਤਾ ਜਦੋਂ ਬਸ ਦੀ ਖਿੜਕੀ ਵਿਚੋਂ ਦੀ ਵੇਖ ਰਿਹਾ ਸੀ ਤਾਂ ਉਹਦਾ ਦਿਲ ਜਿਵੇਂ ਸਨੇਹ ਲਤਾ ਦੀ ਜ਼ਮੀਰ ਨੂੰ ਵਾਰ ਵਾਰ ਸਲਾਮ ਪੇਸ਼ ਕਰ ਰਿਹਾ ਸੀ।

## ਤਰਾਸ਼ਿਆ ਪੱਥਰ

ਡਾ. ਮਲਹੋਤਰਾ ਸਵੇਰੇ ਮੰਦਿਰੋਂ ਪਰਤੇ ਤਾਂ ਉਹਨਾਂ ਦੇ ਮਾਤਾ ਜੀ ਦਹਿਲੀਜ਼ 'ਤੇ ਖੜ੍ਹੇ ਸੀ। ਹੱਥ ਵਿਚ ਅਖਬਾਰ, ਦਮਕਦਾ ਚਿਹਰਾ ਤੇ ਪੂਰੇ ਖੁਸ਼। ਉਹਨਾਂ ਮਾਂ ਨੂੰ ਏਨਾ ਖੁਸ਼ ਪਹਿਲਾਂ ਕਦੇ ਨਹੀਂ ਸੀ ਦੇਖਿਆ, ਝਟਪਟ ਕਾਰ ਖੜੀ ਕਰਕੇ ਉਸ ਵੱਲ ਵਧੇ।



ਵੇ ਪੁੱਤ! ਵਧਾਈਆਂ, ਭਗਵਾਨ ਨੇ ਮੇਰੀ ਝੋਲੀ 'ਚ ਬਹੁਤ ਵੱਡੀ ਖੁਸ਼ੀ ਪਾਈ ਐ, ਵੇ ਜਿਉਂਦਾ ਰਹੁ ਬੱਚਿਆ!

"ਕੁਝ ਦੱਸੋਂ ਵੀ, ਕਿਹੜੀ ਖੁਸ਼ੀ ਨੇ ਮੇਰੀ ਮਾਂ ਨੂੰ"

"ਲੈ ਜਿਵੇਂ ਪਤਾ ਈ ਨੀ ਆਪਣੀ ਕਮਲ" ਸਾਹੋ-ਸਾਹ ਹੋਈ ਮਾਂ ਨੇ ਪੁੱਤ ਨੂੰ ਫਿਰ ਜੱਫੀ ਵਿੱਚ ਲੈ ਲਿਆ, ਆਪਣੀ ਕਮਲ ਆਈ.ਏ.ਐਸ. ਵਿਚ ਸੈਕਿੰਡ ਆਈ ਐ' ਪੋਤੀ ਦੀ ਪ੍ਰਾਪਤੀ ਉੱਤੇ ਦਾਦੀ ਲਗਭਗ ਚਣ ਹੀ ਲੱਗ ਪਈ।

ਬੀ ਜੀ! ਤੁਹਾਨੂੰ ਵੀ ਬਹੁਤ ਵਧਾਈਆਂ..ਸਭ ਤੁਹਾਡੀਆਂ ਅਸੀਸਾਂ ਦਾ ਫਲ ਐ? ਡਾਕਟਰ ਤੇ ਮਿਸਿਜ਼ ਮਲਹੋਤਰਾ ਮਾਂ ਦੇ ਪੈਰਾਂ ਉਤੇ ਝੁਕ ਗਏ।

ਮਾਂ ਨੇ ਫਿਰ ਪੁੱਤਰ ਨੂੰ ਜੱਫੀ ਪਾ ਲਈ, ਪੁੱਤਰ ਨੇ ਹੌਲੀ ਜਿਹੀ ਮਾਂ ਦੇ ਕੰਨ ਵਿਚ ਕਿਹਾ, ਜਿਸ ਦਿਨ ਕਮਲ ਜੰਮੀ ਸੀ, ਉਸ ਦਿਨ ਤਾਂ ਬੀ ਜੀ! ਤੁਸੀਂ ਕਿਹਾ ਸੀ ਕਿ ਬਹੂ ਨੇ ਪੱਥਰ ਜੰਮ ਦਿੱਤਾ ਯਾਦ ਐ?

ਪਰ ਮਾਂ ਉਸੇ ਲੋਰ ਵਿਚ ਬੋਲੀ, ਭਗਵਾਨ ਵੀ ਪਹਿਲਾਂ ਪੱਥਰ ਹੀ ਹੁੰਦੈ, ਉਸ ਨੂੰ ਘੜਤਰਾਸ਼ ਕੇ ਪੂਜਣਯੋਗ ਬਣਾ ਲਿਆ ਜਾਂਦੈ।

ਡਾ. ਬਲਦੇਵ ਸਿੰਘ ਖਹਿਰਾ

## ਸੰਪਾਦਕੀ

### ਘੱਟ ਕੁਪੋਸ਼ਣ ਵਾਲੇ ਰਾਜ

ਘੱਟ ਕੁਪੋਸ਼ਣ ਵਾਲੇ ਰਾਜਾਂ ਦੀ ਗੱਲ ਕਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਕੇਰਲ ਵਿੱਚ 35.75%, ਤਾਮਿਲਨਾਡੂ ਵਿੱਚ 14.23, ਪੰਜਾਬ ਵਿੱਚ 17.14, ਹਰਿਆਣਾ ਵਿੱਚ 23.41 ਅਤੇ ਆਂਧਰਾ ਪ੍ਰਦੇਸ਼ ਵਿੱਚ 18.43% ਬੱਚਿਆਂ ਦਾ ਤੈਅ ਮਿਆਰਾਂ ਅਨੁਸਾਰ ਸਰੀਰਕ ਵਿਕਾਸ ਨਹੀਂ ਹੋ ਰਿਹਾ। ਇਨ੍ਹਾਂ ਰਾਜਾਂ ਵਿੱਚ 3 ਤੋਂ 5% ਬੱਚੇ ਦੁਬਲੇ ਪਤਲੇ ਰਹਿ ਜਾਂਦੇ ਹਨ ਅਤੇ 5 ਤੋਂ 10% ਬੱਚਿਆਂ ਦਾ ਉਮਰ ਤੇ ਕੱਦ ਮੁਤਾਬਿਕ ਭਾਰ ਘੱਟ ਹੈ। ਬੱਚਿਆਂ ਦੀ ਸਿਹਤ ਬਾਰੇ ਦੋ ਹੋਰ ਅਹਿਮ ਮੁੱਦਿਆਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਪਹਿਲਾ, ਨਵਜੰਮੇ ਬੱਚਿਆਂ ਵਿੱਚ ਪਹਿਲੇ 29 ਦਿਨਾਂ ਦੇ ਅੰਦਰ ਮੌਤ ਦੀ ਦਰ। ਜਦੋਂ ਇਸ ਸਬੰਧੀ ਅੰਕੜਿਆਂ ’ਤੇ ਨਿਗ੍ਹਾ ਮਾਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਦੇਸ਼ ਪੱਧਰ ’ਤੇ 1000 ਨਵਜੰਮਿਆਂ ਵਿੱਚੋਂ 19 ਬੱਚਿਆਂ ਦੀ ਮੌਤ ਜਨਮ ਹੋਣ ਤੋਂ ਬਾਅਦ 29 ਦਿਨਾਂ ਦੇ ਅੰਦਰ-ਅੰਦਰ ਹੋ ਜਾਂਦੀ ਹੈ। ਇਹ ਦਰ ਗੰਭੀਰ ਕੁਪੋਸ਼ਣ ਵਾਲਿਆਂ ਰਾਜਾਂ ਜਿਵੇਂ ਮੱਧ ਪ੍ਰਦੇਸ਼ ਵਿੱਚ 29, ਉਤਰ ਪ੍ਰਦੇਸ਼ ਤੇ ਛੱਤੀਸਗੜ੍ਹ ਵਿੱਚ 27 ਅਤੇ ਉੜੀਸਾ ਵਿੱਚ 23 ਹੈ। ਘੱਟ ਕੁਪੋਸ਼ਣ ਵਾਲੇ ਰਾਜਾਂ ਜਿਵੇਂ ਕੇਰਲ ਵਿੱਚ 5, ਤਾਮਿਲਨਾਡੂ ਵਿੱਚ 8, ਮਹਾਰਾਸ਼ਟਰ ਵਿੱਚ 11 ਅਤੇ ਪੰਜਾਬ ਵਿੱਚ 12 ਹੈ। ਦੂਜਾ, ਬੱਚਿਆਂ ਦਾ ਜਨਮ ਹੋਣ ਤੋਂ ਬਾਅਦ ਪੰਜ ਸਾਲ ਪੂਰੇ ਹੋਣ ਤੋਂ ਪਹਿਲਾਂ ਹੀ ਮੌਤ ਹੋਣ ਦੀ ਦਰ ਦਾ ਮੁੱਦਾ ਵੀ ਬਹੁਤ ਮਹੱਤਤਾ ਰੱਖਦਾ ਹੈ। ਅੰਕੜੇ ਦੱਸਦੇ ਹਨ ਕਿ ਇਹ ਮੌਤ ਦਰ ਦੇਸ਼ ਪੱਧਰ ’ਤੇ 1000 ਬੱਚਿਆਂ ਪਿੱਛੇ 30 ਹੈ; ਵੱਧ ਕੁਪੋਸ਼ਣ ਦਾ ਸ਼ਿਕਾਰ ਰਾਜਾਂ ਜਿਵੇਂ ਮੱਧ ਪ੍ਰਦੇਸ਼ ਵਿੱਚ 47, ਉਤਰ ਪ੍ਰਦੇਸ਼ ਵਿੱਚ 42, ਛੱਤੀਸਗੜ੍ਹ ਵਿੱਚ 41 ਅਤੇ ਉੜੀਸਾ ਵਿੱਚ 37 ਹੈ। ਇਹ ਘੱਟ ਕੁਪੋਸ਼ਣ ਵਾਲੇ ਰਾਜਾਂ ਜਿਵੇਂ ਕੇਰਲ ਵਿੱਚ 9, ਤਾਮਿਲਨਾਡੂ ਵਿੱਚ 13, ਮਹਾਰਾਸ਼ਟਰ ਵਿੱਚ 16 ਅਤੇ ਪੰਜਾਬ ਵਿੱਚ 19 ਹੈ। ਦੇਸ਼ ਵਿੱਚ ਬੱਚਿਆਂ ਵਿੱਚ ਗੰਭੀਰ ਕੁਪੋਸ਼ਣ ਦੇ ਕਈ ਕਾਰਨ ਹਨ। ਮੁੱਖ ਕਾਰਨ ਆਮ ਗ਼ਰੀਬੀ ਅਤੇ ਵੱਡੇ ਪੱਧਰ ’ਤੇ ਆਰਥਿਕ ਤੇ ਸਮਾਜਿਕ ਨਾ-ਬਰਾਬਰੀ ਹੈ ਜਿਸ ਕਾਰਨ ਆਬਾਦੀ ਦੇ ਵੱਡੇ ਹਿੱਸੇ ਦੀ ਸੰਤੁਲਿਤ ਭੋਜਨ ਤੇ ਖ਼ੁਰਾਕ ਤੱਕ ਪਹੁੰਚ ਨਹੀਂ। ਇਸੇ ਕਰ ਕੇ ਬਹੁਤੇ ਲੋਕ ਬਿਮਾਰੀਆਂ ਵਿੱਚ ਜਕੜੇ ਜਾਂਦੇ ਹਨ। ਸਿਹਤ ਦੀਆਂ ਹੋਰ ਅਲਾਮਤਾਂ ਬਾਰੇ ਥੋੜ੍ਹਾ ਵੀ ਗਿਆਨ ਨਾ ਹੋਣਾ ਸਮੱਸਿਆ ਨੂੰ ਹੋਰ ਵਧਾ ਦਿੰਦਾ ਹੈ। ਆਬਾਦੀ ਦੇ ਵੱਡੇ ਹਿੱਸੇ ਦਾ ਅਨਪੜ੍ਹ ਅਤੇ ਘੱਟ ਪੜ੍ਹਿਆ ਹੋਣਾ ਵੀ ਇਸ ਸਮੱਸਿਆ ਲਈ ਜ਼ਿੰਮੇਵਾਰ ਹਨ। ਉਪਰੋਕਤ ਅਧਿਐਨ ਸਪੱਸ਼ਟ ਦਰਸਾਉਂਦਾ ਹੈ ਕਿ ਸਭ ਕੁਝ ਠੀਕ ਨਹੀਂ। ਕੇਂਦਰ ਸਰਕਾਰ ਨੇ ਭਾਵੇਂ ਰਾਜ ਸਰਕਾਰਾਂ ਦੇ ਸਹਿਯੋਗ ਨਾਲ ਆਂਗਨਵਾੜੀ ਸੈਂਟਰਾਂ ਦੇ ਨਾਲ-ਨਾਲ ਹੋਰ ਬਹੁਤ ਸਾਰੀਆ ਸੰਸਥਾਵਾਂ ਅਤੇ ਸੰਗਠਨ ਖੋਲ੍ਹੇ ਹਨ ਪਰ ਬੱਚਿਆਂ ਵਿੱਚ ਕੁਪੋਸ਼ਣ ਦੀਆਂ ਸਮੱਸਿਆਵਾਂ ਦੂਰ ਕਰਨ ਵਿੱਚ ਓਨੀ ਕਾਮਯਾਬੀ ਅਜੇ ਹਾਸਲ ਨਹੀਂ ਹੋਈ। ਪਿਛਲੇ ਸਾਲਾਂ ਨਾਲੋਂ ਬੱਚਿਆਂ ਵਿੱਚ ਕੁਪੋਸ਼ਣ ਦੀ ਸਮੱਸਿਆ ਭਾਵੇਂ ਕੁਝ ਘਟੀ ਹੈ, ਜਿਵੇਂ ਤੈਅ ਮਿਆਰਾਂ ਅਨੁਸਾਰ ਸਰੀਰਕ ਵਿਕਾਸ ਦੇ ਮਾਮਲੇ ਵਿੱਚ ਗਿਣਤੀ ਬੱਚਿਆਂ ਦੀ ਕੁੱਲ ਆਬਾਦੀ ਦਾ ਹਿੱਸਾ 39% ਤੋਂ ਘਟ ਕੇ 37.07 % ਰਹਿ ਗਿਆ ਹੈ ਪਰ ਅਜੇ ਵੀ ਇਹ ਗੰਭੀਰ ਸ਼੍ਰੇਣੀ ਵਿੱਚ ਹੈ। ਇਹ ਸਭ ਉਦੋਂ ਵਾਪਰ ਰਿਹਾ ਹੈ ਜਦੋਂ ਦੇਸ਼ ਵਾਸੀਆਂ ਨੂੰ ਸਭ ਕੁਝ ਠੀਕ ਹੋਣ ਦੇ ਸਬਜ਼ਬਾਗ ਦਿਖਾਏ ਜਾ ਰਹੇ ਹਨ। ਸਰਕਾਰਾਂ ਨੂੰ ਬੱਚਿਆਂ ਦੀ ਸਿਹਤ ਦੇ ਅਜਿਹੇ ਹਾਲਾਤ ਤੋਂ ਸਬਕ ਸਿੱਖਣਾ ਚਾਹੀਦਾ ਹੈ ਅਤੇ ਕੁਪੋਸ਼ਣ ਦੂਰ ਕਰਨ ਲਈ ਬਜਟ ਵਿੱਚ ਵਧੇਰੇ ਫੰਡਾਂ ਦਾ ਬੰਦੋਬਸਤ ਕਰਨਾ ਚਾਹੀਦਾ ਹੈ, ਹਾਲਤ ਸੁਧਾਰਨ ਲਈ ਸੰਜੀਦਾ ਉਪਰਾਲੇ ਕਰਨੇ ਚਾਹੀਦੇ ਹਨ। ਸਰਕਾਰ ਸਿਹਤ ਸਹੂਲਤਾਂ ਅਤੇ ਸਿੱਖਿਆ ਉਤੇ ਖ਼ਰਚ ਵਧਾ ਕੇ ਆਮ ਲੋਕਾਂ ਨੂੰ ਸਮੇਂ ਦੇ ਹਾਣ ਦੇ ਬਣਾਉਣ ਤਾਂ ਜੋ ਬੱਚਿਆਂ ਵਿੱਚ ਕੁਪੋਸ਼ਣ ਦੀ ਸਮੱਸਿਆ ਵੱਲ ਧਿਆਨ ਦਿੱਤਾ ਜਾ ਸਕੇ।

### ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਭਾਰਤ ’ਤੇ ਟੈਰਿਫ਼

ਅਮਰੀਕਾ ਵੱਲੋਂ ਭਾਰਤ ’ਤੇ ਟੈਰਿਫ਼ ਵਿਚ ਕੀਤਾ ਵਾਧਾ ਭਾਰਤ ਲਈ ਚਿੰਤਾ ਦਾ ਵਿਸ਼ਾ ਹੈ। ਭਾਰਤ ਵੱਲੋਂ ਰੂਸ ਤੋਂ ਤੇਲ ਖਰੀਦਣ ਉੱਪਰ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਭਾਰਤ ਤੋਂ ਦਰਾਮਦ ਕੀਤੀਆਂ ਜਾਣ ਵਾਲੀਆਂ ਵਸਤਾਂ ਉੱਪਰ 25 ਫ਼ੀਸਦੀ ਟੈਰਿਫ ਲਾਉਣ ਤੋਂ ਕੁਝ ਦਿਨਾਂ ਬਾਅਦ ਟੈਰਿਫ ਦਰਾਂ ਵਿੱਚ ਹੋਰ ਵਾਧਾ ਕਰਨ ਦੀ ਧਮਕੀ ਨਾ ਕੇਵਲ ਰਣਨੀਤਕ ਖੋਖਲੇਪਣ ਨੂੰ ਉਜਾਗਰ ਕਰਦੀ ਹੈ ਸਗੋਂ ਇਸ ਵਿੱਚੋਂ ਦੰਭ ਦੀ ਬੂ ਵੀ ਆਉਂਦੀ ਹੈ। ਭਾਰਤ ਨੇ ਟਰੰਪ ਦੀ ਧਮਕੀ ਨੂੰ ਗ਼ੈਰ-ਵਾਜਿਬ ਅਤੇ ਗ਼ੈਰ-ਤਰਕਸੰਗਤ ਕਰਾਰ ਦੇ ਕੇ ਇਸ ਦੀ ਅਵੱਗਿਆ ਕੀਤੀ ਹੈ ਹਾਲਾਂਕਿ ਇਸ ਦਾ ਅਸਰ ਕਾਫ਼ੀ ਅਹਿਮ ਹੋ ਸਕਦਾ ਹੈ। ਨਵੇਂ ਟੈਰਿਫਾਂ ਨਾਲ ਅਮਰੀਕਾ ਲਈ ਭਾਰਤ ਦੀਆਂ ਬਰਾਮਦਾਂ ਵਿੱਚ ਕਰੀਬ 30 ਫ਼ੀਸਦੀ ਕਮੀ ਆਉਣ ਦੀ ਸੰਭਾਵਨਾ ਹੈ। ਕੱਪੜਾ ਬਰਾਮਦਕਾਰਾਂ ਨੇ ਇਸ ਕਾਰਨ ਵਧ ਰਹੇ ਘਾਟਿਆਂ ਨੂੰ ਪਹਿਲਾਂ ਹੀ ਉਜਾਗਰ ਕਰ ਦਿੱਤਾ ਹੈ ਜਦੋਂਕਿ ਵਪਾਰਕ ਅਦਾਰਿਆਂ ਨੇ ਵਾਸ਼ਿੰਗਟਨ ਦੇ ਪੈਂਤੜੇ ਪ੍ਰਤੀ ਆਪਣੀ ਨਾਉਮੀਦੀ ਜਤਾਈ ਹੈ। ਰੂਸ ਤੋਂ ਭਾਰਤ ਦੀਆਂ ਤੇਲ ਦਰਾਮਦਾਂ ਕਿਸੇ ਵਿਚਾਰਧਾਰਕ ਸਫ਼ਬੰਦੀ ਦਾ ਵਿਖਾਲਾ ਨਹੀਂ ਕਰਦੀਆਂ ਸਗੋਂ ਇਹ ਆਰਥਿਕ ਲੋੜ ਦਰਸਾਉਂਦੀਆਂ ਹਨ। ਜਦੋਂ ਰੂਸ ਅਤੇ ਯੂਕਰੇਨ ਵਿਚਕਾਰ ਜੰਗ ਕਰ ਕੇ ਊਰਜਾ ਦੀ ਆਲਮੀ ਮੰਡੀ ਵਿੱਚ ਵਿਘਨ ਪਿਆ ਸੀ ਤਾਂ ਰਵਾਇਤੀ ਸਪਲਾਈ ਇੱਕ ਵਾਰ ਫਿਰ ਯੂਰੋਪ ਵੱਲ ਮੋੜੀ ਗਈ ਸੀ। ਉਸ ਵੇਲੇ ਖ਼ੁਦ ਅਮਰੀਕਾ ਨੇ ਭਾਰਤ ਦੇ ਫ਼ੈਸਲੇ ਨੂੰ ਗੁੱਝੇ ਢੰਗ ਨਾਲ ਆਲਮੀ ਤੇਲ ਮੰਡੀਆਂ ਲਈ ਸਥਿਰਤਾ ਮੁਹੱਈਆ ਕਰਾਉਣ ਦੇ ਕਦਮ ਵਜੋਂ ਪ੍ਰਵਾਨ ਕੀਤਾ ਸੀ।ਪਣੇ ਹਿੱਤਾਂ ਦੀ ਰਾਖੀ ਲਈ ਹੁਣ ਭਾਰਤ ਨੂੰ ਸਜ਼ਾ ਦੇਣਾ ਟਰੰਪ ਦੀ ਬਿਆਨਬਾਜ਼ੀ ਦੇ ਅਸਥਿਰ ਅਤੇ ਸਵਾਰਥੀ ਸੁਭਾਅ ਨੂੰ ਜ਼ਾਹਿਰ ਕਰਦਾ ਹੈ। ਇਸ ਤੋਂ ਵੀ ਬਦਤਰ ਹੈ ਨੈਤਿਕ ਦਿਖਾਵਾ, ਜੋ ਖੋਖ਼ਲਾ ਹੈ। ਉਹੀ ਮੁਲਕ ਜਿਹੜੇ ਹੁਣ ਭਾਰਤ ਨੂੰ ਨਿੰਦ ਰਹੇ ਹਨ, ਨੇ ਰੂਸ ਨਾਲ ਵਪਾਰ ਜਾਰੀ ਰੱਖਿਆ ਹੈ। ਯੂਰੋਪੀਅਨ ਸੰਘ ਨੇ 2024 ਵਿੱਚ ਮਾਸਕੋ ਨਾਲ 67 ਅਰਬ ਯੂਰੋ ਦੀਆਂ ਵਸਤਾਂ ਦਾ ਵਪਾਰ ਕਾਇਮ ਰੱਖਿਆ ਤੇ ਇਸ ਤੋਂ ਇੱਕ ਸਾਲ ਪਹਿਲਾਂ ਵੀ ਸੇਵਾਵਾਂ ’ਚ ਲਗਭਗ 17 ਅਰਬ ਯੂਰੋ ਦਾ ਲੈਣ-ਦੇਣ ਕੀਤਾ। ਇਹ ਅੰਕੜੇ ਰੂਸ ਨਾਲ ਭਾਰਤ ਦੇ ਕਾਰੋਬਾਰ ਤੋਂ ਕਿਤੇ ਵੱਧ ਹਨ। ਅਮਰੀਕਾ ਨੇ ਵੀ ਆਪਣੇ ਪਰਮਾਣੂ ਤੇ ਆਟੋਮੋਬਾਈਲ ਉਦਯੋਗਾਂ ਲਈ ਰੂਸੀ ਸਾਮਾਨ ਖਰੀਦਿਆ ਹੈ।

ਟੈਰਿਫ ਦਰਾਂ ਦੇ ਆਰਥਿਕ ਝਟਕੇ ਦਾ ਟਾਕਰਾ ਕਰਨ ਲਈ ਭਾਰਤ ਨੂੰ ਉਨ੍ਹਾਂ ਵਪਾਰ ਸਮਝੌਤਿਆਂ ਦਾ ਵਿਸਤਾਰ ਕਰਨਾ ਚਾਹੀਦਾ ਹੈ ਜਿਹੜੇ ਆਪਸੀ ਹਿੱਤਾਂ ਦਾ ਸਤਿਕਾਰ ਕਰਨ, ਨਾ ਕਿ ਰੋਅਬ ਪਾਉਣ। ਸਰਕਾਰ ਵੱਲੋਂ ਤਜਵੀਜ਼ਸ਼ੁਦਾ 20,000 ਕਰੋੜ ਦਾ ‘ਐਕਸਪੋਰਟ ਪ੍ਰਮੋਸ਼ਨ ਮਿਸ਼ਨ’ ਪ੍ਰਭਾਵਿਤ ਖੇਤਰਾਂ ਨੂੰ ਝਟਕਿਆਂ ਤੋਂ ਬਚਾ ਸਕਦਾ ਹੈ ਤੇ ਨਾਲ ਹੀ ਆਲਮੀ ਪੱਧਰ ’ਤੇ ਕਾਰੋਬਾਰ ਵਿੱਚ ਭਾਰਤ ਦੀ ਮੁਕਾਬਲੇਬਾਜ਼ੀ ਦੀ ਸਮਰੱਥਾ ਨੂੰ ਵੀ ਵਧਾਉਂਦਾ ਹੈ। ਹਿੰਦ-ਪ੍ਰਸ਼ਾਂਤ ਵਿੱਚ ਭਾਰਤ ਦੀ ਭੂ-ਰਾਜਨੀਤਕ ਅਹਿਮੀਅਤ ਦਾ ਫ਼ਾਇਦਾ ਚੁੱਕ ਕੇ ਠੋਸ ਵਪਾਰਕ ਕੂਟਨੀਤੀ ਕਰਨਾ ਵੀ ਬਰਾਬਰ ਮਹੱਤਵਪੂਰਨ ਹੈ। ਭਾਰਤ ਨੂੰ ਚਾਹੀਦਾ ਹੈ ਕਿ ਉਹ ਇੱਕਪਾਸੜ ਕਾਰੋਬਾਰੀ ਕਾਰਵਾਈਆਂ ਦਾ ਟਾਕਰਾ ਕਰਨ ਲਈ ਬਹੁ-ਮੁਖੀ ਮੰਚਾਂ ਉੱਤੇ ਵੀ ਆਪਣੀ ਆਵਾਜ਼ ਮਜ਼ਬੂਤ ਕਰੇ।

## ਕੁਲਾਰ ਪੰਜਾਬ ਸਰਕਾਰ ਦੀ ਸਾਈਕਲ ਵਿਕਾਸ ਕੌਂਸਲ ਦੇ ਮੈਂਬਰ ਨਿਯੁਕਤ

**ਲੁਧਿਆਣਾ, 7 ਅਗਸਤ**
**-ਕੁਲਦੀਪ ਦੁੱਗਰੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਸ. ਗੁਰਮੀਤ ਸਿੰਘ ਕੁਲਾਰ ਨੂੰ ਪੰਜਾਬ ਸਰਕਾਰ ਦੇ ਸਾਈਕਲ ਵਿਕਾਸ ਕੌਂਸਲ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ। ਇਹ ਘੋਸ਼ਣਾ ਸ਼੍ਰੀ ਸੰਜੀਵ ਅਰੋੜਾ, ਮਾਨਨੀਯ ਉਦਯੋਗ ਮੰਤਰੀ ਪੰਜਾਬ ਵਲੋਂ ਕੀਤੀ ਗਈ। ਪਦਮ ਸ਼੍ਰੀ ਸ ਓਂਕਾਰ ਸਿੰਘ ਪਾਹਵਾ ਚੇਅਰਮੈਨ ਦੇ ਨੇਤ੍ਰਿਤਵ ਵਿੱਚ, ਗੁਰਮੀਤ ਸਿੰਘ ਕੁਲਾਰ ਸਾਈਕਲ ਵਿਕਾਸ ਕੌਂਸਲ ਦੇ ਮੈਂਬਰ ਬਣੇ। ਕੁਲਾਰ ਨੇ ਕਿਹਾ ਕਿ ਇਹ ਕੌਂਸਲ ਪੰਜਾਬ ਦੀ ਸਾਈਕਲ ਉਦਯੋਗ ਦੀ ਭਲਾਈ ਲਈ ਕੰਮ ਕਰੇਗੀ ਅਤੇ ਉਦਯੋਗ ਅਤੇ ਸਰਕਾਰ ਦੇ ਦਰਮਿਆਨ ਇੱਕ ਪੁਲ ਵਾਂਗ ਕੰਮ ਕਰੇਗੀ, ਜਿਸ ਨਾਲ ਤੁਰੰਤ ਹੱਲ ਯਕੀਨੀ ਹੋਣਗੇ।

ਸ਼੍ਰੀ ਕੇ.ਕੇ. ਸੇਠ ਚੇਅਰਮੈਨ ਫਿਕੋ ਨੇ ਸ. ਓਂਕਾਰ ਸਿੰਘ ਪਾਹਵਾ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਸ. ਓਂਕਾਰ ਸਿੰਘ ਪਾਹਵਾ ਦੀ ਅਗਵਾਈ ਸਾਈਕਲ ਉਦਯੋਗ ਲਈ ਨਵੀਆਂ ਉਚਾਈਆਂ ਨੂੰ ਛੂਹੇਗੀ।



ਸ਼੍ਰੀ ਐਸ.ਕੇ. ਰਾਏ ਵਾਈਸ-ਚੇਅਰਮੈਨ ਹੀਰੋ ਸਾਈਕਲਜ਼ ਲਿਮਟਿਡ ਨੇ ਕਿਹਾ ਕਿ ਸਾਨੂੰ ਸ. ਓਂਕਾਰ ਸਿੰਘ ਪਾਹਵਾ ’ਤੇ ਮਾਣ ਹੈ, ਇਹ ਸਾਈਕਲ ਵਿਕਾਸ ਪ੍ਰੀਸ਼ਦ ਪੰਜਾਬ ਵਿੱਚ ਸਾਈਕਲਾਂ ਦੀ ਬਿਹਤਰੀ ਲਈ ਕੰਮ ਕਰੇਗੀ।

ਸ ਮੰਜਿੰਦਰ ਸਿੰਘ ਸਚਦੇਵਾ, ਪ੍ਰਧਾਨ ਨੇ ਗੁਰਮੀਤ ਸਿੰਘ ਕੁਲਾਰ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਗੁਰਮੀਤ ਸਿੰਘ ਕੁਲਾਰ ਦੀ ਅਪਾਰ ਮੇਹਨਤ ਅਤੇ ਸਮਰਪਣ ਕਾਰਨ ਉਨ੍ਹਾਂ ਨੂੰ ਇਹ ਪਦ ਪ੍ਰਾਪਤ ਹੋਇਆ ਹੈ।

ਸ ਅਵਤਾਰ ਸਿੰਘ ਭੋਗਲ, ਸੀਨੀਅਰ ਮੀਤ ਪ੍ਰਧਾਨ ਨੇ ਗੁਰਮੀਤ ਸਿੰਘ ਕੁਲਾਰ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਕੁਲਾਰ ਦੀ ਸਾਈਕਲ ਉਦਯੋਗ ਦੇ ਪ੍ਰਤੀ ਸਮਰਪਣ ਨੇ ਉਨ੍ਹਾਂ ਨੂੰ ਇਹ ਪਦ ਦਿੱਤਾ ਹੈ।

ਸ. ਹਰਪਾਲ ਸਿੰਘ ਭੰਬਰ, ਹੈਡ ਸਾਈਕਲ ਡਿਵੀਜ਼ਨ ਫਿਕੋ ਨੇ ਗੁਰਮੀਤ ਸਿੰਘ ਕੁਲਾਰ ਨੂੰ ਵਧਾਈ ਦਿੱਤੀ ਅਤੇ ਕਿਹਾ, ÷ਅਸੀਂ ਗਰਵਿਤ ਹਾਂ ਕਿ ਸਾਡੇ ਵਿਚਕਾਰ ਇੱਕ ਪ੍ਰੇਰਣਾ ਸ੍ਰੋਤ ਹੈ, ਜੋ ਲੁਧਿਆਣਾ ਦੇ ਉਦਯੋਗਪਤੀਆਂ ਲਈ ਪ੍ਰੇਰਣਾ ਦਾ ਕੇਂਦਰ ਬਿੰਦੂ ਹੈ।

## ਜ਼ਿਲ੍ਹਾ ਤੇ ਸੈਸ਼ਨਜ਼ ਜੱਜ, ਲੁਧਿਆਣਾ ਵੱਲੋਂ ਇਸਲਾਮ ਗੰਜ ’ਚ ਕੁਸ਼ਟ ਆਸ਼ਰਮ ਦਾ ਦੌਰਾ



**ਲੁਧਿਆਣਾ, 7 ਅਗਸਤ**
**-ਕੁਲਦੀਪ ਦੁੱਗਰੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਤੇ ਸੈਸ਼ਨਜ਼ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਹਰਪ੍ਰੀਤ ਕੌਰ ਰੰਧਾਵਾ ਵੱਲੋਂ ਕੁਸ਼ਟ ਆਸ਼ਰਮ, ਇਸਲਾਮ ਗੰਜ, ਲੁਧਿਆਣਾ ਦਾ ਦੌਰਾ ਕੀਤਾ ਗਿਆ।

ਇਸ ਮੌਕੇ ਉਨ੍ਹਾਂ ਨਾਲ ਚੀਫ ਜੁਡੀਸ਼ੀਅਲ ਮੈਜਿਸਟ ?ਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਸੁਮਿਤ ਸੱਭਰਵਾਲ, ਵੀ ਮੌਜੂਦ ਸਨ। ਉਨ੍ਹਾਂ ਵੱਲੋਂ ਕੁਸ਼ਟ ਆਸ਼ਰਮ ਵਿਖੇ ਰਹਿ ਰਹੇ ਪਰਿਵਾਰਾਂ ਦੇ ਮੈਂਬਰਾਂ ਨਾਲ ਮੁਲਾਕਾਤ ਕੀਤੀ ਗਈ ਅਤੇ ਉਨ੍ਹਾਂ ਨੂੰ ਆ ਰਹੀਆਂ ਸਮੱਸਿਆਵਾਂ ਦਾ ਜਾਇਜ਼ਾ ਲਿਆ।

ਇਸ ਤੋਂ ਬਾਅਦ, ਉਨ੍ਹਾਂ ਕੁਸ਼ਟ ਆਸ਼ਰਮ ਦੇ ਪ੍ਰਧਾਨ ਰਵਿੰਦਰ ਚੌਰਸਿਆ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਦੱਸਿਆ ਗਿਆ ਕਿ ਜੇਕਰ ਕਿਸੇ ਵੀ ਪਰਿਵਾਰਕ ਮੈਂਬਰ ਨੂੰ ਕਿਸੇ ਵੀ ਪ੍ਰਕਾਰ ਦੀ ਕੋਈ ਸਮੱਸਿਆ, ਕਾਨੂੰਨੀ ਸਹਾਇਤਾ ਜਾਂ ਸਲਾਹ-ਮਸ਼ਵਰਾ ਜਾਂ ਮੈਡੀਕਲ ਸਹੂਲਤ ਆਦਿ ਦੀ ਜ਼ਰੂਰਤ ਹੈ ਤਾਂ ਉਹ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਦੇ ਦਫਤਰ ਵਿਖੇ ਸੰਪਰਕ ਕਰ ਸਕਦੇ ਹਨ।

ਉਨ੍ਹਾਂ ਵੱਲੋਂ ਸਮੂਹ ਪਰਿਵਾਰਕ ਮੈਂਬਰਾਂ ਨੂੰ ਮੁਫਤ ਕਾਨੂੰਨੀ ਸਹਾਇਤਾ ਸਕੀਮ, ਸਥਾਈ ਲੋਕ ਅਦਾਲਤ, ਕੌਮੀ ਲੋਕ ਅਦਾਲਤ, ਮੈਡੀਏਸ਼ਨ ਸੈਂਟਰ ਆਦਿ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਅਤੇ ਦੇ ਟੋਲ ਫਰੀ ਨੰਬਰ 15100 ਬਾਰੇ ਵੀ ਦੱਸਿਆ।

## 72 ਲੱਖ ਦੀ ਲਾਗਤ ਵਾਲੀਆਂ ਜੈਟਿੰਗ ਅਤੇ ਗ੍ਰੈਬ ਮਸ਼ੀਨਾਂ ਨਾਲ ਸੀਵਰੇਜ ਸਿਸਟਮ ਵਿੱਚ ਕੀਤਾ ਜਾਵੇਗਾ ਸੁਧਾਰ : ਮੇਅਰ ਪਦਮਜੀਤ ਮਹਿਤਾ



**ਬਠਿੰਡਾ 7 ਅਗਸਤ**
**-ਗੁਰਪ੍ਰੀਤ ਚਾਹਲ-**
**-ਕੌਮੀ ਪੱਤ੍ਰਿਕਾ ਬਿਊਰੋ-**

ਬਠਿੰਡਾ ਦੇ ਮੇਅਰ ਸ਼੍ਰੀ ਪਦਮਜੀਤ ਸਿੰਘ ਮਹਿਤਾ ਨੇ ਅੱਜ ਸੀਵਰੇਜ ਦੀ ਸਮੱਸਿਆ ਨਾਲ ਜੂਝ ਰਹੇ ਸ਼ਹਿਰ ਵਾਸੀਆਂ ਨੂੰ ਇੱਕ ਵੱਡਾ ਤੋਹਫ਼ਾ ਦਿੰਦਿਆਂ ਸੀਵਰੇਜ ਦੀ ਸਮੱਸਿਆ ਤੋਂ ਰਾਹਤ ਦੇਣ ਲਈ 72 ਲੱਖ ਰੁਪਏ ਦੀ ਲਾਗਤ ਵਾਲੀਆਂ ਇੱਕ ਜੈਟਿੰਗ ਕਮ ਸੰਕਸ਼ਨ ਮਸ਼ੀਨ ਅਤੇ ਦੋ ਗ੍ਰੈਬ ਮਸ਼ੀਨਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ।

ਇਸ ਮੌਕੇ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦੇ ਹਨ, ਜੋ ਸ਼ਹਿਰ ਦੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਅ ਰਹੇ ਹਨ। ਉਨ੍ਹਾਂ ਕਿਹਾ ਕਿ ਸ਼ਹਿਰ ਵਾਸੀਆਂ ਨੂੰ ਸਾਰੀਆਂ ਸਮੱਸਿਆਵਾਂ ਤੋਂ ਮੁਕਤ ਕਰਨ ਲਈ ਉਨ੍ਹਾਂ ਦੀ ਹਰ ਮੰਗ ਮੁੱਖ ਮੰਤਰੀ ਵੱਲੋਂ ਇੱਕ ਵਾਰ ਵਿੱਚ ਪੂਰੀ ਕੀਤੀ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਪਿਛਲੇ 10 ਸਾਲਾਂ ਤੋਂ ਸ਼ਹਿਰ ਦੇ ਸੀਵਰੇਜ ਸਿਸਟਮ ਦੀ ਦੇਖਭਾਲ ਤ੍ਰਿਵੇਣੀ ਕੰਪਨੀ ਵੱਲੋਂ ਕੀਤੀ ਜਾ ਰਹੀ ਸੀ, ਪਰ ਉਕਤ ਕੰਪਨੀ ਨੇ ਆਪਣੀ ਜ਼ਿੰਮੇਵਾਰੀ ਸਹੀ ਢੰਗ ਨਾਲ ਨਹੀਂ ਨਿਭਾਈ, ਜਿਸ ਕਾਰਨ ਸੀਵਰੇਜ ਸਿਸਟਮ ਦੀ ਹਾਲਤ ਖ਼ਰਾਬ ਹੈ, ਪਰ ਹੁਣ ਉਕਤ ਕੰਪਨੀ ਨੂੰ ਨਗਰ ਨਿਗਮ ਤੋਂ ਬਾਹਰ ਦਾ ਰਸਤਾ ਦਿਖਾ ਦਿੱਤਾ ਗਿਆ ਹੈ।

ਮੇਅਰ ਸ੍ਰੀ ਮਹਿਤਾ ਨੇ ਕਿਹਾ ਕਿ ਹੁਣ ਨਗਰ ਨਿਗਮ ਵੱਲੋਂ ਸੀਵਰੇਜ ਸਿਸਟਮ ਨੂੰ ਬਿਹਤਰ ਬਣਾਉਣ ਲਈ ਆਪਣੇ ਪੱਧਰ ’ਤੇ ਕੰਮ ਕੀਤਾ ਜਾ ਰਿਹਾ ਹੈ, ਜਿਸ ਲਈ ਨਗਰ ਨਿਗਮ ਨੂੰ ਪੂਰੀ ਤਰ੍ਹਾਂ ਸਵੈ-ਨਿਰਭਰ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅੱਜ ਸੀਵਰੇਜ ਦੀ ਸਫਾਈ ਲਈ ਜੈਟਿੰਗ ਅਤੇ ਗ੍ਰੈਬ ਮਸ਼ੀਨਾਂ ਰਵਾਨਾ ਕੀਤੀਆਂ ਗਈਆਂ ਹਨ।

ਉਨ੍ਹਾਂ ਕਿਹਾ ਕਿ ਜਲਦੀ ਹੀ 52 ਲੱਖ ਰੁਪਏ ਦੀ ਇੱਕ ਜੈਟਿੰਗ ਕਮ ਸੰਕਸ਼ਨ ਮਸ਼ੀਨ ਅਤੇ 10-10 ਲੱਖ ਰੁਪਏ ਦੀਆਂ ਦੋ ਗ੍ਰੈਬ ਮਸ਼ੀਨਾਂ ਦੁਆਰਾ ਸੀਵਰੇਜ ਸਿਸਟਮ ਨੂੰ ਸੁਧਾਰਿਆ ਜਾਵੇਗਾ। ਉਨ੍ਹਾਂ ਕਿਹਾ ਕਿ ਹੁਣ ਨਗਰ ਨਿਗਮ ਕੋਲ ਤਿੰਨ ਜੈਟਿੰਗ ਕਮ ਸੰਕਸ਼ਨ ਮਸ਼ੀਨਾਂ ਅਤੇ 6 ਗ੍ਰੈਬ ਮਸ਼ੀਨਾਂ ਉਪਲਬਧ ਹਨ।

ਸ੍ਰੀ ਮਹਿਤਾ ਨੇ ਕਿਹਾ ਕਿ ਆਉਣ ਵਾਲੇ ਕੁਝ ਦਿਨਾਂ ਵਿੱਚ ਸੀਵਰੇਜ ਸਿਸਟਮ ਨੂੰ ਬਿਹਤਰ ਬਣਾਇਆ ਜਾਵੇਗਾ ਅਤੇ ਲੋੜ ਪੈਣ ’ਤੇ ਜਲਦੀ ਹੀ ਹੋਰ ਮਸ਼ੀਨਰੀ ਵੀ ਖਰੀਦੀ ਜਾਵੇਗੀ।

ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸੀਵਰੇਜ ਦੀ ਸਮੱਸਿਆ ਦੀ ਸੂਰਤ ਵਿੱਚ ਘਬਰਾਉਣ ਦੀ ਕੋਈ ਲੋੜ ਨਹੀਂ ਹੈ, ਜਿਸ ਲਈ ਨਗਰ ਨਿਗਮ ਵੱਲੋਂ ਯਤਨ ਤੇਜ਼ ਕਰ ਦਿੱਤੇ ਗਏ ਹਨ ਅਤੇ ਆਉਣ ਵਾਲੇ ਕੁਝ ਦਿਨਾਂ ਵਿੱਚ ਸੀਵਰੇਜ ਸਿਸਟਮ ਨੂੰ ਪੂਰੀ ਤਰ੍ਹਾਂ ਸੁਧਾਰਿਆ ਜਾਵੇਗਾ।

ਇਸ ਮੌਕੇ ਸਲਾਹਕਾਰ ਸ਼ਾਮ ਲਾਲ ਜੈਨ, ਐਫ ਐਂਡ ਸੀ ਸੀ ਮੈਂਬਰ ਰਤਨ ਰਾਹੀ, ਉਮੇਸ਼ ਗੋਗੀ, ਕੌਂਸਲਰ ਰਾਜਿੰਦਰ ਸਿੰਘ ਸਿੱਧੂ, ਪਰਵਿੰਦਰ ਸਿੰਘ ਨੰਬਰਦਾਰ, ਵਿਕਰਮ ਕ੍ਰਾਂਤੀ, ਚਰਨਜੀਤ ਭੋਲਾ, ਰਾਣਾ ਰਣਦੀਪ ਸਿੰਘ, ਅਮਰਿੰਦਰ ਸਿੱਧੂ, ਮਨੋਜ ਜਿੰਦਲ, ਜਗਪਾਲ ਸਿੰਘ ਗੋਰਾ ਸਿੱਧੂ, ਸੋਨੀ ਪ੍ਰਧਾਨ, ਅਮਨ ਡੀਸੀ, ਐਕਸੀਅਨ ਬਲਜੀਤ ਸਿੰਘ, ਜੇਈ ਪਵਨ ਕੁਮਾਰ ਅਤੇ ਸਟਾਫ ਉਨ੍ਹਾਂ ਨਾਲ ਮੌਜੂਦ ਸਨ।

## ਗੁਰੂ ਨਾਨਕ ਨਗਰ ਤ੍ਰਿਪੜੀ ’ਚੋਂ ਦਿਨ-ਦਿਹਾੜੇ 35 ਲੱਖ ਦੀ ਚੋਰੀ

### ਸੀ. ਸੀ. ਟੀ. ਵੀ. ਕੈਮਰੇ ’ਚ ਇਕ ਵਿਅਕਤੀ ਹੋਇਆ ਕੈਦ

**ਪਟਿਆਲਾ, 7 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਦੇ ਤ੍ਰਿਪੜੀ ਦੇ ਗੁਰੂ ਨਾਨਕ ਨਗਰ ਇਲਾਕੇ ਵਿਚ ਚੋਰਾਂ ਨੇ ਦਿਨ-ਦਿਹਾੜੇ ਘਰ ਵਿਚ ਵੜ ਕੇ ਸੋਨੇ ਦੇ ਗਹਿਣੇ ਅਤੇ ਨਕਦੀ ਚੋਰੀ ਕਰ ਲਈ ਹੈ। ਪਰਿਵਾਰ ਦੇ ਮੈਂਬਰ ਕੰਮਾਂ-ਕਾਰਾਂ ’ਤੇ ਗਏ ਹੋਣ ਕਾਰਨ ਘਰ ਵਿਚ ਕੋਈ ਨਹੀਂ ਸੀ। ਚੋਰਾਂ ਨੇ ਪੂਰੇ ਘਰ ਨੂੰ ਫਰੋਲ ਮਾਰਿਆ ਅਤੇ ਸਾਰੀਆਂ ਅਲਮਾਰੀਆਂ ਅਤੇ ਬੈਂਡ ਤੋੜ ਦਿੱਤੇ। ਘਰ ਦੀ ਮਾਲਕ ਮਨੀਸ਼ਾ ਬਾਂਸਲ ਨੇ ਦੱਸਿਆ ਕਿ ਉਹ ਡੀ. ਏ. ਵੀ. ਸਕੂਲ ਪਾਤੜਾਂ ਵਿਖੇ ਨੌਕਰੀ ਕਰਦੇ ਹਨ। ਸ਼ਾਮ ਨੂੰ ਜਦੋਂ ਘਰ ਆਈ ਤਾਂ ਮੇਨ ਗੇਟ ਠੀਕ ਸੀ, ਅੰਦਰਲਾ ਦਰਵਾਜ਼ਾ ਦੇਖਿਆ ਤਾਂ ਟੁੱਟਿਆ ਹੋਇਆ ਸੀ ਅਤੇ ਅੰਦਰ ਸਾਰਾ ਸਾਮਾਨ ਖਿਲਰਿਆ ਪਿਆ ਸੀ। ਜਦੋਂ ਚੈੱਕ ਕੀਤਾ ਤਾਂ ਚੋਰਾਂ ਨੇ ਉਸ ਦੇ, ਪਤੀ ਅਤੇ ਬੱਚਿਆਂ ਦੇ ਸਾਰੇ ਗਹਿਣੇ, ਨਕਦੀ ਅਤੇ ਕੀਮਤੀ ਚੀਜ਼ ਇਕ ਵੀ ਨਹੀਂ ਛੱਡੀ। ਸੂਚਿਤ ਕਰਨ ’ਤੇ ਪੁਲਸ ਨੇ ਮੌਕੇ ’ਤੇ ਆ ਕੇ ਜਾਂਚ ਕੀਤੀ। ਮਨੀਸ਼ਾ ਬਾਂਸਲ ਮੁਤਾਬਕ 30 ਤੋਲੇ ਤੋਂ ਜ਼ਿਆਦਾ ਸੋਨੇ ਅਤੇ ਚਾਂਦੀ ਵੀ ਘਰ ਵਿਚ ਪਈ ਸੀ। ਜਿਹੜੀ ਕਿ ਸਾਰੀ ਹੀ ਚੋਰੀ ਕਰ ਲਈ ਗਈ ਹੈ। ਘਰ ਦੀ ਕੋਈ ਅਲਮਾਰੀ ਤੋੜੇ ਵੀ ਬਿਨ੍ਹਾਂ ਨਹੀਂ ਛੱਡੀ ਗਈ ਅਤੇ ਘਰ ਦਾ ਕੋਈ ਵੀ ਪਰਸ ਨਹੀਂ ਛੱਡਿਆ ਗਿਆ। ਥਾਣਾ ਤ੍ਰਿਪੜੀ ਦੇ ਸਬ-ਇੰਸਪੈਕਟਰ ਪਵਿੱਤਰ ਸਿੰਘ ਨੇ ਦੱਸਿਆ ਕਿ ਕੇਸ ਦਰਜ ਕਰ ਕੇ ਮਾਮਲੇ ਦੀ ਜਾਂਚ ਕੀਤੀ ਜਾਵੇਗੀ। ਜਲਦ ਤੋਂ ਜਲਦ ਚੋਰਾਂ ਨੂੰ ਗ੍ਰਿਫਤਾਰ ਕਰ ਲਿਆ ਜਾਵੇ। ਆਸਪਾਸ ਦੇ ਸੀ.ਸੀ.ਟੀ.ਵੀ. ਕੈਮਰਿਆ ਦੀਆਂ ਵੀਡੀਓ ਫੁਟੇਜ਼ ਵੀ ਖੰਘਾਲੀਆਂ ਜਾ ਰਹੀਆਂ ਹਨ।



## ਵਿਧਾਇਕ ਪਰਾਸ਼ਰ ਨੇ ਗਿੱਲ ਰੋਡ ’ਤੇ ਲੋਹਾ ਮਾਰਕੀਟ ਦੇ ਪਿੱਛੇ ਕੰਕਰੀਟ ਸੜਕ ਬਣਾਉਣ ਲਈ 74 ਲੱਖ ਰੁਪਏ ਦੇ ਪ੍ਰੋਜੈਕਟ ਦੀ ਕੀਤੀ ਸ਼ੁਰੂਆਤ



**ਲੁਧਿਆਣਾ, 7 ਅਗਸਤ**
**-ਕੁਲਦੀਪ ਦੁੱਗਰੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਣਵੱਤਾਪੂਰਨ ਸੜਕੀ ਬੁਨਿਆਦੀ ਢਾਂਚੇ ਨੂੰ ਵਿਕਸਤ ਕਰਨ ਲਈ ਅੱਗੇ ਵਧਦੇ ਹੋਏ, ਲੁਧਿਆਣਾ ਕੇਂਦਰੀ ਦੇ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਨੇ ਮੱਕੜ ਰੋਡ ਤੋਂ ਓਵਰਲਾਕ ਸੜਕ (ਗਿੱਲ ਰੋਡ ’ਤੇ ਲੋਹਾ ਮਾਰਕੀਟ ਦੇ ਪਿੱਛੇ - ਵਾਰਡ ਨੰਬਰ 74) ਤੱਕ ਜਾਣ ਵਾਲੀ ਕੰਕਰੀਟ ਸੜਕ ਬਣਾਉਣ ਦੇ ਪ੍ਰੋਜੈਕਟ ਦਾ ਉਦਘਾਟਨ ਕੀਤਾ।

ਉਦਘਾਟਨ ਸਮਾਰੋਹ ਦੌਰਾਨ ਮਾਰਕੀਟ ਐਸੋਸੀਏਸ਼ਨ ਦੇ ਮੈਂਬਰ ਵੀ ਮੌਜੂਦ ਸਨ ਅਤੇ ਇਹ ਪ੍ਰੋਜੈਕਟ ਲਗਭਗ 74 ਲੱਖ ਰੁਪਏ ਦੀ ਲਾਗਤ ਨਾਲ ਕੀਤਾ ਜਾ ਰਿਹਾ ਹੈ।

ਵਿਧਾਇਕ ਪਰਾਸ਼ਰ ਨੇ ਕਿਹਾ ਕਿ ਇਲਾਕੇ ਵਿੱਚ ਭਾਰੀ ਵਾਹਨਾਂ ਦੀ ਆਵਾਜਾਈ ਕਾਰਨ ਕੰਕਰੀਟ ਸੜਕ ਬਣਾਈ ਜਾ ਰਹੀ ਹੈ ਅਤੇ ਇਸ ਪ੍ਰੋਜੈਕਟ ਨਾਲ ਇਲਾਕੇ ਦੇ ਉਦਯੋਗਾਂ ਅਤੇ ਦੁਕਾਨਦਾਰਾਂ ਨੂੰ ਜ਼ਰੂਰ ਲਾਭ ਹੋਵੇਗਾ।

ਵਿਧਾਇਕ ਪਰਾਸ਼ਰ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਸੂਬੇ ਦੇ ਸਮੁੱਚੇ ਵਿਕਾਸ ਲਈ ਵਚਨਬੱਧ ਹੈ ਅਤੇ ਲੁਧਿਆਣਾ ਕੇਂਦਰੀ ਹਲਕੇ ਵਿੱਚ ਵੱਡੀ ਗਿਣਤੀ ਵਿੱਚ ਵਿਕਾਸ ਪ੍ਰੋਜੈਕਟ ਕੀਤੇ ਜਾ ਰਹੇ ਹਨ।

ਨਗਰ ਨਿਗਮ ਦੇ ਅਧਿਕਾਰੀਆਂ ਨੂੰ ਨਿਰਧਾਰਤ ਸਮੇਂ ਦੇ ਅੰਦਰ ਪ੍ਰੋਜੈਕਟ ਨੂੰ ਪੂਰਾ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਵਿਧਾਇਕ ਪਰਾਸ਼ਰ ਨੇ ਅੱਗੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਮਿਆਰੀ ਬੁਨਿਆਦੀ ਢਾਂਚਾ ਵਿਕਸਤ ਕਰਨ ਲਈ ਕਰੋੜਾਂ ਰੁਪਏ ਦੇ ਅਜਿਹੇ ਹੋਰ ਪ੍ਰੋਜੈਕਟ ਸ਼ੁਰੂ ਕੀਤੇ ਜਾਣਗੇ।

## ਪੰਜਾਬ ਸਟੇਟ ਖਜ਼ਾਨਾ ਕਰਮਚਾਰੀ ਐਸੋਸੀਏਸ਼ਨ, ਪੰਜਾਬ ਵੱਲੋਂ ਧੱਕੇਸ਼ਾਹੀ ਵਿਰੁੱਧ ਰੋਸ ਮੁਜਾਹਰਾ



**ਲੁਧਿਆਣਾ, 7 ਅਗਸਤ**
**-ਕੁਲਦੀਪ ਦੁੱਗਰੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਦਿਨੀਂ ਪੰਜਾਬ ਸਟੇਟ ਖਜ਼ਾਨਾ ਕਰਮਚਾਰੀ ਐਸੋਸੀਏਸ਼ਨ ਪੰਜਾਬ ਵੱਲੋਂ ਪੰਜਾਬ ਸਰਕਾਰ ਵਿੱਤ ਵਿਭਾਗ ਵੱਲੋਂ ਖਜ਼ਾਨਾ ਦਫਤਰ ਦੇ ਕਰਮਚਾਰੀਆਂ ਨਾਲ ਹੋ ਰਹੀਆਂ ਧੱਕੇਸ਼ਾਹੀਆਂ ਦੇ ਵਿਰੋਧ ਵਿੱਚ ਰੋਸ ਮੁਜਾਹਰਾ ਕਰਦੇ ਹੋਏ ਪੱਦ ਉੱਨਤੀ ਦੇ ਹੁਕਮਾਂ ਦੀਆਂ ਕਾਪੀਆਂ ਸਾੜੀਆਂ।

ਸਰਕਾਰ ਵੱਲੋਂ ਕੀਤੇ ਗਏ ਹੁਕਮ, ਜਿਨ੍ਹਾਂ ਵਿੱਚ ਖਜ਼ਾਨਾ ਵਿਭਾਗ ਦੇ ਕਰਮਚਾਰੀਆਂ ਨੂੰ ਜੂਨੀਅਰ ਸਹਾਇਕ ਲੈਵਲ-7 ਤੋਂ ਸਹਾਇਕ ਖਜ਼ਾਨਚੀ ਲੈਵਲ -6 ਅਧੀਨ ਪੱਦਉੱਨਤ ਕਰ ਦਿੱਤਾ ਗਿਆ ਹੈ, ਪ੍ਰੰਤੂ ਇਸ ਪੱਦ ਉੱਨਤੀ ਨੂੰ ਪੱਦ ਉੱਨਤੀ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਮੁਲਾਜ਼ਮਾਂ ਨੂੰ ਲੈਵਲ-7 ਤੋਂ ਲੈਵਲ-6 ਵਿੱਚ ਲੈ ਕੇ ਆਉਣਾ ਸਰਾਸਰ ਧੱਕਾ ਹੈ।

ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਲਖਵੀਰ ਸਿੰਘ ਗਰੇਵਾਲ ਅਤੇ ਜ਼ਿਲ੍ਹਾ ਪ੍ਰਧਾਨ ਅਸ਼ਵਨੀ ਕੁਮਾਰ ਨੇ ਇਸ ਸਬੰਧ ਵਿੱਚ ਦੱਸਿਆ ਕਿ ਪੰਜਾਬ ਸਟੇਟ ਖਜ਼ਾਨਾ ਕਰਮਚਾਰੀ ਐਸੋਸੀਏਸ਼ਨ, ਪੰਜਾਬ ਵੱਲੋਂ ਉਪਰੋਕਤ ਹੁਕਮਾਂ ਦੀਆਂ ਕਾਪੀਆਂ ਸਾੜਨ ਦਾ ਫੈਸਲਾ ਕੀਤਾ ਗਿਆ ਸੀ।

ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਉਪਰੋਕਤ ਪੱਦ ਉਨਤੀ ਇੱਕ ਕੋਝਾ ਮਜਾਕ ਹੈ ਕਿਉਂਕਿ ਜੂਨੀਅਰ ਸਹਾਇਕਾਂ ਨੂੰ ਸਹਾਇਕ ਖਜਾਨਚੀ ਦੀ ਬਜਾਏ, ਜ਼ਿਲ੍ਹਾ ਖਜਾਨਚੀ ਅਤੇ ਸੀਨੀਅਰ ਸਹਾਇਕ ਵਜੋਂ ਤਰੱਕੀ ਦੇਣੀ ਬਣਦੀ ਹੈ।

ਉਨ੍ਹਾਂ ਸਪੱਸ਼ਟ ਕੀਤਾ ਕਿ ਜੇਕਰ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਨੂੰ ਯੋਗ ਤਰੱਕੀ ਨਾ ਦਿੱਤੀ ਗਈ ਤਾਂ ਆਉਣ ਵਾਲੇ ਸਮੇਂ ਦੌਰਾਨ ਖਜ਼ਾਨਾ ਵਿਭਾਗ ਸਟੇਟ ਬਾਡੀ ਦੇ ਫੈਸਲੇ ਅਨੁਸਾਰ ਤਿਖੇ ਸੰਘਰਸ਼ ਉਲੀਕੇ ਜਾਣਗੇ।

ਪੰਜਾਬ ਸਟੇਟ ਮਨਸਟੀਰੀਅਲ ਸਰਵਿਸਿਜ਼ ਯੂਨੀਅਨ ਪੰਜਾਬ ਵੀ ਅੱਜ ਖਜ਼ਾਨਾ ਦਫਤਰ ਦੇ ਕਰਮਚਾਰੀਆਂ ਨਾਲ ਹੋ ਰਹੀ ਧੱਕੇਸ਼ਾਹੀ ਦੇ ਵਿਰੋਧ ਵਿੱਚ ਡੱਟਕੇ ਖੜ੍ਹੀ ਹੋਈ ਜਿਸਦੇ ਤਹਿਤ ਪੀ.ਐਸ.ਐਮ.ਐਸ.ਯੂ. ਵੱਲੋਂ ਅਮਿਤ ਅਰੋੜਾ ਸੂਬਾ ਐਡੀਸ਼ਨਲ ਜਨਰਲ ਸਕੱਤਰ ਪੀ.ਐਸ.ਐਮ.ਐਸ.ਯੂ. ਪੰਜਾਬ ਅਤੇ ਸੰਦੀਪ ਭੁਬੰਕ ਜਿਲ੍ਹਾ ਪ੍ਰਧਾਨ ਅਤੇ ਜਿਲ੍ਹਾ ਜਨਰਲ ਸਕੱਤਰ ਗੁਰਚਰਨ ਸਿੰਘ ਪੰਧੇਰ ਦੀ ਅਗਵਾਈ ਵਿੱਚ ਪੀ.ਐਸ.ਐਮ.ਐਸ.ਯੂ. ਦੀ ਸਮੁੱਚੀ ਟੀਮ ਉਪਰੋਕਤ ਰੋਸ ਮੁਜਾਹਰੇ ਵਿੱਚ ਸਾਮਲ ਹੋਏ ਅਤੇ ਖਜ਼ਾਨਾ ਵਿਭਾਗ ਨੂੰ ਵਿਸ਼ਵਾਸ਼ ਦੁਆਇਆ ਕਿ ਜਿਲ੍ਹਾ ਪੀ.ਐਸ.ਐਮ.ਐਸ.ਯੂ. ਲੁਧਿਆਣਾ ਹਰ ਸੰਘਰਸ਼ ਵਿੱਚ ਖਜ਼ਾਨਾ ਵਿਭਾਗ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੇਗਾ।

ਇਸ ਰੋਸ ਮੁਜ਼ਾਹਰੇ ਮੌਕੇ, ਦਵਿੰਦਰ ਸਿੰਘ ਪੀ.ਡਬਲਿਊ ਡੀ ਵਿਭਾਗ, ਜਗਦੇਵ ਸਿੰਘ ਖੇਤੀਬਾੜੀ ਵਿਭਾਗ, ਸਤਪਾਲ ਸਿੱਖਿਆ ਵਿਭਾਗ, ਗੁਰਪ੍ਰੀਤ ਸਿੰਘ ਖੱਟੜਾ ਸਿੱਖਿਆ ਵਿਭਾਗ, ਅਮਰਜੀਤ ਸਿੰਘ, ਬਲਜਿੰਦਰ ਸਿੰਘ ਰੋਡਵੇਜ਼, ਹਰਮਿੰਦਰ ਸਿੰਘ ਸਿਹਤ ਵਿਭਾਗ, ਹਰਵਿੰਦਰ ਸਿੰਘ ਸਿਹਤ ਵਿਭਾਗ, ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਤੋਂ ਬਹੁਤ ਸਾਰੇ ਸਾਥੀ ਸ਼ਾਮਲ ਹੋਏ।

ਖਜ਼ਾਨਾ ਵਿਭਾਗ, ਜਿਲ੍ਹਾ ਲੁਧਿਆਣਾ ਤੋਂ ਕੁਲਦੀਪ ਕੁਮਾਰ, ਮਨਪ੍ਰੀਤ ਸਿੰਘ, ਨਵਦੀਪ ਸਿੰਘ, ਦਵਿੰਦਰ ਸਿੰਘ, ਲਵਲੀ, ਰਜਨੀ ਬਾਲਾ, ਮਨਿੰਦਰ ਕੌਰ ਅਤੇ ਸਮੂਹ ਸਟਾਫ ਵੱਲੋਂ ਹਾਜ਼ਰ ਹੋ ਕੇ ਰੋਸ ਮੁਜਾਹਰੇ ਵਿੱਚ ਸ਼ਮੂਲੀਅਤ ਕੀਤੀ ਗਈ।

## ਸ਼ਹਿਰ ਵਾਸੀ 15 ਅਗਸਤ ਤੱਕ ਜ਼ੁਰਮਾਨੇ/ ਵਿਆਜ਼ ਤੋਂ ਬਿਨਾਂ ਪ੍ਰਾਪਰਟੀ ਟੈਕਸ ਜਮਹਾ ਕਰਵਾਉਣ : ਵਿਕਰਮਜੀਤ ਸਿੰਘ ਪਾਂਥੇ

**ਬਟਾਲਾ, 7 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਵਿਕਰਮਜੀਤ ਸਿੰਘ ਪਾਂਥੇ, ਐਸ.ਡੀ.ਐਮ-ਕਮ-ਕਮਿਸ਼ਨਰ ਨਗਰ ਨਿਗਮ, ਬਟਾਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਵਨ ਟਾਈਮ ਸੈਟਲਮੈਂਟ ਸਕੀਮ ਅਧੀਨ ਬਿਨਾਂ ਕਿਸੇ ਜ਼ੁਰਮਾਨੇ/ਵਿਆਜ਼ ਤੋਂ ਕੇਵਲ ਮੂਲ ਰਕਮ 31 ਜੁਲਾਈ 2025 ਤੱਕ ਭਰਨ ਦੀ ਛੋਟ ਦਿੱਤੀ ਗਈ ਸੀ, ਜਿਸ ਵਿੱਚ ਲੋਕਹਿੱਤ ਨੂੰ ਮੁੱਖ ਰੱਖਦੇ ਹੋਏ ਸਰਕਾਰ ਵਲੋਂ ਚਲਾਈ ਗਈ ਵਨ ਟਾਈਮ ਸੈਟਲਮੈਂਟ ਸਕੀਮ ਅਧੀਨ ਪ੍ਰਾਪਰਟੀ ਟੈਕਸ ਬਿਨਾਂ ਕਿਸੇ ਪੈਨਲਟੀ/ਵਿਆਜ਼ ਤੋਂ ਕੇਵਲ ਮੂਲ ਰੂਪ ਰਕਮ ਜਮ ?ਹਾ ਕਰਵਾਉਣ ਲਈ ਮਿਤੀ 15 ਅਗਸਤ 2025 ਤੱਕ ਵਾਧਾ ਕੀਤਾ ਗਿਆ ਹੈ।



ਕਮਿਸ਼ਨਰ ਨਗਰ ਨਿਗਮ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਇਹ 15 ਅਗਸਤ ਤੱਕ ਆਪਣਾ ਬਣਦਾ ਪ੍ਰਾਪਰਟੀ ਟੈਕਸ ਨਗਰ ਨਿਗਮ ਦਫਤਰ ਵਿੱਚ ਹਾਜ਼ਰ ਹੋ ਕੇ ਸੈਲਫ ਅਸੈਸਮੈਂਟ ਪ੍ਰਣਾਲੀ ਰਾਹੀਂ ਜਮ ?ਹਾ ਕਰਵਾ ਕੇ ਰਸੀਦ ਹਾਸਲ ਕਰਨ।ਉਨਾਂ ਅੱਗੇ ਕਿਹਾ ਕਿ ਜੇਕਰ ਟੈਕਸ ਕਰਤਾਵਾਂ ਵਲੋਂ 15 ਅਗਸਤ ਤੱਕ ਟੈਕਸ ਜਮਹਾ ਦੀ ਛੋਟ ਦਿੱਤੀ ਗਈ ਸੀ, ਜਿਸ ਵਿੱਚ ਲੋਕਹਿੱਤ ਨੂੰ ਮੁੱਖ ਰੱਖਦੇ ਹੋਏ ਸਰਕਾਰ ਵਲੋਂ ਚਲਾਈ ਗਈ ਵਨ ਟਾਈਮ ਸੈਟਲਮੈਂਟ ਸਕੀਮ ਅਧੀਨ ਪ੍ਰਾਪਰਟੀ ਟੈਕਸ ਬਿਨਾਂ ਕਿਸੇ ਪੈਨਲਟੀ/ਵਿਆਜ਼ ਤੋਂ ਕੇਵਲ ਮੂਲ ਰੂਪ ਰਕਮਨਹੀਂ ਕਰਵਾਇਆ ਜਾਂਦਾ ਤਾਂ ਮਿਊਂਸੀਪਲ ਕਾਰਪੋਰੇਸ਼ਨ ਐਕਟ 1976 ਤਹਿਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

## ਸ਼ਿਕਾਇਤ ਦੀ ਸੁਣਵਾਈ ਨਾ ਹੋਣ ਤੋਂ ਪ੍ਰੇਸ਼ਾਨ ਮਹਿਲਾ ਨੇ ਡੀਸੀ ਦਫ਼ਤਰ ਦੇ ਬਾਹਰ ਖਾਧਾ ਜ਼ਹਿਰ

### ਉੱਚ ਅਧਿਕਾਰੀਆਂ ਨੇ ਤੁਰੰਤ ਕੀਤੇ ਬਚਾਅ ਉਪਾਅ ; ਮਹਿਲਾ ਹਸਪਤਾਲ ਦਾਖਲ

**ਪਟਿਆਲਾ, 7 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਮਿੰਨੀ ਸਕੱਤਰੇਤ ਵਿਖੇ ਸਥਿਤ ਡੀਸੀ ਦਫਤਰ ਦੇ ਬਾਹਰ ਅੱਜ ਉਸ ਵੇਲੇ ਸਨਸਨੀ ਫੈਲ ਗਈ ਜਦੋਂ ਇੱਕ ਮਹਿਲਾ ਨੇ ਜ਼ਹਿਰ ਵਰਗੀ ਕੋਈ ਚੀਜ਼ ਖਾ ਲਈ।

ਸੂਚਨਾ ਮੁਤਾਬਕ, ਨੇੜਲੇ ਪਿੰਡ ਸ਼ੇਖੂਪੁਰ ਨਿਵਾਸੀ ਸੰਦੀਪ ਕੌਰ ਪੁੱਤਰੀ ਜਸਪਾਲ ਸਿੰਘ, ਜੋ ਕਿ ਆਪਣੇ ਪਿੰਡ ਦੇ ਘਰ ਨੂੰ ਲੈ ਕੇ ਲਗਾਤਾਰ ਇਨਸਾਫ ਲਈ ਅਧਿਕਾਰੀਆਂ ਅਤੇ ਡਿਪਟੀ ਕਮਿਸ਼ਨਰ ਦਫਤਰ ਦੇ ਗੇੜੇ ਲਗਾ ਰਹੀ ਸੀ, ਨੇ ਅੱਜ ਸਵੇਰੇ ਡੀ. ਸੀ. ਦਫਤਰ ਦੇ ਬਾਹਰ ਜ਼ਹਿਰ ਨਿਗਲਨ ਦੀ ਕੋਸ਼ਿਸ਼ ਕੀਤੀ ਹੈ। ਰੌਲਾ ਪੈਣ ਤੋਂ ਬਾਅਦ ਸਕਿਓਰਿਟੀ ਕਰਮਚਾਰੀਆਂ ਨੇ ਮਹਿਲਾ ਨੂੰ ਹਸਪਤਾਲ ਦਾਖਲ ਕਰਵਾਇਆ, ਜੋ ਇਸ ਸਮੇਂ ਜ਼ੇਰੇ ਇਲਾਜ ਹੈ। ਸੰਦੀਪ ਕੌਰ ਦੇ ਭਰਾ ਸੰਜੀਵ ਕੁਮਾਰ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਸ਼ੇਖੁਪੁਰ ਪਿੰਡ ’ਚ ਆਪਣੇ ਬੱਚੇ ਤੇ ਸਹੁਰੇ ਨਾਲ ਰਹਿੰਦੀ ਹੈ। ਉਸ ਦਾ ਪਤੀ ਬਾਹਰ ਗਿਆ ਹੋਇਆ ਹੈ। ਉਸ ਦੇ ਘਰੋਂ ਥੋੜੀ ਦੂਰ ਇਕ ਛੱਪੜ ਹੈ, ਜਦੋਂ ਵੀ ਬਰਸਾਤ ਪੈਂਦੀ ਹੈ ਤਾਂ ਛੱਪੜ ਦਾ ਗੰਦਾ ਪਾਣੀ ਤੇ ਚਿੱਕੜ ਸੰਦੀਪ ਕੌਰ ਦੇ ਘਰ ’ਚ ਵੜ ਜਾਂਦਾ ਹੈ।

ਸੰਜੀਵ ਕੁਮਾਰ ਨੇ ਦੱਸਿਆ ਕਿ ਪਿਛਲੇ ਲੰਬੇ ਸਮੇਂ ਤੋਂ ਉਨ੍ਹਾਂ ਦੀ ਭੈਣ ਅਧਿਕਾਰੀਆਂ ਦੇ ਚੱਕਰ ਲਾ ਰਹੀ ਸੀ ਕਿ ਜਿਹੜੇ ਲੋਕ ਛੱਪੜ ਦੇ ਗੰਦੇ ਪਾਣੀ ਦਾ ਵਹਾਅ ਉਸ ਦੇ ਘਰ ਵੱਲ ਕਰ ਰਹੇ ਹਨ, ਉਨ੍ਹਾਂ ਖਿਲਾਫ ਕਾਰਵਾਈ ਕੀਤੀ ਜਾਵੇ ਅਤੇ ਉਸ ਨੂੰ ਇਨਸਾਫ ਦਿੱਤਾ ਜਾਵੇ। ਕਿਸੇ ਨੇ ਇਨਸਾਫ ਨਾ ਦਿੱਤਾ। ਅੱਜ ਵੀ ਜਦੋਂ ਸੰਦੀਪ ਕੌਰ ਆਪਣੀ ਫਰਿਆਦ ਲੈ ਕੇ ਡੀ. ਸੀ. ਦਫਤਰ ਪਹੁੰਚੀ ਤਾਂ ਉਸ ਨੂੰ ਡਿਪਟੀ ਕਮਿਸ਼ਨਰ ਨੂੰ ਮਿਲਣ ਨਹੀਂ ਦਿੱਤਾ ਗਿਆ, ਜਿਸ ਕਾਰਨ ਉਸ ਨੇ ਜ਼ਹਿਰੀਲਾ ਪਦਾਰਥ ਨਿਗਲ ਲਿਆ। ਇਸ ਤੋਂ ਬਾਅਦ ਸੰਦੀਪ ਕੌਰ ਨੂੰ ਰਾਜਿੰਦਰਾ ਹਸਪਤਾਲ ਦਾਖਲ ਕਰਵਾਇਆ ਗਿਆ। ਡਾਕਟਰ ਕਹਿ ਰਹੇ ਹਨ ਕਿ ਹਾਲਤ ਖਤਰੇ ਤੋਂ ਬਾਹਰ ਹੈ ਪਰ ਇਨ੍ਹਾਂ ਨੂੰ ਕੁਝ ਦਿਨਾਂ ਬਾਅਦ ਹੀ ਛੁੱਟੀ ਦਿੱਤੀ ਜਾਵੇਗੀ। ਉਨ੍ਹਾਂ ਦੋਸ਼ ਲਾਇਆ ਕਿ ਛੋਟੇ ਅਧਿਕਾਰੀ ਤਾਂ ਸੁਣਦੇ ਹੀ ਨਹੀਂ, ਜੇਕਰ ਡਿਪਟੀ ਕਮਿਸ਼ਨਰ ਵੀ ਫਰਿਆਦ ਨਹੀਂ ਸੁਣਨਗੇ ਤਾਂ ਕੌਣ ਸੁਣੇਗਾ।



# ਸੁਰਾਂ ਨਾਲ ਦਿਲ ਜਿੱਤਣ ਵਾਲਾ ਸਰਦੂਲ ਸਿਕੰਦਰ

**- ਹਨੀ ਸੋਢੀ**

ਮੌਤ ਹਰ ਜਿਉਂਦੀ ਚੀਜ਼ ਨੂੰ ਆਪਣੀ ਬੁੱਕਲ ’ਚ ਲਪੇਟ ਲੈਂਦੀ ਹੈ। ਜਾਣਾ ਦੁਨੀਆ ਤੋਂ ਸਾਰਿਆਂ ਨੇ ਹੈ ਪਰ ਉਹ ਫ਼ਨਕਾਰ ਜਿਨ੍ਹਾਂ ਨੇ ਆਪਣੀ ਕਲਾ ਦੀ ਬਦੌਲਤ ਸੱਭਿਆਚਾਰ ਦੀ ਸੇਵਾ ਕੀਤੀ ਹੋਵੇ, ਉਨ੍ਹਾਂ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਭਾਵੇਂ ਹਰ ਵਿਅਕਤੀ ਦਾ ਆਪਣਾ ਪਰਿਵਾਰ, ਸਕੇ-ਸਬੰਧੀਆਂ ਤੇ ਦਾਇਰੇ ’ਚ ਵੱਖਰਾ ਰੁਤਬਾ ਹੁੰਦਾ ਹੈ ਪਰ ਕਲਾਕਾਰ ਸਭ ਦੇ ਸਾਂਝੇ ਹੁੰਦੇ ਹਨ। ਉਨ੍ਹਾਂ ਦੇ ਗੀਤਾਂ ਅਤੇ ਲਿਖਤਾਂ ਨਾਲ ਜੁੜ ਕੇ ਅਸੀਂ ਉਨ੍ਹਾਂ ਨੂੰ ਆਪਣੇ ਪਰਿਵਾਰ ਦਾ ਹਿੱਸਾ ਮੰਨ ਲੈਂਦੇ ਹਾਂ। ਅਜਿਹਾ ਹੀ ਫ਼ਨਕਾਰ ਸੀ ਸੁਰਾਂ ਦਾ ਸਿਕੰਦਰ ‘ਸਰਦੂਲ ਸਿਕੰਦਰ’। 24 ਫਰਵਰੀ, 2021 ਨੂੰ ਸੱਚਮੁੱਚ ਉਹ ਸੁਰਾਂ ਦਾ ਦਰਿਆ ਵਹਿ ਗਿਆ। ਅਮਰ ਨੂਰੀ ਦੇ ਜੀਵਨ ਸਾਥੀ ਨੂੰ ਗਿਆਂ ਭਾਵੇਂ ਦੋ ਸਾਲ ਹੋ ਗਏ ਹਨ ਪਰ ਉਹ ਆਪਣੇ ਗਾਏ ਗੀਤਾਂ ਜ਼ਰੀਏ ਸਦਾ ਅਮਰ ਰਹੇਗਾ।

## ਪਿੰਡੇ ’ਤੇ ਹੰਢਾਈ ਗ਼ਰੀਬੀ

ਗ਼ਰੀਬੀ ਉਸ ਨੇ ਆਪਣੇ ਪਿੰਡੇ ’ਤੇ ਹੰਢਾਈ। ਆਪਣੀ ਸਖ਼ਤ ਮਿਹਨਤ ਤੇ ਲਗਨ ਨਾਲ ਉਸ ਨੇ ਲੋਕਾਂ ਦੇ ਦਿਲਾਂ ’ਚ ਆਪਣੀ ਇਕ ਵੱਖਰੀ ਜਗ੍ਹਾ ਬਣਾ ਲਈ ਸੀ ਤੇ ਉਸ ਦੇ ਤੁਰ ਜਾਣ ਮਗਰੋਂ ਵੀ ਲੋਕ ਉਸ ਨੂੰ ਚੇਤੇ ਕਰਦੇ ਨੇ। ਉਸ ਦਾ ਗਾਇਆ ਹਰ ਗੀਤ ‘ਮੌਤ ਵੀ ਨਹੀਂ ਆਉਣੀ ਮੈਨੂੰ ਤੇਰੇ ਤੋਂ ਬਗ਼ੈਰ ਨੀਂ’, ‘ਸਾਡਾ ਤੇਰੇ ਕੋਲ ਸਾਮਾਨ ਅਜੇ ਹੋਰ ਵੀ ਪਿਆ ਏ’, ‘ਚਿੱਠੀ ਕਿਹੜੇ ਵਤਨਾਂ ਨੂੰ ਪਾਵਾਂ’, ‘ਕਦੇ ਸਾਡੇ ਵਾਂਗੂ ’ਕੱਲਾ ਬਹਿ ਕੇ ਰੋ ਕੇ ਤਾਂ ਵੇਖੀਂ’, ‘ਸਾਡਿਆਂ ਪਰਾਂ ਤੋਂ ਸਿੱਖੀ ਉੱਡਣਾ’,‘ਖਤ ਟੁਕੜੇ ਟੁਕੜੇ ਕਰ ਦੇਣੇ’, ‘ਨਜ਼ਰਾਂ ਤੋਂ ਗਿਰ ਗਈ ਕੀ ਕਰੀਏ’, ‘ਯਾਰੀ ਪਰਦੇਸੀਆਂ ਦੀ’, ‘ਤੇਰਾ ਲਿਖਦੂ ਸਫ਼ੈਦਿਆਂ ’ਤੇ ਨਾਂ’, ‘ਲੱਗੀਆਂ ਦੇ ਦੁੱਖ ਚੰਦਰੇ’, ‘ਬੇਰੀਆਂ ਦੇ ਬੇਰ ਖਾਣੀਏ’, ‘ਇਸ਼ਕ ਬਰਾਂਡੀ’ ਅੱਜ ਵੀ ਸਰੋਤਿਆਂ ਦੀ ਜ਼ੁਬਾਨ ’ਤੇ ਹੈ। ਉਮਰ ਦਾ ਵੱਡਾ ਹਿੱਸਾ ਸਰਦੂਲ ਦੀ ਸੰਗੀਤ ਨਾਲ ਨੇੜਤਾ ਰਹੀ। ਆਪਣਾ ਸੰਗੀਤਕ ਸਫ਼ਰ ਉਸ ਨੇ ਦੂਰਦਰਸ਼ਨ ਜਲੰਧਰ ਤੋਂ ‘ਰੋਡਵੇਜ਼ ਦੀ ਲਾਰੀ’ ਗੀਤ ਨਾਲ ਸ਼ੁਰੂ ਕੀਤਾ ਸੀ। ਉਸ ਨੂੰ ਪੰਜਾਬੀ ਗਾਇਕੀ ’ਚ ਅਸਲ ਪਛਾਣ ‘ਫੁੱਲਾਂ ਦੀਏ ਕੱਚੀਏ ਵਪਾਰਨੇ’ ਗੀਤ ਨਾਲ ਮਿਲੀ। ਅੱਜ ਵੀ ਹਰ ਕੋਈ ਸਰਦੂਲ ਦੀ ਚੰਗਿਆਈ ਨੂੰ ਚੇਤੇ ਕਰਦਾ।

## ਉਦਾਸ ਗੀਤਾਂ ਨੂੰ ਖੁੱਭ ਕੇ ਗਾਇਆ

ਮੈਂ ਪਹਿਲਾਂ ਵੀ ਉਸ ਦੇ ਗੀਤ ਸੁਣਦਾ ਸੀ ਤੇ ਉਸ ਦੇ ਤੁਰ ਜਾਣ ਮਗਰੋਂ ਵੀ। ਉਸ ਨੇ ਹਰ ਵੰਨਗੀ ਦੇ ਗੀਤ ਗਾਏ ਪਰ ਉਦਾਸ ਗੀਤਾਂ ਨੂੰ ਜ਼ਿਆਦਾ ਖੁੱਭ ਕੇ ਗਾਇਆ। ਉਸ ਦੇ ਗਾਣੇ ਦੀ ਪੇਸ਼ਕਾਰੀ ’ਚ ਏਨੀ ਸ਼ਿੱਦਤ, ਮੂੰਹੋਂ ਖ਼ੁਦ ਨਿਕਲਦਾ ਕਮਾਲ-ਬਾਕਮਾਲ। ਜਦੋਂ ਉਸ ਦਾ ਗਾਇਆ ਗੀਤ ‘ਤੇਰੇ ਕੋਲੋਂ ਯਾਰਾ ਸਾਨੂੰ ਇਹੋ ਜਿਹੀ ਉਮੀਦ ਨਹੀਂ ਸੀ’ ਸੁਣਦਾ ਤਾਂ ਲੱਗਦਾ ਵਾਕਿਆ ਹੀ ਅਜੇ ਉਸ ਕੋਲੋਂ ਇਹ ਉਮੀਦ ਨਹੀਂ ਸੀ। ਅਜੇ ਸੰਗੀਤ ਤੇ ਪਰਿਵਾਰ ਨੂੰ ਉਸ ਦੀ ਬਹੁਤ ਲੋੜ ਸੀ। ਹਾਲੇ ਹੋਰ ਗਾਉਣ ਦਾ ਵੇਲਾ ਸੀ। ਜਦੋਂ ਉਸ ਦਾ ਗੀਤ ‘ਪੱਤਝੜਾਂ ’ਚ ਪੱਤਿਆਂ ਦਾ ਹਾਲ ਪੁੱਛਦੀ ਏ ਨੀਂ ਤੂੰ ਜਾਣ-ਜਾਣ ਕੇ’ ਕੋਈ ਸੁਣਦਾ ਹੈ ਤਾਂ ਆਪਣੀ ਪੀੜ ਦੇ ਨਾਲ-ਨਾਲ ਉਸ ਦੀ ਪੀੜ ਦਾ ਅਹਿਸਾਸ ਵੀ ਜ਼ਰੂਰ ਹੋਵੇਗਾ। ਪਰਦੇਸੀਆਂ ਬਾਰੇ ਉਸ ਦਾ ਗੀਤ ‘ਲੋਕਾਂ ਦੇ ਪੁੱਤ ਨਿੱਤ ਵਤਨਾਂ ਨੂੰ ਆਉਂਦੇ ਤੇਰਾ ਆਉਂਦਾ ਨਹੀਂ ਚੰਦਰਾ ਜਹਾਜ਼’ ਅੱਜ ਵੀ ਦਿਲਾਂ ’ਚ ਦਰਦ ਨੂੰ ਜਗਾ ਦਿੰਦਾ ਹੈ। ਹਰ ਵਿਆਹ ਵਾਲੀ ਫਿਲਮ ’ਚ ਡੋਲੀ ਵੇਲੇ ਚੱਲਦਾ ਗੀਤ ‘ਪਿੱਛੋਂ ਵੇਖ-ਵੇਖ ਰੋਵੀਂ ਮੇਰੇ ਗੁੱਡੀਆਂ ਪਟੋਲੇ’ ਸੁਣ ਕੇ ਹਰ ਅੱਖ ’ਚ ਬਿਨਾਂ ਰੋਕਿਆਂ ਹੰਝੂ ਆ ਜਾਂਦੇ। ਜਦੋਂ ਉਸ ਦੇ ਗਾਏ ਉਦਾਸ ਗੀਤ ਸੁਣਦੇ ਤਾਂ ਇਹੀ ਲੱਗਦਾ ਸ਼ਾਇਦ ਉਹ ਗਾਉਂਦਾ ਹੀ ਸਾਡੇ ਲਈ ਸੀ। ਇਹੀ ਨਹੀਂ ਕਿ ਉਸ ਨੇ ਉਦਾਸ ਗੀਤ ਗਾਏ, ਜਦੋਂ ਉਹ ‘ਇਕ ਚਰਖਾ ਗਲੀ ਦੇ ਵਿਚ ਡਾਹ ਲਿਆ’ ਗੀਤ ਗਾਉਂਦਾ ਤਾਂ ਦਿਲ ਨੱਚਣ ਨੂੰ ਆਪ-ਮੁਹਾਰੇ ਕਰਦਾ।

## ਧਾਰਮਿਕ ਗਾਇਕੀ ’ਚ ਨਾਂ

ਧਾਰਮਿਕ ਗਾਇਕੀ ’ਚ ਵੀ ਸਰਦੂਲ ਸਿਕੰਦਰ ਨੇ ਸਫਲਤਾ ਪੱਖੋਂ ਨਵੇਂ ਆਯਾਮ ਤੈਅ ਕੀਤੇ ਹਨ। ‘ਦੇ ਚਰਨਾਂ ਦਾ ਪਿਆਰ, ਮਾਏ ਨੀ ਮੈਨੂੰ ਰੱਖ ਲੈ ਸੇਵਾਦਾਰ’, ‘ਹੋਏ ਨਾ ਦੀਦਾਰ’, ‘ਸ਼ਿਵਾ ਦਾ ਡਮਰੂ ਵੱਜਦਾ’, ਦਵਾਰਾ ਸ਼ੇਰਾਂਵਾਲੀ ਦਾ’, ‘ਦੁੱਖ ਕਟ ਜਾਣਗੇ’, ‘ਸਾਡੇ ਘਰ ਜਗਰਾਤਾ ਹੋਇਆ’, ‘ਆਜਾ ਦਾਤੀਏ’, ‘ਭਗਤ ਧਿਆਨੂ ਵਾਂਗੂ ਨੱਚਣਾ’, ‘ਸਾਨੂੰ ਵੀ ਚਿੱਠੀ ਪਾਈਂ ਦਾਤੀਏ’, ‘ਖੋਲ੍ਹ ਬੂਹੇ ਮੰਦਰਾਂ ਦੇ’ ਉਸ ਦੀਆਂ ਚਰਚਿਤ ਭੇਟਾਂ ਹਨ। ‘ਖ਼ਾਲਸੇ ਦੀ ਚੜ੍ਹਦੀ ਕਲਾ’, ‘ਬਾਬਾ ਨਾਨਕ’, ‘ਪੰਥ ਖ਼ਾਲਸਾ’, ‘ਸੀਸਾਂ ਦੇ ਵਣਜਾਰੇ’ ਜਿਹੇ ਧਾਰਮਿਕ ਗੀਤ ਗਾਏ।

## ਕਦੇ ਨਹੀਂ ਭੁੱਲਣੇ ਉਸ ਦੇ ਗਾਏ ਗੀਤ

ਭਾਵੇਂ ਸੁਰ ਸਾਧਨਾ ਮਿੱਟੀ ਦੇ ਢੇਰ ਥੱਲੇ ਦੱਬ ਗਈ ਹੈ। ਪਤਾ ਨਹੀਂ ਕੌਣ ਉਸ ਨੂੰ ਕਿੰਨਾ ਕੁ ਚਿਰ ਚੇਤੇ ਰੱਖੇਗਾ ਪਰ ਉਸ ਦੇ ਗਾਣੇ ਕਦੇ ਨਹੀਂ ਭੁੱਲਣੇ। ਉਹ ਕਮਾਲ ਦਾ ਗਵੱਈਆ। ਜਦੋਂ ਕਿਤੇ ਸਟੇਜ ’ਤੇ ਗਾਉਂਦਾ ਤਾਂ ਸਰੋਤੇ ਅਸ਼-ਅਸ਼ ਕਰ ਉੱਠਦੇ ਸਨ। ਜਿਉਂਦੇ ਬੰਦੇ ਦੀ ਸਾਨੂੰ ਅਹਿਮੀਅਤ ਪਤਾ ਨਹੀਂ ਹੁੰਦੀ ਪਰ ਜਦੋਂ ਉਹ ਦੁਨੀਆ ਤੋਂ ਰੁਖ਼ਸਤ ਹੋ ਜਾਂਦੈ ਤਾਂ ਉਸ ਦੀ ਘਾਟ ਰੜਕਦੀ ਰਹਿੰਦੀ। ਮਰਨਾ ਸੱਚ ਹੈ, ਸਭ ਦੀ ਵਾਰੀ ਆਉਂਦੀ ਹੈ ਪਰ ਚੰਗੇ ਬੰਦਿਆਂ ਦਾ ਮਰਨਾ ਕਿੰਨਾ ਦੁੱਖਦਾਈ ਹੁੰਦਾ ਹੈ। ਉਸ ਦੇ ਤੁਰ ਜਾਣ ਮਗਰੋਂ ਵੀ ਉਸ ਦੀਆਂ ਗੱਲਾਂ ਚੇਤੇ ਆਉਂਦੀਆਂ ਰਹਿੰਦੀਆਂ। ਅੱਜ ਵੀ ਜਦੋਂ ਕਿਤੇ ਉਸ ਦੇ ਗਾਏ ਗੀਤ ਚੱਲ ਰਹੇ ਹੋਣ ਤਾਂ ਯਾਦ ਕਰ ਅੱਖਾਂ ਨਮ ਹੋ ਜਾਂਦੀਆਂ।

## ਫਿਲਮਾਂ ’ਚ ਖੱਟਿਆ ਖ਼ੂਬ ਨਾਂ

ਸਰਦੂਲ ਨੇ ਸਿਰਫ਼ ਗੀਤ ਹੀ ਨਹੀਂ ਗਾਏ, ਫਿਲਮਾਂ ’ਚ ਵੀ ਖ਼ੂਬ ਨਾਮਣਾ ਖੱਟਿਆ। ਪੰਜਾਬੀ ਫਿਲਮ ‘ਜੱਗਾ ਡਾਕੂ’ ’ਚ ਉਸ ਨੇ ਪੁਲਿਸ ਇੰਸਪੈਕਟਰ ਦਾ ਕਿਰਦਾਰ ਨਿਭਾਇਆ। ਜਿੰਮੀ ਸ਼ੇਰਗਿੱਲ ਦੀ ਫਿਲਮ ‘ਮੁੰਡੇ ਯੂਕੇ ਦੇ’ ’ਚ ਉਸ ਵੱਲੋਂ ਗਾਏ ਤੇ ਬਾਬੂ ਸਿੰਘ ਮਾਨ ਦੀ ਕਲਮ ਤੋਂ ਲਿਖੇ ਗੀਤ ‘ਕੁਝ ਬੋਲ ਜ਼ੁਬਾਨੋ ਬੋਲ’ ਨੂੰ ਸਰੋਤਿਆਂ ਖ਼ੂਬ ਸਲਾਹਿਆ। ਪੰਜਾਬੀ ਫਿਲਮ ‘ਪੁਲਿਸ ਇਨ ਪਾਲੀਵੁੱਡ’ ’ਚ ਭਗਵੰਤ ਮਾਨ ਤੇ ਮਰਹੂਮ ਰਾਜ ਬਰਾੜ ਨਾਲ ਅਹਿਮ ਕਿਰਦਾਰ ਨਿਭਾਇਆ। ‘ਹੀਰੋ’ ਫਿਲਮ ’ਚ ਉਸ ਨੇ ਜਸਪਿੰਦਰ ਨਰੂਲਾ ਨਾਲ ‘ਮਾਰੀ ਕੋਇਲ ਨੇ ਐਸੀ ਕੂਕ’ ਗੀਤ ਗਾਇਆ। ‘ਦੁਸ਼ਮਣੀ ਜੱਟਾਂ ਦੀ’, ‘ਇਸ਼ਕ ਨਚਾਵੇ ਗਲੀ-ਗਲੀ’ ‘ਪਿਆਸਾ’ ਪੰਜਾਬੀ ਫਿਲਮਾਂ ’ਚ ਉਸ ਨੇ ਗੀਤਾਂ ਨੂੰ ਆਪਣੀ ਆਵਾਜ਼ ਦਿੱਤੀ।

## ਬਾਕੀਆਂ ਨਾਲੋਂ ਵੱਖਰੀ ਕਲਾ

ਉਸ ਨੇ ਇਹ ਵੀ ਧਾਰਨਾ ਤੋੜੀ ਕਿ ਗਾਉਣ ਵਾਲੇ ਦਾ ਕਲਾ ਨਾਲ ਤਾਅਲੁਕ ਹੋਣਾ ਚਾਹੀਦਾ, ਗੋਰੇ-ਕਾਲੇ ਰੰਗ ਨਾਲ ਕੀ ਤਾਅਲੁਕ। ਰੰਗ ਤਾਂ ਕੁਦਰਤ ਦੀ ਦੇਣ ਹੈ ਪਰ ਕਲਾ ਤੁਹਾਡੀ ਮਿਹਨਤ। ਇਸ ਦੁਨੀਆ ਤੋਂ ਜਾਣਾ ਸਾਰਿਆਂ ਨੇ ਹੈ, ਅੱਗੜ-ਪਿੱਛੜ ਵਾਰੀ ਸਭ ਦੀ ਆਉਣੀ ਤੈਅ ਹੈ ਪਰ ਸਰਦੂਲ ਦੇ ਬੇਵਕਤੀ ਤੁਰ ਜਾਣ ਦਾ ਦੁੱਖ ਇਸ ਕਰਕੇ ਜ਼ਿਆਦਾ ਹੁੰਦਾ ਕਿਉਂਕਿ ਉਸ ਦੀ ਕਲਾ ਉਸ ਨੂੰ ਬਾਕੀਆਂ ਨਾਲੋਂ ਵੱਖਰਾ ਕਰਦੀ ਹੈ। ਇਹੀ ਕਲਾ ਪ੍ਰਸਿੱਧੀ ਦਿੰਦੀ ਹੈ, ਪੈਸਾ ਦਿੰਦੀ ਹੈ, ਸ਼ੁਹਰਤ ਦਿੰਦੀ ਹੈ ਤੇ ਜਦੋਂ ਮੌਤ ਦਿੰਦੀ ਹੈ ਤਾਂ ਦੇਖਣ-ਸੁਣਨ ਵਾਲਿਆਂ ਦੀਆਂ ਅੱਖਾਂ ’ਚ ਹੰਝੂ ਵੀ ਦੇ ਜਾਂਦੀ ਹੈ। ਉਸ ਦੇ ਤੁਰ ਜਾਣ ਮਗਰੋਂ ਅੱਜ ਹਰ ਗਵੱਈਆ ਉਸ ਦਾ ਗੀਤ ਗਾ ਕੇ ਉਸ ਨੂੰ ਸ਼ਰਧਾਂਜਲੀ ਦਿੰਦੈ।

# ਸਾਡੇ ਲਈ ਇਨਸਾਫ਼ ਹੈ ਕਿੱਥੇ?

ਦੇ ਸਾਹਮਣੇ ਆਪਣਾ ਸੀਸ, ਧੜ ਤੋਂ ਜੁਦਾ ਕਰਵਾ ਲੈਣਾ ਸਵੀਕਾਰ ਕਰ ਲਿਆ ਸੀ ਤੇ ਆਪਣੇ ਜਾਂਬਾਜ ਸੇਵਕਾਂ, ਭਾਈ ਸਤੀ ਦਾਸ, ਭਾਈ ਮਤੀ ਦਾਸ ਤੇ ਭਾਈ ਦਿਆਲਾ ਜੀ ਨੂੰ ਵੀ ਅਕਹਿ ਕਸ਼ਟ ਸਹਾਰਦਿਆਂ, ਧਰਮ ਤੋਂ ਕੁਰਬਾਨ ਹੋ ਜਾਣ ਲਈ ਤਿਆਰ ਕਰ ਦਿੱਤਾ ਸੀ। ਕੀ ਸਾਵਰਕਰ ਦੀ ਕੁਰਬਾਨੀ ਇਕ ਪੂਰੀ ਕੌਮ ਦੇ ਉਸਰੱਈਆਂ ਦੀ ਕੁਰਬਾਨੀ ਨਾਲ ਤੋਲੀ ਜਾ ਸਕਦੀ ਹੈ? ਹਰਗਿਜ਼ ਹਰਗਿਜ਼ ਨਹੀਂ, ਫਿਰ ਉਨ੍ਹਾਂ ਦੇ ਪੈਰੋਕਾਰਾਂ ਤੇ ਉਨ੍ਹਾਂ ਦੀ ਸਰਜ਼ਮੀ ਨਾਲ ਦੁਰਾਂਡ, ਪੱਖਪਾਤ, ਕੀਨਾ ਤੇ ਸਾੜਾ ਕਿਉਂ? ਦੋ ਪ੍ਰਤਿਸ਼ਤ ਸਿੱਖ ਕੌਮ ਨੇ ਆਜ਼ਾਦੀ ਦੇ ਸੰਘਰਸ਼ ਤੋਂ ਲੈ ਕੇ ਅੱਜ ਤੱਕ 80 ਫੀਸਦੀ ਤੋਂ ਵੱਧ ਯੋਗਦਾਨ ਦੇ ਕੇ ਹਰ ਆਫ਼ਤ, ਮੁਸੀਬਤ, ਹੜ੍ਹਾਂ, ਭੁਚਾਲਾਂ, ਸੋਕਿਆ ਡੋਬਿਆਂ ‘ਤੇ ਹੀ ਨਹੀਂ ਸਗੋਂ ਹਰੀ ਤੇ ਚਿੱਟੀ ਕ੍ਰਾਂਤੀ ਕਰਕੇ ਪੂਰੇ ਦੇਸ਼ ਦੇ ਭੰਡਾਰੇ ਭਰੇ। ਫਿਰ ਵੀ ਅਤਿਵਾਦੀ ਹਾਂ ਅਸੀਂ? ਖਾਲਿਸਤਾਨੀ ਵੀ? ਕੀ ਖ਼ਾਲਿਸਤਾਨ ਦਾ ਅਸਲ ਮਤਲਬ ਕਿਸੇ ਨੂੰ ਸਮਝ ਆਉਂਦੈ? ਨਹੀਂ, ਬਿਲਕੁਲ ਨਹੀਂ। ਬੱਸ ਇਕ ਲਫ਼ਜ਼ ਨੇ ਪੂਰੀ ਦੁਨੀਆ ਨੂੰ ਇਕ ਫੋਬੀਆ (ਸਹਿਮ) ਕਰ ਦਿੱਤਾ ਹੈ। ਖ਼ਾਲਸ ਦਾ ਤਾਂ ਭਾਵ ਹੀ ਬਿਲਕੁਲ ਸ਼ੁੱਧ, ਖੋਟ ਰਹਿਤ ਅਤੇ ਪਵਿੱਤਰ ਹੈ। ਪਰ ਅਸੀਂ ਕੰਧਾਂ ਤੇ ਲਿਖੇ ਨਾਅਰੇ ਪੜ੍ਹ ਕੇ, ਸ੍ਰ. ਜਰਨੈਲ ਸਿੰਘ ਭਿੰਡਰਾਂਵਾਲੇ ਦੀ ਫੋਟੋ ਦੇਖ ਕੇ, ਉਨ੍ਹਾਂ ਬਾਰੇ ਲਿਖੀ ਕੋਈ ਕਿਤਾਬ ਪੜ੍ਹ ਕੇ ਜਾਂ ਰੱਖਣ ਵਾਲੇ ਨੂੰ ਜੇਲਾਂ ‘ਚ ਡੱਕ ਰਹੇ ਹਾਂ। ਉਦੋਂ ਕਿੱਥੇ ਸਨ ਇਹ ਜੁਰਅਤਾਂ ਜਦੋਂ ਸੱਚੀਆਂ ਪਾਤਿਸ਼ਾਹੀਆਂ ਨੂੰ ਤੱਤੀਆਂ ਤਵੀਆਂ ਤੇ ਭੁੰਨਿਆ ਜਾ ਰਿਹਾ ਸੀ? ਤੇ ਕੱਚੀਆਂ ਗੜ੍ਹੀਆ ਵਿਚ ਸਵਾ ਸਵਾ ਲੱਖ ਟਿੱਡੀ ਦਲ (ਮੁਗਲੀਆ ਫ਼ੌਜਾਂ) ਨਾਲ ਲੜ ਲੜ ਕੇ ਸਾਡੇ ਸੱਚੇ ਸਪੁੱਤਰ ਸ਼ਹੀਦੀਆਂ ਪਾ ਰਹੇ ਸਨ?

ਦਿੱਲੀ ਦੇ ਲਾਲ ਕਿਲੇ ‘ਤੇ ਸਾਡੇ ਬਜ਼ੁਰਗਾਂ ਨੇ ਹੀ ਕੇਸਰੀ ਨਿਸ਼ਾਨ ਲਹਿਰਾਏ । ਸਾਡੇ ਬੱਬਰ ਸ਼ੇਰ ਨੇ ਦਿੱਲੀ ਤੋਂ ਕਾਬਲ ਕੰਧਾਰ ਤੱਕ ਕਿਲੇ ਹਲਾਏ। ਸਾਡੇ ਬਹਾਦਰ ਬਾਬੇ ਨੇ ਪੰਜਾਬ ਵਿਚ ਪਹਿਲੀ ਖਾਲਸਾਈ ਹਕੂਮਤ ਸਥਾਪਿਤ ਕੀਤੀ। ਕੀ ਇਹ ਦੇਸ਼ ਗਾਂਧੀ ਦੀ ਲਾਠੀ ਤੇ ਬੱਕਰੀ ਨੇ ਆਜ਼ਾਦ ਕਰਵਾ ਲਿਆ ਸੀ? ਨਹੀਂ, ਬਿਲਕੁਲ ਨਹੀਂ, ਇਸ ਵਿਚ ਪੰਜਾਬ ਦੀ ਜਵਾਨੀ ਦਾ ਖ਼ੂਨ ਪਸੀਨਾ, ਖ਼ੁਸ਼ੀਆਂ-ਖੇੜੇ ਅਤੇ ਸੁੱਖ ਦੁੱਖ ਸਭ ਦਫ਼ਨ ਹੋਏ ਪਏ ਹਨ ਤੇ ਜਿਹੜਾ ਅਕਹਿ ਤੇ ਅਸਹਿ ਸੰਤਾਪ, ਦਰਦ, ਵਿਗੋਚਾ, ਬਿਰਹਾ ਅਤੇ ਨੁਕਸਾਨ ਪੰਜਾਬੀਆਂ ਨੇ 1947 ਤੇ 1984 ਵਿਚ ਹੰਢਾਇਆ ਉਸੇ ਵਰਗਾ ਕਹਿਰ ਅੱਜ ਹੜ੍ਹਾਂ ਕਾਰਨ ਪੰਜਾਬੀ ਫਿਰ ਹੰਢਾਉਣ ਲਈ ਬੇਬਸ ਹਨ। ‘ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ’ ਸਾਨੂੰ ਰੱਬ ਨੇ ਪੈਦਾ ਹੀ ਲੋਕਾਂ ਵਾਸਤੇ ਕੀਤਾ ਹੈ - ਗੁਰੂ ਦੇ ਆਜ਼ਾਦ ਕੀਤੇ ਬੰਦੇ, ਬੰਧਨ-ਮੁਕਤ, ਬੇਪ੍ਰਵਾਹ, ਲਟਬੌਰੇ, ਮਸਤ ਪਰ ਸਾਨੂੰ ਸਮਝਦਾ ਹੀ ਕੋਈ ਨਹੀਂ ਕਿ ਪਿਆਰ ਨਾਲ ਅਸੀਂ ਗੁਲਾਮੀ ਵੀ ਸਹਿ ਸਕਦੇ ਹਾਂ ਪਰ ਧਿੰਗੋਜ਼ੋਰੀ ਜਾਂ ਡੰਡੇ ਦੇ ਰੋਹਬ ਨਾਲ ਅਸੀਂ ‘ਡਾਂਗਾਂ ਉਲਾਰ ਕੇ’ ਵੀ ਖੜ੍ਹੇ ਹੋ ਸਕਦੇ ਹਾਂ।

‘ਕੌਮੀ ਇਨਸਾਫ਼ ਮੋਰਚਾ’ 7 ਜਨਵਰੀ ਤੋਂ ਕਾਰਜਸ਼ੀਲ ਹੈ। ਕਿੰਨਾ ਕੁ ਇਨਸਾਫ਼ ਦਿੱਤਾ ਗਿਆ ਸਾਨੂੰ? ਵੀਹ ਵੀਹ ਸਾਲ ਦੀ ਕੈਦ ਕੱਟ ਰਹੇ ਕਾਮੀ, ਕਾਤਲ ਤੇ ਵਿਭਚਾਰੀ ਤਾਂ ਸਾਲ ਵਿਚ ਵਾਰ-ਵਾਰ ਲੰਮੀਆਂ ਪੈਰੋਲਾਂ ਦੇ ਹੱਕਦਾਰ ਹਨ ਇੱਥੇ ਤੇ ਬਿਲਕੀਸ ਬਾਨੋ ਦੇ ਬਲਾਤਕਾਰੀ ਤੇ ਪਰਿਵਾਰ ਦੇ ਕਾਤਲ, ‘ਚੰਗੇ ਆਚਰਣ’ ਕਾਰਨ ਜੇਲ੍ਹ-ਮੁਕਤ ਹੋ ਚੁੱਕੇ ਹਨ। ਤੇ ਸਿੱਖ ਬੰਦੀਆਂ ਲਈ ਸਾਰੇ ਕਾਨੂੰਨ ਵੱਖਰੇ ਕਿਉਂ ਹਨ? ਕਿਉਂ ਇਨ੍ਹਾਂ ਦੀਆਂ ਪਟੀਸ਼ਨਾਂ ਦਹਾਕਿਆਂ ਤੋਂ ਹੁਕਮਰਾਨਾਂ ਦੀਆਂ ਫਾਈਲਾਂ ਵਿਚ ਬੰਦ ਹਨ? ਸ਼ਰੇਆਮ ਪੱਖਪਾਤ, ਦਿਸਦੀਆਂ ਵਾਪਰਦੀਆਂ ਜ਼ਿਆਦਤੀਆਂ, ਵੋਟਾਂ ਦੀ ਰਾਜਨੀਤੀ, ਘੱਟ ਗਿਣਤੀਆਂ ਨਾਲ ਅਲੱਗ ਵਰਤਾਰਾ ਸਾਡੇ ਸੰਵਿਧਾਨ ਦੀਆਂ ਅਨੇਕ ਮੱਦਾਂ ਨਾਲ ਖਿਲਵਾੜ ਹੈ ਲੋਕਤੰਤਰ ‘ਤੇ ਧੱਬਾ ਅਤੇ ਮਨੁੱਖੀ ਅਧਿਕਾਰਾਂ ਦੀ ਬੇਕਦਰੀ। ਪੰਜਾਬ ਤੇ ਖ਼ਾਸ ਕਰਕੇ ਸਿੱਖਾਂ ਨੂੰ ਵਿਤਕਰੇ ਦਾ ਸ਼ਿਕਾਰ ਬਣਾਏ ਜਾਣ ਕਰਕੇ ਪੰਜਾਬੀਆਂ ਦਾ ਪੰਜਾਬ ਤੋਂ ਹੀ ਮੋਹ ਭੰਗ ਕਰ ਦਿੱਤਾ ਗਿਆ ਹੈ ਜਿਸ ਕਰਕੇ ਸਾਡੇ ਬੱਚੇ ਵਿਦੇਸ਼ਾਂ ਦਾ ਧੜਾ ਧੜ ਰੁਖ ਕਰ ਰਹੇ ਹਨ। ਨਸ਼ਿਆਂ ਦੀ ਦਲਦਲ ਵਿਚ ਗਰਕਾ ਦਿੱਤੇ ਗਏ ਹਨ। ਗੈਂਗਸਟਰ ਬਣਾ ਦਿੱਤੇ ਗਏ ਹਨ। ਹਾਲਾਤ ਨੇ ਸਾਨੂੰ ਕਿੱਥੋਂ ਕਿੱਥੇ ਪਹੁੰਚਾ ਦਿੱਤਾ ਹੈ, ਪੰਜਾਬ ਉੱਜੜਦਾ ਪੁੱਜੜਦਾ ਜਾ ਰਿਹਾ ਹੈ। ਮੌਜੂਦਾ ਸਰਕਾਰ ਦੇ ਕਾਰਗਰ ਜਤਨ ਵੀ ਨਾਕਾਫੀ ਸਿੱਧ ਹੋ ਰਹੇ ਹਨ।

ਸਰਹੱਦੀ ਇਲਾਕਾ ਹੋਣ ਕਰਕੇ, ਇਹ ਦੁਸ਼ਮਣ ਦੀ ਮਾਰ ਦਾ ਪਹਿਲਾ ਸ਼ਿਕਾਰ ਹੈ। ਕੀ ਪੰਜਾਬ, ਹਿਮਾਚਲ ਵਾਂਗ ਵਿਸ਼ੇਸ਼ ਅਧਿਕਾਰ ਦਾ ਹੱਕਦਾਰ ਨਹੀਂ ਹੋ ਸਕਦਾ? ਇੱਥੇ ਹਰ ਲੰਡੀ ਬੁੱਚੀ ਜ਼ਮੀਨ ਖ਼ਰੀਦ ਕੇ ਘਰ ਮਕਾਨ ਬਣਾਈ ਜਾ ਰਿਹਾ ਹੈ। ਪੰਜਾਬ ਹੀ ਨਹੀਂ ਸਗੋਂ ਇੱਥੇ ਪੰਜਾਬੀਅਤ ਵੀ ਮਿਟ ਰਹੀ ਹੈ ਤੇ ਬਿਹਾਰਸਤਾਨ ਜਾਂ ਭੱਈਆਸਤਾਨ ਦੇ ਦਰਸ਼ਨ ਹੋ ਰਹੇ ਹਨ ਚਾਰ ਚੁਫ਼ੇਰੇ। ਕੋਈ ਸਰਕਾਰ ਇਸ ਬਾਰੇ ਸੰਜੀਦਾ ਨਹੀਂ, ਐਕਸ਼ਨ ਮੋਡ ‘ਚ ਨਹੀਂ।

ਬੇਅਦਬੀਆਂ ਦੀ ਬਰਸਾਤ ਨਿਰੰਤਰ ਜਾਰੀ ਹੈ। 2007 ਤੋਂ ਸ਼ੁਰੂ ਹੋਇਆ ਇਹ ਸਿਲਸਿਲਾ 2023 ਵਿਚ ਹੋਰ ਗਤੀ ਫੜ ਗਿਆ ਹੈ। ਕੋਈ ਦਿਨ ਅਜਿਹਾ ਨਹੀਂ ਗੁਜ਼ਰਦਾ ਜਦੋਂ ਆਲੇ ਦੁਆਲੇ ਦੇ ਗੁਰਦਵਾਰਿਆਂ ਤੋਂ ਬੇਅਦਬੀ ਦੀਆਂ ਖਬਰਾਂ ਨਹੀਂ ਆਉਂਦੀਆਂ। ਸਿਰਫਿਰੇ, ਸਨਕੀ ਤੇ ਮਾਨਸਿਕ ਰੋਗੀ ਬੇਪੱਤੀ ਕਰਨ ਲਈ ਸਿੱਧੇ ਗੁਰਦਵਾਰਿਆਂ ਵਿਚ ਹੀ ਆ ਧਮਕਦੇ ਹਨ, ਕਿਸੇ ਹੋਰ ਧਾਰਮਿਕ ਸਥੱਲ ਵੱਲ ਨਹੀਂ ਜਾਂਦੇ ਕਿਉਂਕਿ ਕਾਨੂੰਨੀ ਲਚਕੀਲੇਪਨ ਨੇ ਉਨ੍ਹਾਂ ਦੇ ਹੌਸਲੇ ਬੁਲੰਦ ਕਰ ਰੱਖੇ ਹਨ। ਸ੍ਰੀ ਦਰਬਾਰ ਸਾਹਿਬ ਨੇੜਲੇ ਗਲਿਆਰਿਆਂ ਵਿਚ ਧਮਾਕੇ ਕਰਨ ਵਾਲਿਆਂ ਦਾ ਕੀ ਕੀਤਾ ਗਿਆ? ਕਿਹੜੀ ਸਜ਼ਾ ਹੋਈ? ਕੌਣ ਪਿੱਛੇ ਸੀ ਉਨ੍ਹਾਂ ਦੇ? ਕਿਸੇ ਨੇ ਨਸ਼ਰ ਨਹੀਂ ਕੀਤਾ ਅੱਜ ਤੱਕ। ਤਿੰਨ ਤਿੰਨ ਸਰਕਾਰਾਂ ਆਈਆਂ ਤੇ ਗਈਆਂ ਪਰ ਬੇਅਦਬੀਆਂ ਦਾ ਭੋਗ ਨਹੀਂ ਪਾਇਆ ਜਾ ਸਕਿਆ।

ਸਮੁੱਚੇ ਤੌਰ ‘ਤੇ ਕਿਹਾ ਜਾ ਸਕਦਾ ਹੈ ਕਿ ਸਾਡੇ ਲਈ ਇਨਸਾਫ਼ ਬੜੀ ਦੂਰ ਦੀ ਗੱਲ ਹੈ। ਪੰਜਾਬ ਪ੍ਰਤਿ ਬੇਰੁਖੀ, ਅਣਗੌਲਣਾ ਅਤੇ ਪੱਖਪਾਤ ਬਾਦਸਤੂਰ ਜਾਰੀ ਹੈ ਭਾਵੇਂ ਸਾਡੇ ਪੁਰਖਿਆਂ ਤੇ ਜਾਂਬਾਜ਼ਾਂ ਨੇ ਸਭ ਕੁਝ ਇਸ ਦੇਸ਼ ਤੋਂ ਨਿਛਾਵਰ ਕਰ ਦਿੱਤਾ ਸੀ। ਅਸੀਂ ਅਜੇ ਵੀ ਆਸ ਲਗਾਈ ਬੈਠੇ ਹਾਂ ਕਿ ਸਾਡੇ ਬੇਸ਼ਕੀਮਤੀ ਯੋਗਦਾਨ ਕਾਰਨ ਕਦੇ ਤਾਂ ਸਾਡੇ ਹਾਕਮ ਇਸ ਪੁੰਨ ਭੂਮੀ ‘ਤੇ ਮਿਹਰਬਾਨ ਹੋਣਗੇ। ਕਦੇ ਤਾਂ ਸਾਨੂੰ ਸਹੀ ਸੰਦਰਭ ਵਿਚ ਸਮਝਿਆ ਜਾਵੇਗਾ।

## ਨਸ਼ਿਆਂ ਦੀ ਦਲਦਲ ’ਚ ਬੁਰੀ ਤਰ੍ਹਾਂ ਫਸਦੇ ਜਾ ਰਹੇ ਹਨ ਪੰਜਾਬੀ

ਨੂੰ ਨਸ਼ਿਆਂ ਦੀ ਵਰਤੋਂ ਕਾਰਨ ਹੋਣ ਵਾਲੇ ਨੁਕਸਾਨ ਬਾਰੇ ਦੱਸਣ ਲਈ ਕਰਨੀ ਚਾਹੀਦੀ ਹੈ।

ਅਲਰੀਸ ਤੇ ਜੈਕ ਟ੍ਰਾਊਟ ਸੁਝਾਅ ਦਿੰਦੇ ਹਨ ਕਿ ਨਸ਼ੀਲੇ ਪਦਾਰਥਾਂ ਦੀ ਵਰਤੋਂ ਹਰ ਕਿਸਮ ਦੇ ਨੁਕਸਾਨ (ਨੌਕਰੀ, ਪਰਿਵਾਰ, ਸਵੈ-ਮਾਣ) ਦਾ ਕਾਰਨ ਬਣਦੀ ਹੈ। ਇਸ ਲਈ ‘ਡਰੱਗਜ਼ ਹਾਰਨ ਵਾਲਿਆਂ ਲਈ’ ਵਰਗੀ ਸਾਧਾਰਨ ਮੁਹਿੰਮ ਦਾ ਸ਼ਕਤੀਸ਼ਾਲੀ ਪ੍ਰਭਾਵ ਹੋ ਸਕਦਾ ਹੈ। ਅਜਿਹੀਆਂ ਮੁਹਿੰਮਾਂ ਨੂੰ ਰੋਲ ਮਾਡਲਾਂ ਦੀ ਮਹੱਤਤਾ ਨੂੰ ਵੀ ਪਛਾਣਨਾ ਚਾਹੀਦਾ ਹੈ। ‘ਜੀਨ ਪਿਗੇਟ ਦੇ ਵਿਕਾਸ ਸਿਧਾਂਤ’ ਅਨੁਸਾਰ ਜਿਵੇਂ-ਜਿਵੇਂ ਬੱਚੇ ਆਪਣੇ ਆਲੇ-ਦੁਆਲੇ ਨਾਲ ਜੁੜਦੇ ਹਨ, ਉਹ ਮਾਨਸਿਕ ਢਾਂਚੇ ਦਾ ਵਿਕਾਸ ਕਰਦੇ ਹਨ ਜੋ ਉਨ੍ਹਾਂ ਨੂੰ ਸਮਾਜਿਕ ਨਿਯਮਾਂ ਅਤੇ ਕਦਰਾਂ-ਕੀਮਤਾਂ ਨੂੰ ਸਮਝਣ ਵਿਚ ਮਦਦ ਕਰਦੇ ਹਨ। ਇਹ ਸ਼ੁਭਮਨ ਗਿੱਲ ਅਤੇ ਨੀਰਜ ਚੋਪੜਾ ਵਰਗੇ ਚੰਗੇ ਰੋਲ ਮਾਡਲ ਹੋਣ ਦੇ ਮਹੱਤਵ ਨੂੰ ਉਜਾਗਰ ਕਰਦਾ ਹੈ।

ਇੰਜ ਨੌਜਵਾਨ ਨਾ ਸਿਰਫ਼ ਨਸ਼ਿਆਂ ਤੋਂ ਦੂਰ ਰਹਿਣਗੇ ਸਗੋਂ ਆਪਣੇ ਟੀਚਿਆਂ ਪ੍ਰਤੀ ਜਨੂੰਨੀ ਵੀ ਹੋਣਗੇ। ਸਾਡੇ ਸੰਵਿਧਾਨ ਦਾ ਡੀਪੀਐੱਸਪੀ ਆਰਟੀਕਲ 47 ਕਹਿੰਦਾ ਹੈ ਕਿ ਰਾਜ ਨਸ਼ੀਲੇ ਪਦਾਰਥਾਂ ਅਤੇ ਸਿਹਤ ਲਈ ਹਾਨੀਕਾਰਕ ਨਸ਼ੀਲੇ ਪਦਾਰਥਾਂ ਦੇ ਸੇਵਨ ਨੂੰ ਰੋਕਣ ਲਈ ਕਦਮ ਚੁੱਕੇਗਾ। ਧਾਰਾ 47 ਦੇ ਟੀਚੇ ਨੂੰ ਸਾਕਾਰ ਕਰਨਾ ਸਾਡੇ ਸੰਵਿਧਾਨ ਵਿਚ ਦਰਜ ਸਾਡੇ ਬੁਨਿਆਦੀ ਅਧਿਕਾਰਾਂ ਨੂੰ ਮਜ਼ਬੂਤ ਕਰੇਗਾ- ਜਿਵੇਂ ਕਿ ਧਾਰਾ 21 (ਜੀਵਨ ਦਾ ਅਧਿਕਾਰ। ਉਮੀਦ ਹੈ ਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਨਸ਼ੇ ਦੀ ਇਸ ਮਾਰ ਦਾ ਸਾਹਮਣਾ ਨਹੀਂ ਕਰਨਾ ਪਵੇਗਾ। -ਮੋਬਾਈਲ : 75300-00539

# ਪੰਜਾਬੀ ਕੁੜੀ ਨੇ ਪੰਜਾਬ ਵਿੱਚ ਹੀ ਰਹਿ ਕੇ ਕੀਤਾ ਕਮਾਲ



**ਨਵਦੀਪ ਕੌਰ ਗਰੇਵਾਲ**
ਬੀਬੀਸੀ

**ਕੈਨੇਡਾ ਜਾਣ ਦਾ ਮੌਕਾ ਸੀ, ਸਿੰਗਾਪੁਰ ਤੋਂ ਪੜ੍ਹ ਕੇ ਸੂਬੇ ਵਿੱਚ ਸ਼ੁਰੂ ਕੀਤਾ ਕਾਰੋਬਾਰ**

ਪੰਜਾਬੀ ਨੌਜਵਾਨਾਂ ਵਿੱਚ ਵਿਦੇਸ਼ਾਂ ’ਚ ਜਾ ਕੇ ਕਮਾਈ ਕਰਨ ਦਾ ਰੁਝਾਨ ਲਗਾਤਾਰ ਵਧਦਾ ਜਾ ਰਿਹਾ ਹੈ। ਪਰ ਅੱਜ ਅਸੀਂ ਕਹਾਣੀ ਉਸ ਕੁੜੀ ਦੀ ਦੱਸਾਂਗੇ ਜਿਸ ਨੇ ਵਿਦੇਸ਼ ਵਿੱਚ ਸੈੱਟਲ ਹੋਣ ਦਾ ਬਦਲ ਛੱਡ ਕੇ ਪੰਜਾਬ ਵਿੱਚ ਹੀ ਆਪਣਾ ਕਾਰੋਬਾਰ ਸ਼ੁਰੂ ਕੀਤਾ।

ਇਹ ਕਹਾਣੀ ਹੈ ਪਠਾਨਕੋਟ ਨਾਲ ਸਬੰਧਤ ਮੁਟਿਆਰ ਅਮਨ ਹੁੰਦਲ ਦੀ, ਜੋ ਕਿ ਅੱਜ ਕੱਲ੍ਹ ਮੁਹਾਲੀ ਵਿੱਚ ਆਪਣਾ ਰੈਸਟੋਰੈਂਟ ਚਲਾਉਂਦੇ ਹਨ। ਰੈਸਟੋਰੈਂਟ ਸ਼ੁਰੂ ਕਰਨ ਤੋਂ ਪਹਿਲਾਂ ਅਮਨ ਨੇ ਕਰੀਬ ਅੱਠ ਮਹੀਨੇ ਸੜਕ ਕਿਨਾਰੇ ਖਾਣ-ਪੀਣ ਦੇ ਸਮਾਨ ਵਾਲੀ ਰੇਹੜੀ (ਕਾਰਟ) ਲਗਾਈ ਸੀ।

ਸਿੰਗਾਪੁਰ ਤੋਂ ਪੜ੍ਹ ਕੇ ਆਈ ਅਮਨ ਨੇ ਅਜਿਹਾ ਕਿਉਂ ਕੀਤਾ, ਜਦਕਿ ਉਸ ਕੋਲ ਪੜ੍ਹਾਈ ਤੋਂ ਬਾਅਦ ਉਸ ਦੇ ਪਰਿਵਾਰ ਨਾਲ ਕੈਨੇਡਾ ਜਾ ਕੇ ਸੈੱਟਲ ਹੋਣ ਦਾ ਬਦਲ ਸੀ ? ਸੜਕ ਕਿਨਾਰੇ ਰੇਹੜੀ ਲਗਾਉਣਾ ਇੱਕ ਪੜ੍ਹੀ-ਲਿਖੀ ਮੁਟਿਆਰ ਲਈ ਕਿੰਨਾ ਚੁਣੌਤੀਪੂਰਨ ਰਿਹਾ ਅਤੇ ਕਿਵੇਂ ਉਸ ਦਾ ਕਾਰੋਬਾਰ ਰੇਹੜੀ ਤੋਂ ਰੈਸਟੋਰੈਂਟ ਤੱਕ ਪਹੁੰਚਿਆ ?

ਅਮਨ ਹੁੰਦਲ ਨੇ ਇਸੇ ਸਾਲ ਜਨਵਰੀ ਮਹੀਨੇ ਮੁਹਾਲੀ ਵਿੱਚ ਆਪਣਾ ਇੱਕ ਛੋਟਾ ਜਿਹਾ ਰੈਸਟੋਰੈਂਟ ਸ਼ੁਰੂ ਕੀਤਾ ਹੈ। ਇਸ ਤੋਂ ਪਹਿਲਾਂ ਇਸ ਰੈਸਟੋਰੈਂਟ ਦੇ ਨੇੜੇ ਹੀ ਸੜਕ ਕਿਨਾਰੇ ਇੱਕ ਕਾਰਟ ਲਗਾਇਆ ਸੀ।

ਅਮਨ ਕਹਿੰਦੇ ਹਨ ਕਿ ਉਹ ਬਹੁਤ ਥੋੜ੍ਹੇ ਨਿਵੇਸ਼ ਨਾਲ ਜ਼ਮੀਨੀ ਪੱਧਰ ਤੋਂ ਕੰਮ ਸ਼ੁਰੂ ਕਰਨਾ ਚਾਹੁੰਦੇ ਸੀ। ਉਨ੍ਹਾਂ ਨੇ ਆਪਣੇ ਮਾਪਿਆਂ ਨੂੰ ਵੀ ਇਸ ਬਾਰੇ ਨਹੀਂ ਦੱਸਿਆ ਸੀ। ਸੋਸ਼ਲ ਮੀਡੀਆ ’ਤੇ ਵਾਇਰਲ ਹੋਣ ਬਾਅਦ ਉਨ੍ਹਾਂ ਦੇ ਮਾਪਿਆ ਨੂੰ ਇਸ ਬਾਰੇ ਪਤਾ ਲੱਗਿਆ ਅਤੇ ਉਨ੍ਹਾਂ ਨੇ ਸਾਥ ਦਿੱਤਾ।

ਉਨ੍ਹਾਂ ਦੱਸਿਆ, “ਮੈਂ ਪਠਾਨਕੋਟ ਤੋਂ ਫ਼ੈਸ਼ਨ ਡਿਜ਼ਾਈਨਿੰਗ ਵਿੱਚ ਗ੍ਰੈਜੂਏਸ਼ਨ ਕੀਤੀ ਹੈ। ਉਸ ਲਾਈਨ ਵਿੱਚ ਮੈਨੂੰ ਜ਼ਿਆਦਾ ਦਿਲਚਸਪੀ ਨਹੀਂ ਆਈ। ਮੈਂ ਇੱਕ-ਦੋ ਸਾਲ ਚੀਨਾ ਰਹੀ, ਮੈਂ ਕੰਮ ਕੀਤਾ, ਆਪਣਾ ਟਰੇਡਿੰਗ ਦਾ ਕੰਮ ਕੀਤਾ।”

“ਸੋ ਮੇਰਾ ਜੋ ਪਲਾਨ ਸੀ ਕਿ ਮੈਂ ਆਪਣਾ ਖੁਦ ਦਾ ਇੱਕ ਰੈਸਟੋਰੈਂਟ ਸ਼ੁਰੂ ਕਰਾਂ ਪਰ ਸਾਨੂੰ ਜਦੋਂ ਉਸ ਦੀ ਡੂੰਘਾਈ ਨਾਲ ਜਾਣਕਾਰੀ ਨਹੀਂ ਹੈ ਤਾਂ ਅਸੀਂ ਕਿਉਂ ਕਰਾਂਗੇ। ਸੋ ਇਸ ਕਰਕੇ ਮੈਂ ਇੱਕ ਛੋਟਾ ਜਿਹਾ ਕੋਰਸ ਸਿੰਗਾਪੁਰ ਤੋਂ ਕੀਤਾ ਕਿ ਹੋਟਲ ਮੈਨੇਜਮੈਂਟ ਹੁੰਦਾ ਕੀ ਹੈ।“

“ਮੈਂ ਛੇ ਮਹੀਨੇ ਦੇ ਕੋਰਸ ਤੋਂ ਬਾਅਦ ਆਪਣੀ ਛੇ ਮਹੀਨੇ ਦੀ ਟ੍ਰੇਨਿੰਗ ਉੱਥੇ ਪੂਰੀ ਨਹੀਂ ਕੀਤੀ। ਕਿਉਂਕਿ ਮੈਨੂੰ ਲੱਗ ਰਿਹਾ ਸੀ ਕਿ ਜੋ ਟਰੇਨਿੰਗ ਮੈਨੂੰ ਕਰਵਾਈ ਜਾ ਰਹੀ ਹੈ ਉਸ ਨਾਲ ਮੈਨੂੰ ਜ਼ਿਆਦਾ ਫ਼ਾਇਦਾ ਨਹੀਂ ਹੋ ਰਿਹਾ, ਇਸ ਲਈ ਮੈਂ ਇੰਡੀਆ ਆ ਕੇ ਆਪਣੀ ਟਰੇਨਿੰਗ ਖੁਦ ਕੀਤੀ।“

ਸਿੰਗਾਪੁਰ ਤੋਂ ਕੋਰਸ ਕਰਨ ਬਾਅਦ ਅਮਨ ਇੰਡੀਆ ਆਏ ਤਾਂ ਉਨ੍ਹਾਂ ਦਾ ਪਰਿਵਾਰ ਉਸ ਨੂੰ ਆਪਣੇ ਨਾਲ ਕੈਨੇਡਾ ਲੈ ਕੇ ਜਾਣਾ ਚਾਹੁੰਦਾ ਸੀ। ਅਮਨ ਨੇ ਸਾਨੂੰ ਦੱਸਿਆ, ਮੈਂ ਉਨ੍ਹਾਂ ਨੂੰ ਕਿਹਾ ਕਿ ਮੈਨੂੰ ਇੱਕ-ਦੋ ਸਾਲ ਦੇ ਦਿਓ, ਮੈਂ ਘੁੰਮਣਾ ਚਾਹੁੰਦੀ ਹਾਂ।”

“ਫਿਰ ਮੈਂ ਮੁਹਾਲੀ ਆਪਣੀ ਮਾਂ ਦੀ ਇੱਕ ਸਹੇਲੀ ਦੇ ਘਰ ਰਹਿਣ ਲਈ ਆ ਗਈ ਅਤੇ ਬਿਨ੍ਹਾਂ ਪਰਿਵਾਰ ਨੂੰ ਦੱਸਿਆਂ ਸੜਕ ਕਿਨਾਰੇ ਫੂਡ ਕਾਰਟ ਸ਼ੁਰੂ ਕਰ ਲਿਆ। ਉਨ੍ਹਾਂ ਆਂਟੀ (ਮਾਂ ਦੀ ਸਹੇਲੀ) ਨੇ ਮੇਰਾ ਸਾਥ ਦਿੱਤਾ। ਉਨ੍ਹਾਂ ਦੇ ਨਾਮ ’ਤੇ ਹੀ ਮੈਂ ਆਪਣਾ ਕਾਰੋਬਾਰ ਸ਼ੁਰੂ ਕੀਤਾ।”

**ਕਿਵੇਂ ਰਿਹਾ ਫੂਡ ਕਾਰਟ (ਰੇਹੜੀ) ਲਾਉਣ ਦਾ ਤਜਰਬਾ ?**

ਅਮਨ ਕਹਿੰਦੇ ਹਨ ਕਿ ਫੂਡ ਕਾਰਟ ਯਾਨੀ ਖਾਣ-ਪੀਣ ਵਾਲੇ ਸਮਾਨ ਦੀ ਰੇਹੜੀ ਜਦੋਂ ਲਾਉਣ ਬਾਰੇ ਸੋਚਿਆਂ ਤਾਂ ਸ਼ੁਰੂਆਤ ਵਿੱਚ ਥੋੜ੍ਹੀ ਸ਼ਰਮ ਮਹਿਸੂਸ ਵੀ ਹੋਈ ਪਰ ਜਦੋਂ ਤੁਸੀਂ ਜ਼ਿੰਦਗੀ ਵਿੱਚ ਕੁਝ ਕਰਨਾ ਚਾਹੁੰਦੇ ਹੋ ਤਾਂ ‘ਈਗੋ’ ਨੂੰ ਪਿੱਛੇ ਛੱਡਣਾ ਪੈਂਦਾ ਹੈ।

ਪਹਿਲੇ ਦਿਨ ਸਟਾਲ ਲਗਾਉਣ ਦੇ ਤਜਰਬੇ ਬਾਰੇ ਅਮਨ ਨੇ ਸਾਨੂੰ ਦੱਸਿਆ, “ਜਦੋਂ ਮੈਂ ਸ਼ੁਰੂਆਤ ਕੀਤੀ ਤਾਂ ਇਹ ਸੋਚਿਆ ਨਹੀਂ ਸੀ ਕਿ ਖੁਦ ਉੱਥੇ ਖੜ੍ਹੀ ਹੋਵਾਂਗੀ। ਮੈਂ ਸੋਚਿਆ ਸੀ ਕਿ ਸਮਾਨ ਤਿਆਰ ਕਰਕੇ ਭੇਜ ਦੇਵਾਂਗੀ ਅਤੇ ਅੱਗੇ ਕੋਈ ਕੰਮ ਕਰਨ ਵਾਲਾ ਰੱਖਾਂਗੀ ਜੋ ਉੱਥੇ ਖੜ੍ਹ ਕੇ ਗਾਹਕ ਨੂੰ ਸਮਾਨ ਵੇਚੇਗਾ।”

“ਪਰ ਫਿਰ ਮੈਨੂੰ ਲੱਗਾ ਕਿ ਚੀਜ਼ ਬਣਾਉਣੀ ਤੇ ਫਿਰ ਵੇਚਣੀ ਵੀ ਇੱਕ ਕਲਾ ਹੈ। ਮੈਨੂੰ ਪਹਿਲੇ ਦਿਨ ਤੋਂ ਹੀ ਲੱਗਾ ਕਿ ਮੇਰਾ ਕੰਮ ਹੈ ਮੈਂ ਖੁਦ ਜਾਵਾਂ। ਮੈਂ ਉੱਥੇ ਖੜ੍ਹੀ ਮੈਨੂੰ ਚੰਗਾ ਲੱਗਿਆ ਅਤੇ ਚੰਗੇ ਨੌਕਰੀ ਪੇਸ਼ਾ ਲੋਕ ਉੱਥੇ ਆ ਕੇ ਖੜ੍ਹ ਕੇ ਖਾਣਾ ਖਾਂਦੇ ਸੀ।”

ਉਹ ਦੱਸਦੇ ਹਨ ਕਿ ਦਿਨ ਵਿੱਚ ਤਰ੍ਹਾਂ-ਤਰ੍ਹਾਂ ਦੇ ਲੋਕਾਂ ਨਾਲ ਵਾਹ ਪੈਂਦਾ ਹੈ। ਜ਼ਿਆਦਾਤਰ ਗਾਹਕ ਚੰਗਾ ਵਤੀਰਾ ਹੀ ਰੱਖਦੇ ਹਨ, ਪਰ ਕੁਝ ਰੁੱਖਾ ਬੋਲਦੇ ਹਨ। ਜਾਂ ਕਈ ਵਾਰ ਕਿਸੇ ਨੂੰ ਆਰਡਰ ਪਸੰਦ ਨਹੀਂ ਆਉਂਦਾ, ਤਾਂ ਹਰ ਗਾਹਕ ਨਾਲ ਨਜਿੱਠਣਾ ਪੈਂਦਾ ਹੈ।

**ਬਦਲ ਹੋਣ ਦੇ ਬਾਵਜੂਦ ਕਿਉਂ ਕੈਨੇਡਾ ਨਹੀਂ ਗਈ ?**

ਫੂਡ ਕਾਰਟ ਤੋਂ ਰੈਸਟੋਰੈਂਟ ਤੱਕ ਪਹੁੰਚਣ ਵਾਲੀ ਅਮਨ ਹੁੰਦਲ ਕਹਿੰਦੀ ਹੈ ਕਿ ਉਸ ਨੂੰ ਵਿਦੇਸ਼ਾਂ ਨਾਲੋਂ ਪੰਜਾਬ ਵਧੇਰੇ ਚੰਗਾ ਲਗਦਾ ਹੈ।

ਉਹ ਕਹਿੰਦੀ ਹੈ, “ਮੇਰੇ ਮਾਪੇ ਕੈਨੇਡਾ ਰਹਿੰਦੇ ਹਨ। ਇੱਕ ਭਰਾ ਕੈਨੇਡਾ ਅਤੇ ਇੱਕ ਨਿਊਜ਼ੀਲੈਂਡ ਵਿੱਚ ਹੈ। ਪਰ ਮੇਰੇ ਮਾਪਿਆਂ ਦਾ ਦਿਲ ਹਾਲੇ ਵੀ ਪੰਜਾਬ ਵੱਲ ਭੱਜਦਾ ਹੈ। ਸਾਰੇ ਦੇਸ਼ ਆਪਣੀ ਥਾਂ ਵਧੀਆਂ ਨੇ, ਪਰ ਜੋ ਖੁਸ਼ੀ ਪੰਜਾਬ ਵਿੱਚ ਹੈ ਉਹ ਕਿਤੇ ਨਹੀਂ।”

ਅਮਨ ਨੇ ਦੱਸਿਆ, “ਮੇਰੇ ਮਾਪਿਆ ਨੂੰ ਜਦੋਂ ਮੇਰੇ ਇਸ ਕਾਰੋਬਾਰ ਬਾਰੇ ਪਤਾ ਲੱਗਿਆ ਤਾਂ ਉਹ ਬਹੁਤ ਹੈਰਾਨ ਵੀ ਹੋਏ ਅਤੇ ਖੁਸ਼ ਵੀ। ਉਨ੍ਹਾਂ ਲਈ ਇਹ ਬਹੁਤ ਵੱਡੀ ਗੱਲ ਸੀ ਕਿ ਜੋ ਕੰਮ ਬੱਚੇ ਵਿਦੇਸ਼ਾਂ ਵਿੱਚ ਜਾ ਕੇ ਕਰਦੇ ਹਨ, ਉਨ੍ਹਾਂ ਦੀ ਧੀ ਨੇ ਪੰਜਾਬ ਵਿੱਚ ਰਹਿ ਕੇ ਕਰ ਦਿਖਾਇਆ ਹੈ।”

“ਅੱਜ ਦੁਨੀਆ ਕੀ ਸੋਚਦੀ ਹੈ, ਇਸ ਨਾਲ ਮੈਨੂੰ ਫ਼ਰਕ ਨਹੀਂ ਪੈਂਦਾ, ਸਾਡੀ ਦੁਨੀਆ ਸਾਡੇ ਮਾਪਿਆ ਨਾਲ ਹੁੰਦੀ ਹੈ। ਉਨ੍ਹਾਂ ਨੇ ਮੈਨੂੰ ਕਿਹਾ ਕਿ ਤੂੰ ਸਾਨੂੰ ਪਹਿਲੇ ਦਿਨ ਕਿਉਂ ਨਹੀਂ ਦੱਸਿਆ ਅਸੀਂ ਤੈਨੂੰ ਕੁਝ ਵੱਡਾ ਕੰਮ ਖੋਲ੍ਹ ਕੇ ਦਿੰਦੇ। ਮੈਂ ਕਿਹਾ ਇਸੇ ਲਈ ਨਹੀਂ ਦੱਸਿਆ ਕਿਉਂਕਿ ਮੈਂ ਖੁਦ ਕੁਝ ਕਰਨਾ ਚਾਹੁੰਦੀ ਸੀ।”

ਅਮਨ ਕਹਿੰਦੇ ਹਨ, “ਜਦੋਂ ਕੁੜੀਆਂ ਵਿਦੇਸ਼ਾਂ ਵਿੱਚ ਜਾਂਦੀਆਂ ਨੇ ਉਦੋਂ ਕੋਈ ਨਹੀਂ ਰੋਕਦਾ, ਉਦੋਂ ਤਾਂ ਮਾਪੇ ਨਹੀਂ ਕਹਿੰਦੇ ਕਿ ਤੂੰ ਰਾਤ ਨੂੰ 12 ਵਜੇ ਕੰਮ ਕਰ ਰਹੀ ਹੈਂ ਜਾਂ 2 ਵਜੇ ਸ਼ਿਫ਼ਟ ਲਗਾ ਰਹੀ ਹੈਂ। ਸਾਡੇ ਇੱਥੇ ਜੇ ਸ਼ਾਮ ਦੇ ਛੇ ਵੀ ਵੱਜ ਜਾਂਦੇ ਆ ਤਾਂ ਵੀ ਕੁੜੀ ਨੂੰ ਸੁਰੱਖਿਅਤ ਨਹੀਂ ਸਮਝਿਆ ਜਾਂਦਾ। ਮੈਨੂੰ ਇਹ ਚੀਜ਼ ਚੰਗੀ ਨਹੀਂ ਲਗਦੀ ਸੀ।”

ਉਹ ਦੱਸਦੇ ਹਨ ਕਿ ਅੱਠ ਮਹੀਨੇ ਤੱਕ ਦੁਪਹਿਰ ਦੇ ਖਾਣੇ ਦੀ ਰੇਹੜੀ (ਫੂਡ ਕਾਰਟ) ਲਗਾਈ। ਉਹ ਘਰੋਂ ਭੋਜਨ ਤਿਆਰ ਕਰਕੇ ਵੈ ਕੇ ਜਾਂਦੀ ਸੀ ਅਤੇ ਦਫ਼ਤਰਾਂ ਦੇ ਲੰਚ ਟਾਈਮ ਵੇਲੇ ਉੱਥੇ ਕੰਮ ਕਰਦੇ ਲੋਕ ਉੱਥੇ ਆ ਕੇ ਦੁਪਹਿਰ ਦਾ ਖਾਣਾ ਖਾਂਦੇ ਸੀ।

ਅਮਨ ਨੇ ਦੱਸਿਆ ਕਿ ਉਨ੍ਹਾਂ ਨੇ ਕਿਸੇ ਕਾਰਨ ਇੱਕ ਮਹੀਨੇ ਲਈ ਇਹ ਕੰਮ ਬੰਦ ਵੀ ਕਰ ਦਿੱਤਾ ਸੀ, ਪਰ ਉਸ ਨੂੰ ਲਗਾਤਾਰ ਗਾਹਕਾਂ ਦੇ ਮੈਸੇਜ ਆਉਂਦੇ ਰਹਿੰਦੇ ਸੀ ਜੋ ਦੁਬਾਰਾ ਕੰਮ ਸ਼ੁਰੂ ਹੋਣ ਬਾਰੇ ਪੁੱਛਦੇ ਸੀ।

ਫਿਰ ਜਨਵਰੀ ਮਹੀਨੇ ਆਪਣੀ ਬਚਤ ਅਤੇ ਮਾਪਿਆ ਤੋਂ ਥੋੜ੍ਹੀ ਮਦਦ ਦੇ ਨਾਲ ਅਮਨ ਨੇ ਇੱਕ ਇਮਾਰਤ ਵਿੱਚ ਕਿਰਾਏ ਦੀ ਜਗ੍ਹਾ ਲੈ ਕੇ ਰੈਸਟੋਰੈਂਟ ਸ਼ੁਰੂ ਕਰ ਲਿਆ। ਹੁਣ ਰੈਸਟੋਰੈਂਟ ਵੀ ਚਲਾਉਂਦੇ ਹਨ ਅਤੇ ਸੜਕ ਕਿਨਾਰੇ ਵਾਲੀ ਸਟਾਲ ਵੀ ਚਲਦੀ ਹੈ।



**ਪੰਜਾਬ ਵਿੱਚ ਰੁਜ਼ਗਾਰ ਦੀਆਂ ਸੰਭਾਵਨਾਵਾਂ ਬਾਰੇ ਕੀ ਕਿਹਾ ?**

ਅਮਨ ਨੇ ਕਿਹਾ ਕਿ ਉਨ੍ਹਾਂ ਨੂੰ ਨੌਕਰੀ ਕਰਨ ਨਾਲੋਂ ਆਪਣਾ ਕਾਰੋਬਾਰ ਚਲਾਉਣਾ ਚੰਗਾ ਲਗਦਾ ਹੈ। ਉਹ ਕਹਿੰਦੇ ਹਨ, “ਨੌਕਰੀ ਵਿੱਚ ਤੁਸੀਂ ਬੱਝ ਜਾਂਦੇ ਹੋ, ਅੱਜ ਮੈਂ ਬੱਝੀ ਨਹੀਂ ਹੋਈ। ਮੇਰੇ ਅਧੀਨ ਵੀ ਜੋ ਲੋਕ ਕੰਮ ਕਰਦੇ ਹਨ ਉਹ ਵੀ ਬੱਝੇ ਨਹੀਂ ਹੋਏ। ਜਦੋਂ ਮੈਂ ਛੁੱਟੀ ਕਰਦੀ ਹਾਂ ਤਾਂ ਇਹ ਵੀ ਛੁੱਟੀ ਕਰਦੇ ਹਨ ਫਿਰ ਅਸੀਂ ਉਸ ਦਿਨ ਰੈਸਟੋਰੈਂਟ ਬੰਦ ਕਰ ਦਿੰਦੇ ਹਾਂ।”

ਉਹ ਦੱਸਦੇ ਹਨ, “ਐਤਵਾਰ ਨੂੰ ਰੈਸਟੋਰੈਂਟ ਬੰਦ ਰੱਖਦੇ ਹਾਂ। ਬਾਕੀ ਦਿਨ ਸਵੇਰ ਪੰਜ ਵਜੇ ਤੋਂ ਖਾਣੇ ਦੀ ਤਿਆਰੀ ਸ਼ੁਰੂ ਹੋ ਜਾਂਦੀ ਹੈ ਅਤੇ ਰਾਤ ਨੂੰ ਬਾਰਾਂ ਵਜੇ ਤੱਕ ਉਹ ਰੁੱਝੇ ਰਹਿੰਦੇ ਹਨ। ਥੱਕ ਕੇ ਸੌਣਾ ਵਧੀਆ ਲਗਦਾ ਹੈ। ਅੱਗੇ ਵਧਦੇ ਰਹਿਣਾ ਹੀ ਪ੍ਰੇਰਨਾ ਹੈ।”

ਹੁਣ ਅਮਨ ਹੁੰਦਲ ਦੇ ਰੈਸਟੋਰੈਂਟ ਵਿੱਚ ਉਸ ਅਧੀਨ ਕੰਮ ਕਰਨ ਵਾਲੇ ਚਾਰ ਜਣਿਆਂ ਵਿੱਚੋਂ ਤਿੰਨ ਕੁੜੀਆਂ ਹਨ। ਅਮਨ ਮੁਤਾਬਕ ਉਹ ਚਾਹੁੰਦੀ ਹੈ ਕਿ ਇਹ ਰੈਸਟੋਰੈਂਟ ਕੁੜੀਆਂ ਹੀ ਚਲਾਉਣ।

ਪੰਜਾਬ ਅੰਦਰ ਬੇਰੁਜ਼ਗਾਰੀ ਦੀ ਸਮੱਸਿਆ ਬਾਰੇ ਅਮਨ ਨੇ ਕਿਹਾ, “ਜੇ ਘਰ ਬੈਠੇ ਰਹੋਗੇ ਤਾਂ ਪੂਰੀ ਉਮਰ ਬੇਰੁਜ਼ਗਾਰ ਰਹੋਗੇ। ਜਦੋਂ ਮੈਂ ਘਰੇ ਬੈਠੀ ਸੀ ਮੈਂ ਵੀ ਬੇਰੁਜ਼ਗਾਰ ਹੀ ਸੀ। ਮੈਨੂੰ ਲਗਦਾ ਸੀ ਮੈਂ ਪਰਿਵਾਰ ਨਾਲ ਕੈਨੇਡਾ ਸੈਟਲ ਹੋ ਜਾਣਾ ਹੈ।”

“ਉੱਥੇ ਜਾ ਕੇ ਕਹਿਣਾ ਸੀ ਕਿ ਪੰਜਾਬ ਤਾਂ ਕੁਝ ਹੈ ਨਹੀਂ ਇਸ ਲਈ ਮੈਂ ਕੈਨੇਡਾ ਆ ਗਈ ਹਾਂ। ਪਰ ਜਦੋਂ ਮੈਂ ਬਾਹਰ ਨਿਕਲ ਕੇ ਭਾਵੇਂ ਛੋਟਾ ਜਿਹਾ ਕੰਮ ਹੀ ਸ਼ੁਰੂ ਕੀਤਾ, ਆਪਣਾ ਕੰਮ ਤਾਂ ਹੈ ਨਾ। ਪੈਸਾ ਤਾਂ ਆ ਹੀ ਰਿਹਾ ਹੈ ਨਾ, ਵਿਦੇਸ਼ਾਂ ਵਿੱਚ ਵੀ ਤਾਂ ਪੈਸਾ ਕਮਾਉਣ ਹੀ ਜਾਣਾ ਹੁੰਦਾ। ਫਿਰ ਇੱਥੇ ਰਹਿ ਕੇ ਕਿਉਂ ਨਹੀਂ ਅਸੀਂ ਮਿਹਨਤ ਕਰ ਸਕਦੇ।”

“ਖਾਸ ਕਰਕੇ ਜੇ ਕੋਈ ਕੁੜੀ ਬੇਰੁਜ਼ਗਾਰੀ ਦੀ ਗੱਲ ਕਹਿੰਦੀ ਹੈ ਤਾਂ ਮੈਂ ਕਹਾਂਗੀ ਕਿ ਜ਼ਿਆਦਾਤਰ ਕੁੜੀਆਂ ਅੰਦਰ ਖਾਣਾ ਬਣਾਉਣ ਦੀ ਕਲਾ ਤਾਂ ਹੁੰਦੀ ਹੀ ਹੈ, ਇੱਕ ਵਾਰ ਹਿੰਮਤ ਕਰੋ, ਘਰ ਦੇ ਬਾਹਰ ਹੀ ਖੜ੍ਹੇ ਹੋ ਜਾਓ। ਇੱਕ ਵਾਰ ਆਪਣੇ ਲਈ ਉੱਠ ਖੜ੍ਹੇ ਤਾਂ ਫਿਰ ਹਿੰਮਤ ਵਧਦੀ ਰਹੇਗੀ।”

> ਅਮਨ ਕਹਿੰਦੇ ਹਨ, “ਜਦੋਂ ਕੁੜੀਆਂ ਵਿਦੇਸ਼ਾਂ ਵਿੱਚ ਜਾਂਦੀਆਂ ਨੇ ਉਦੋਂ ਕੋਈ ਨਹੀਂ ਰੋਕਦਾ, ਉਦੋਂ ਤਾਂ ਮਾਪੇ ਨਹੀਂ ਕਹਿੰਦੇ ਕਿ ਤੂੰ ਰਾਤ ਨੂੰ 12 ਵਜੇ ਕੰਮ ਕਰ ਰਹੀ ਹੈਂ ਜਾਂ 2 ਵਜੇ ਸ਼ਿਫ਼ਟ ਲਗਾ ਰਹੀ ਹੈਂ। ਸਾਡੇ ਇੱਥੇ ਜੇ ਸ਼ਾਮ ਦੇ ਛੇ ਵੀ ਵੱਜ ਜਾਂਦੇ ਆ ਤਾਂ ਵੀ ਕੁੜੀ ਨੂੰ ਸੁਰੱਖਿਅਤ ਨਹੀਂ ਸਮਝਿਆ ਜਾਂਦਾ। ਮੈਨੂੰ ਇਹ ਚੀਜ਼ ਚੰਗੀ ਨਹੀਂ ਲਗਦੀ ਸੀ।”



# ਪੰਜਾਬ ਦੇ ਸਾਰੇ ਜ਼ਿਲਿਆਂ ਵਿੱਚ 'ਫੂਡ ਸੇਫ਼ਟੀ ਆਨ ਵੀਲਜ਼' ਦਾ ਹੋਇਆ ਵਿਸਤਾਰ ; ਲੋਕਾਂ ਨੂੰ ਆਪਣੇ ਭੋਜਨ ਦੀ ਜਾਂਚ ਕਰਵਾਉਣ ਦੀ ਅਪੀਲ

## ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਮਿਲਾਵਟਖੋਰੀ ਵਿਰੁੱਧ ਦਿੱਤੀ ਚੇਤਾਵਨੀ , ਕਿਹਾ 5 ਸਾਲਾਂ ਵਿੱਚ 145 ਦੋਸ਼ੀਆਂ ਨੂੰ ਹੋਈ ਸਜ਼ਾ

**ਚੰਡੀਗੜ੍ਹ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਦੇ ਲੋਕਾਂ ਨੂੰ ਸੁਰੱਖਿਅਤ ਅਤੇ ਸਿਹਤਮੰਦ ਭੋਜਨ ਯਕੀਨੀ ਬਣਾਉਣ ਦੇ ਮੱਦੇਨਜ਼ਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਬੁੱਧਵਾਰ ਨੂੰ ਲੋਕਾਂ ਨੂੰ ' ਫੂਡ ਸੇਫ਼ਟੀ ਆਨ ਵੀਲਜ਼' ਪਹਿਲਕਦਮੀ, ਜਿਸਦਾ ਹੁਣ ਸਾਰੇ ਜ਼ਿਲਿਆਂ ਵਿੱਚ ਵਿਸਥਾਰ ਕੀਤਾ ਗਿਆ ਹੈ ,ਦਾ ਵੱਧ ਤੋਂ ਵੱਧ ਲਾਭ ਲੈਣ ਲਈ ਅਪੀਲ ਕੀਤੀ।



ਜ਼ਿਕਰਯੋਗ ਹੈ ਕਿ 'ਫੂਡ ਸੇਫਟੀ ਆਨ ਵੀਲਜ਼' ਮੋਬਾਈਲ ਫੂਡ ਟੈਸਟਿੰਗ ਵੈਨਾਂ ਹਨ, ਜੋ ਦੁੱਧ, ਪਨੀਰ, ਪਾਣੀ ਅਤੇ ਹੋਰ ਰੋਜ਼ਾਨਾ ਵਰਤੋਂ ਵਾਲੀਆਂ ਚੀਜ਼ਾਂ ਸਮੇਤ ਭੋਜਨ ਦੀਆਂ ਪ੍ਰਮੁੱਖ ਸ਼ ?ਰੇਣੀਆਂ ਵਿੱਚ ਮਿਲਾਵਟ ਦੀ ਜਾਂਚ ਕਰਨ ਲਈ ਲੈਸ ਹਨ।

ਸਿਹਤ ਮੰਤਰੀ ਨੇ ਕਿਹਾ ਕਿ ਇਹ ਵੈਨਾਂ ਭੋਜਨ ਮਿਲਾਵਟ ਵਿਰੁੱਧ ਸਾਡੀ ਲੜਾਈ ਵਿੱਚ ਇੱਕ ਮਹੱਤਵਪੂਰਨ ਸਾਧਨ ਹਨ - ਮੈਂ ਹਰੇਕ ਵਿਅਕਤੀ ਨੂੰ ਆਪਣੇ ਭੋਜਨ ਦੀ ਜਾਂਚ ਕਰਵਾਉਣ ਦੀ ਅਪੀਲ ਕਰਦਾ ਹਾਂ। ਸਿਹਤ ਮੰਤਰੀ ਇੱਥੇ ਪੰਜਾਬ ਭਵਨ ਵਿਖੇ ' ਇਫ ਇਟਸ ਨੌਟ ਸੇਫ, ਇਟਸ ਨੌਟ ਫੂਡ' ਦੇ ਸਲੋਗਨ ਵਾਲੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਦੇ ਨਾਲ ਪ੍ਰਮੁੱਖ ਸਕੱਤਰ (ਸਿਹਤ) ਕੁਮਾਰ ਰਾਹੁਲ, ਕਮਿਸ਼ਨਰ ਫੂਡ ਐਂਡ ਡਰੱਗ ਐਡਮਿਨਿਸਟਰੇਸ਼ਨ , ਪੰਜਾਬ ਦਿਲਰਾਜ ਸਿੰਘ, ਡਾਇਰੈਕਟਰ ਲੈਬਜ਼ ਰਵਨੀਤ ਕੌਰ ਅਤੇ ਸੰਯੁਕਤ ਕਮਿਸ਼ਨਰ ਫੂਡ ਸੇਫਟੀ ਡਾ. ਅਮਿਤ ਜੋਸ਼ੀ ਵੀ ਮੌਜੂਦ ਸਨ।

ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਸੱਤਾ ਵਿੱਚ ਆਉਣ ਤੋਂ ਬਾਅਦ, ਵਿਭਾਗ ਵੱਲੋਂ ਕੁੱਲ 18,559 ਇਨਫੋਰਸਮੈਂਟ ਸੈਂਪਲ ਅਤੇ 12,178 ਨਿਗਰਾਨੀ ਸੈਂਪਲ ਲਏ ਗਏ ਹਨ। ਇਸ ਤੋਂ ਇਲਾਵਾ, 'ਫੂਡ ਸੇਫਟੀ ਔਨ ਵੀਲਜ਼' 'ਤੇ ਮਿਲਾਵਟਖੋਰੀ ਲਈ ਹੁਣ ਤੱਕ 13,000 ਤੋਂ ਵੱਧ ਨਮੂਨਿਆਂ ਦੀ ਜਾਂਚ ਕੀਤੀ ਗਈ ਹੈ।

ਉਨ੍ਹਾਂ ਕਿਹਾ ਕਿ ਮੁੱਖ ਸ਼ ?ਰੇਣੀਆਂ ਵਿੱਚ ਪਨੀਰ, ਘਿਓ, ਦੁੱਧ, ਮਸਾਲੇ, ਫਲ ਅਤੇ ਸਬਜ਼ੀਆਂ, ਮਿਠਾਈਆਂ, ਖੋਆ ਆਦਿ ਸ਼ਾਮਲ ਹਨ।

ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਐਫ.ਡੀ.ਏ. ਅਧਿਕਾਰੀਆਂ ਨੂੰ ਇਨ੍ਹਾਂ ਫੂਡ ਸੇਫਟੀ ਵੈਨਾਂ ਦੀ ਪੂਰੀ ਸਮਰੱਥਾ ਨਾਲ ਵਰਤੋਂ ਕਰਨ ਅਤੇ ਲੋਕਾਂ ਖਾਸ ਕਰਕੇ ਵਿਦਿਆਰਥੀਆਂ ਵਿੱਚ ਜਾਗਰੂਕਤਾ ਪੈਦਾ ਕਰਨ ਦੇ ਨਿਰਦੇਸ਼ ਦਿੱਤੇ, ਨਾਲ ਹੀ ਉਨ੍ਹਾਂ ਨੂੰ ਪਾਰਦਰਸ਼ੀ ਢੰਗ ਨਾਲ ਕੰਮ ਕਰਨ ਅਤੇ ਵਿਭਾਗ ਦੀਆਂ ਸਾਰੀਆਂ ਨੀਤੀਆਂ ਨੂੰ ਸੁਹਿਰਦਤਾ ਨਾਲ ਲਾਗੂ ਕਰਨ ਲਈ ਕਿਹਾ। ਉਨ੍ਹਾਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਸਿਰਫ਼ 'ਸ਼ੁੱਧ ਅੰਨ' ਨਾਲ ਹੀ 'ਸ਼ੁੱਧ ਮਨ' ਅਤੇ 'ਸਵਸਥ ਤਨ' ਸੰਭਵ ਹੈ।

ਉਨ੍ਹਾਂ ਦੁਹਰਾਇਆ ਕਿ ਭੋਜਨ ਵਿੱਚ ਮਿਲਾਵਟਖੋਰੀ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਅਜਿਹੀਆਂ ਗਤੀਵਿਧੀਆਂ ਵਿੱਚ ਸ਼ਾਮਲ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਮਾਣਯੋਗ ਅਦਾਲਤ ਨੇ ਪਿਛਲੇ ਪੰਜ ਸਾਲਾਂ ਵਿੱਚ ਮਿਲਾਵਟਖੋਰੀ ਦੇ 145 ਮਾਮਲਿਆਂ ਵਿੱਚ ਛੇ ਮਹੀਨੇ ਤੱਕ ਦੀ ਕੈਦ ਅਤੇ ਜੁਰਮਾਨੇ ਦੀ ਸਜ਼ਾ ਸੁਣਾਈ ਹੈ।

ਸਿਹਤ ਮੰਤਰੀ ਨੇ ਇਹ ਵੀ ਦੱਸਿਆ ਕਿ ਹੁਣ ਤੱਕ ਫੂਡ ਬਿਜ਼ਨਸ ਆਪਰੇਟਰਾਂ ਨੂੰ ਕੁੱਲ 3.17 ਲੱਖ ਲਾਇਸੈਂਸ ਅਤੇ ਰਜਿਸਟਰੇਸ਼ਨ ਜਾਰੀ ਕੀਤੇ ਗਏ ਹਨ ਅਤੇ ਉਨ੍ਹਾਂ ਸਟਰੀਟ ਫੂਡ ਵੈਂਡਰਾਂ ਸਮੇਤ ਸਾਰੇ ਐਫਬੀਓਜ਼ ਨੂੰ ਫੂਡ ਐਂਡ ਡਰੱਗਜ਼ ਐਡਮਿਨਿਸਟਰੇਸ਼ਨ ਅਧੀਨ ਆਪਣੇ ਆਪ ਨੂੰ ਰਜਿਸਟਰ ਕਰਨ ਦੀ ਅਪੀਲ ਕੀਤੀ।

ਉਨ੍ਹਾਂ ਨੇ ਸੰਤੁਲਿਤ ਖ਼ੁਰਾਕ ਅਤੇ ਬਿਹਤਰ ਖ਼ੁਰਾਕ ਵਿਕਲਪਾਂ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ ਅਤੇ ਐਫ.ਡੀ.ਏ. ਨੂੰ ਪੋਸ਼ਣ ਅਤੇ ਸਰਕਾਰੀ ਸਿਹਤ ਪਹਿਲਕਦਮੀਆਂ ਬਾਰੇ ਜਨਤਕ ਸਿੱਖਿਆ ਮੁਹਿੰਮਾਂ ਨੂੰ ਤੇਜ਼ ਕਰਨ ਦੀ ਅਪੀਲ ਕੀਤੀ। ਉਨ੍ਹਾਂ ਪੰਜਾਬੀਆਂ ਨੂੰ 'ਸਹੀ ਖਾਓ, ਸਿਹਤਮੰਦ ਰਹੋ' ਪਹੁੰਚ ਅਪਣਾਉਣ ਅਤੇ ਇੱਕ ਸਿਹਤਮੰਦ ਤੇ ਪੋਸ਼ਣ ਪੱਖੋਂ ਸੁਰੱਖਿਅਤ ਪੰਜਾਬ ਸਿਰਜਣ ਵਿੱਚ ਯੋਗਦਾਨ ਪਾਉਣ ਦੀ ਅਪੀਲ ਕੀਤੀ।

ਇਸ ਦੌਰਾਨ, ਮੰਤਰੀ ਨੇ ਦੱਸਿਆ ਕਿ ਐਫ.ਡੀ.ਏ. ਵੱਲੋਂ ਲਗਭਗ 500 ਜਾਗਰੂਕਤਾ ਕੈਂਪ ਲਗਾਏ ਗਏ ਹਨ ਜਿਨ੍ਹਾਂ ਵਿੱਚ 55000 ਤੋਂ ਵੱਧ ਵਿਅਕਤੀਆਂ ਨੂੰ ਸਾਫ-ਸਫਾਈ, ਸਹੀ ਖਾਣ-ਪੀਣ ਅਤੇ ਭੋਜਨ ਸੁਰੱਖਿਆ ਅਭਿਆਸਾਂ ਬਾਰੇ ਸਿਖਲਾਈ ਦਿੱਤੀ ਗਈ। ਉਨ੍ਹਾਂ ਇਹ ਵੀ ਦੱਸਿਆ ਕਿ ਪਿਛਲੇ ਤਿੰਨ ਸਾਲਾਂ ਦੌਰਾਨ ਸੂਬੇ ਵਿੱਚ ਲੋਕਾਂ ਨੂੰ ਭੋਜਨ ਸੁਰੱਖਿਆ ਪ੍ਰਤੀ ਜਾਗਰੂਕ ਕਰਨ ਲਈ ਸਹੀ ਖਾਣ-ਪੀਣ ਬਾਰੇ 13 ਮੇਲੇ ਲਗਾਏ ਗਏ ਹਨ। ਇਸ ਤੋਂ ਇਲਾਵਾ, ਈਟ ਰਾਈਟ ਕੈਂਪਸ, ਮੰਡੀਆਂ, ਸਟਰੀਟ ਫੂਡ ਹੱਬ ਆਦਿ ਖੇਤਰ ਵਿੱਚ 150 ਸਰਟੀਫਿਕੇਸ਼ਨ ਹਾਸਲ ਕੀਤੇ ਗਏ ਹਨ।

# ਕਟਾਰੂਚੱਕ ਵੱਲੋਂ ਗੈਸ ਏਜੰਸੀਆਂ 'ਤੇ ਅਚਨਚੇਤ ਛਾਪਾਮਾਰੀ

## ਤੋਲ ਕੰਡਿਆਂ ਵਿੱਚ ਊਣਤਾਈਆਂ ਪਾਏ ਜਾਣ ਦਾ ਲਿਆ ਗੰਭੀਰ ਨੋਟਿਸ




**ਚੰਡੀਗੜ੍ਹ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਖ਼ੁਰਾਕ ਤੇ ਸਿਵਲ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਵੱਲੋਂ ਅੱਜ ਸਰਹਿੰਦ ਵਿਖੇ ਵੱਖ—ਵੱਖ ਗੈਸ ਏਜੰਸੀਆਂ ਤੇ ਗੋਦਾਮਾਂ *ਤੇ ਕੀਤੀ ਅਚਨਚੇਤ ਛਾਪਾਮਾਰੀ ਦੌਰਾਨ ਤੋਲ ਕੰਡਿਆਂ ਵਿੱਚ ਊਣਤਾਈਆਂ ਪਾਏ ਜਾਣ ਦਾ ਗੰਭੀਰ ਨੋਟਿਸ ਲਿਆ ਗਿਆ। ਉਨ੍ਹਾਂ ਕਿਹਾ ਕਿ ਇਹ ਗੈਸ ਉਪਭੋਗਤਾਵਾਂ ਦਾ ਵਿੱਤੀ ਸੋ ?ਸਣ ਹੈ ਅਤੇ ਪੰਜਾਬ ਸਰਕਾਰ ਵੱਲੋਂ ਕਿਸੇ ਵੀ ਕਿਸਮ ਦੇ ਭ੍ਰਿਸ਼ਟਾਚਾਰ ਨੂੰ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਵੱਲੋਂ ਇਹ ਸਖਤ ਦਿਸ਼ਾ ਨਿਰਦੇਸ਼ ਦਿੱਤੇ ਗਏ ਹਨ ਕਿ ਗੈਸ ਏਜੰਸੀਆਂ ਵਿੱਚ ਗੈਸ ਉਪਭੋਗਤਾਵਾਂ ਦੀ ਕਿਸੇ ਵੀ ਪੜਾਅ 'ਤੇ ਖੱਜਲ ਖੁਆਰੀ ਜਾਂ ਵਿੱਤੀ ਲੁੱਟ ਖਸੁੱਟ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਜੇਕਰ ਕੋਈ ਗੈਸ ਏਜੰਸੀ ਮਾਲਕ ਜਾਂ ਕਰਮਚਾਰੀ ਅਜਿਹਾ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਖਿਲਾਫ਼ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਜਾਂਚ ਪੜਤਾਲ ਦੌਰਾਨ ਇਸ ਗੱਲ ਦਾ ਗੰਭੀਰ ਨੋਟਿਸ ਲਿਆ ਕਿ ਕੁਝ ਗੈਸ ਏਜੰਸੀਆਂ ਵੱਲੋਂ ਗੈਸ ਸਿਲੰਡਰਾਂ ਦੇ ਤੋਲ ਕੰਡੇ ਸਬੰਧੀ ਨਿਯਮਾਂ ਦੀ ਅਣਦੇਖੀ ਕੀਤੀ ਜਾ ਰਹੀ ਹੈ।ਉਨ੍ਹਾਂ ਨੇ ਕਿਹਾ ਕਿ ਇਹ ਬਰਦਾਸ਼ਤਯੋਗ ਨਹੀਂ ਹੈ ਅਤੇ ਇਸ ਸਬੰਧੀ ਲੁੱਟ ਖਸੁੱਟ ਨੂੰ ਸਖਤੀ ਨਾਲ ਰੋਕਣ ਲਈ ਸਬੰਧਤ ਗੈਸ ਏਜੰਸੀਆਂ ਖਿਲਾਫ਼ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਉਨ੍ਹਾਂ ਨੇ ਡੀ.ਐਫ.ਐਸ.ਸੀ ਨੂੰ ਹਦਾਇਤ ਕੀਤੀ ਕਿ ਨਿਯਮਾਂ ਦੀ ਪਾਲਣਾ ਨਾ ਕਰਨ ਵਾਲੀਆਂ ਗੈਸ ਏਜੰਸੀਆਂ ਖਿਲਾਫ਼ ਵਿਭਾਗੀ ਕਾਰਵਾਈ ਆਰੰਭੀ ਜਾਵੇ ਅਤੇ ਇਸ ਵਿੱਚ ਕਿਸੇ ਵੀ ਢਿੱਲਮਠ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਨੇ ਐਡਵੋਕੇਟ ਧਾਮੀ ਨਾਲ ਕੀਤੀ ਮੁਲਾਕਾਤ



**ਅੰਮ੍ਰਿਤਸਰ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਕੱਲ੍ਹ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜਗਜੋਤ ਸਿੰਘ ਸੋਹੀ ਦੀ ਅਗਵਾਈ ਹੇਠ ਇਕ ਵਫ਼ਦ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਮੁਲਾਕਾਤ ਕਰਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਕੀਤੇ ਜਾਣ ਵਾਲੇ ਸਮਾਗਮਾਂ ਬਾਰੇ ਵਿਚਾਰ-ਚਰਚਾ ਕੀਤੀ। ਵਫ਼ਦ ਨੇ ਐਡਵੋਕੇਟ ਧਾਮੀ ਨੂੰ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ 31 ਅਗਸਤ ਨੂੰ ਸਜਾਏ ਜਾ ਰਹੇ ਨਗਰ ਕੀਰਤਨ ਵਿਚ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ ਅਤੇ ਸਿੱਖ ਸੰਸਥਾ ਵੱਲੋਂ ਸਹਿਯੋਗ ਦੀ ਅਪੀਲ ਕੀਤੀ।

ਇਸ ਵਫ਼ਦ ਵਿਚ ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜਗਜੋਤ ਸਿੰਘ ਸੋਹੀ, ਸਿੱਖ ਆਗੂ ਸ. ਜਸਬੀਰ ਸਿੰਘ ਧਾਮ ਮੁੰਬਈ, ਜਨਰਲ ਸਕੱਤਰ ਸ. ਇੰਦਰਜੀਤ ਸਿੰਘ ਅਤੇ ਮੀਤ ਪ੍ਰਧਾਨ ਸ. ਗੁਰਵਿੰਦਰ ਸਿੰਘ ਮੌਜੂਦ ਸਨ।

ਮੁਲਾਕਾਤ ਦੌਰਾਨ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪ੍ਰਧਾਨ ਸ. ਜਗਜੋਤ ਸਿੰਘ ਸੋਹੀ ਨੇ ਦੱਸਿਆ ਕਿ ਨੌਵੇਂ ਪਾਤਸ਼ਾਹ ਜੀ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸ੍ਰੀ ਪਟਨਾ ਸਾਹਿਬ ਤੋਂ 31 ਅਗਸਤ ਨੂੰ ਵਿਸ਼ੇਸ਼ ਤੌਰ 'ਤੇ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ, ਜੋ ਝਾੜਖੰਡ, ਬੰਗਾਲ, ਕਲਕੱਤਾ, ਆਸਣਸੋਹਲ, ਉੜੀਸਾ, ਬਨਾਰਸ, ਕਾਨ੍ਹਪੁਰ, ਲਖਨਊ, ਉਤਰਾਖੰਡ, ਦਿੱਲੀ ਅਤੇ ਹਰਿਆਣਾ ਰਾਹੀਂ ਹੁੰਦਾ ਹੋਇਆ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚੇਗਾ। ਉਨ੍ਹਾਂ ਕਿਹਾ ਕਿ ਅੱਜ ਉਹ ਸਿੱਖ ਪੰਥ ਦੀ ਸਿਰਮੌਰ ਸੰਸਥਾ ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਜਿਥੇ ਸ਼ਮੂਲੀਅਤ ਲਈ ਬੇਨਤੀ ਕਰਨ ਆਏ ਹਨ, ਉਥੇ ਹੀ ਉਨ੍ਹਾਂ ਨੇ ਸਿੱਖ ਸੰਸਥਾ ਵੱਲੋਂ ਸਹਿਯੋਗ ਲਈ ਵੀ ਅਪੀਲ ਕੀਤੀ ਹੈ।

ਇਸ ਮੌਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਕੌਮ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਕੌਮੀ ਜਾਹੋ-ਜਲਾਲ ਨਾਲ ਮਨਾਈ ਜਾਵੇਗੀ। ਉਨ੍ਹਾਂ ਕਿਹਾ ਕਿ ਸ਼ ?ਰੋਮਣੀ ਕਮੇਟੀ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਸਜਾਏ ਜਾ ਰਹੇ ਨਗਰ ਕੀਰਤਨ ਲਈ ਹਰ ਤਰ੍ਹਾਂ ਦੇਵੇਗੀ। ਇਸ ਮੌਕੇ ਸ਼ ?ਰੋਮਣੀ ਕਮੇਟੀ ਪ੍ਰਧਾਨ ਨੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਆਗੂਆਂ ਨੂੰ ਸਨਮਾਨਿਤ ਵੀ ਕੀਤਾ। ਇਸ ਮੌਕੇ ਸ਼ ?ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਅੰਤ੍ਰਿੰਗ ਮੈਂਬਰ ਸ. ਸੁਰਜੀਤ ਸਿੰਘ ਤੁਗਲਵਾਲ, ਮੈਂਬਰ ਸ. ਰਣਜੀਤ ਸਿੰਘ ਕਾਹਲੋਂ, ਸ. ਅੰਮ੍ਰਿਤਪਾਲ ਸਿੰਘ ਕੁਲਾਰ, ਓਐਸਡੀ ਸ. ਸਤਬੀਰ ਸਿੰਘ ਧਾਮੀ, ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ, ਸ. ਰਣਜੀਤ ਸਿੰਘ ਜਲੰਧਰ ਸਮੇਤ ਹੋਰ ਮੌਜੂਦ ਸਨ।

# ਸਰਪੰਚ ਗੁਰਜੀਤ ਕੌਰ ਤੇ ਸਮੂਹ ਗ੍ਰਾਮ ਪੰਚਾਇਤ ਮਹਿਮਾ ਸਰਜਾ ਵੱਲੋਂ ਪੱਤਰਕਾਰ ਸੁਖਰਾਜ ਬਰਾੜ ਦਾ ਸਨਮਾਨ



**ਬਠਿੰਡਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਤੀਆਂ ਦਾ ਤਿਉਹਾਰ ਪਿੰਡ ਮਹਿਮਾ ਸਰਜਾ ਦੀ ਸਰਪੰਚ ਅਤੇ ਸਮੂਹ ਗ੍ਰਾਮ ਪੰਚਾਇਤ ਵੱਲੋਂ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਧੂਮ ਧਾਮ ਨਾਲ ਮਨਾਇਆ ਗਿਆ। ਤੀਆਂ ਦੇ ਤਿਉਹਾਰ ਮੌਕੇ ਏ ਡੀ ਸੀ ਵਿਕਾਸ ਬਠਿੰਡਾ ,ਚੇਅਰਮੈਨ ਸੁਰਿੰਦਰ ਸਿੰਘ ਬਿੱਟੂ ਤੋਂ ਇਲਾਵਾ ਹੋਰ ਵੀ ਕਈ ਮਹਾਨ ਸ਼ਖ਼ਸੀਅਤ ਨੇ ਮੇਲੇ ਨੂੰ ਚਾਰ ਚੰਨ ਲਾਏ। ਪਿੰਡ ਮਹਿਮਾ ਸਰਜਾ ਤੋਂ ਨਿਰਪੱਖ, ਭ੍ਰਿਸ਼ਟਾਚਾਰੀਆਂ ਖਿਲਾਫ ਬੋਲਣ ਵਾਲੇ ਪੱਤਰਕਾਰ ਸੁਖਰਾਜ ਬਰਾੜ ਨੂੰ ਵਿਸ਼ੇਸ਼ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਪੱਤਰਕਾਰ ਸੁਖਰਾਜ ਬਰਾੜ ਨੇ ਸਮੁੱਚੀ ਗ੍ਰਾਮ ਪੰਚਾਇਤ ਮਹਿਮਾ ਸਰਜਾ, ਸਰਪੰਚ ਗੁਰਜੀਤ ਕੌਰ ਅਤੇ ਏ ਡੀ ਸੀ ਮੈਡਮ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਭੰਗੜਾ ਮੁਕਾਬਲਿਆਂ 'ਚ ਹਰਮਨਜੋਤ ਸਿੰਘ ਵੱਲੋਂ ਦੂਜਾ ਸਥਾਨ ਪ੍ਰਾਪਤ ਕੀਤਾ



**ਪਟਿਆਲਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਗਲਿਟਰ ਸਟਾਰ ਐਕਟਿੰਗ ਐਂਡ ਡਾਂਸ ਅਕੈਡਮੀ ਅਤੇ ਜ਼ੀਗੁਰਨੂਰ ਪ੍ਰਡਕਸ਼ਨ ਵਲੋਂ ਦੂਜਾ ਸਾਲਾਨਾ ਵਿਰਾਸਤ-ਏ-ਸੱਭਿਆਚਾਰ ਵਲੋਂ ਵੱਖ-ਵੱਖ ਪੰਜਾਬੀ ਲੋਕ ਨਾਚਾਂ ਦੇ ਮੁਕਾਬਲੇ ਕਰਵਾਏ ਗਏ, ਜਿਸ ਦਾ ਪ੍ਰਬੰਧ ਸੁਰਿੰਦਰ ਸਿੰਘ ਅਤੇ ਪੂਜਾ ਵਲੋਂ ਕੀਤਾ ਗਿਆ। ਇਸ ਵਿਚ ਸਬ ਜੂਨੀਅਰ ਗਰੁੱਪ ਦੇ ਮੁਕਾਬਲਿਆਂ ਵਿਚ ਗਲੋਬਲ ਸਕੂਲ ਪਟਿਆਲਾ ਦੇ ਵਿਦਿਆਰਥੀ ਹਰਮਨਜੋਤ ਸਿੰਘ ਪੁੱਤਰ ਜਸਵਿੰਦਰ ਸਿੰਘ ਵਲੋਂ ਦੂਜਾ ਸਥਾਨ ਹਾਸਲ ਕੀਤਾ। ਇਸ ਗਰੁੱਪ ਵਿਚ ਕੁੱਲ 26 ਬੱਚਿਆਂ ਨੇ ਹਿੱਸਾ ਲਿਆ, ਜਿਨ੍ਹਾਂ ਵਿਚੋਂ ਹਰਮਨਜੋਤ ਸਿੰਘ ਦੂਜੇ ਨੰਬਰ 'ਤੇ ਰਹੇ। ਇਸ ਮੌਕੇ ਹਰਮਨਜੋਤ ਸਿੰਘ ਦੇ ਪਿਤਾ ਸ੍ਰ. ਜਸਵਿੰਦਰ ਸਿੰਘ ਨੇ ਕਿਹਾ ਕਿ ਅਕੈਡਮੀ ਵਲੋਂ ਪੰਜਾਬੀ ਸੱਭਿਆਚਾਰ ਤੇ ਲੋਕ ਨਾਚਾਂ ਦੇ ਮੁਕਾਬਲੇ ਕਰਵਾਉਣਾ ਚੰਗੀ ਗੱਲ ਹੈ। ਉਨ੍ਹਾਂ ਵਲੋਂ ਮੁਕਾਬਲਿਆਂ ਵਿਚ ਹਿੱਸਾ ਲੈਣ ਵਾਲੇ ਸਭ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ ਹਾਜ਼ਰ ਵੱਖ ਵੱਖ ਸਖਸ਼ੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

# CBSE ਵੱਲੋਂ ਦਸਵੀਂ ਅਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਲਈ ਸਖ਼ਤ ਨਿਰਦੇਸ਼ ਜਾਰੀ

**ਨਵੀਂ ਦਿੱਲੀ, 6 ਅਗਸਤ**
**-ਨਿਊਜ਼ਲਾਈਨ ਐਕਸਪ੍ਰੈਸ-**

ਕੇਂਦਰੀ ਸੈਕੰਡਰੀ ਸਿੱਖਿਆ ਬੋਰਡ (ਸੀਬੀਐਸਈ) ਨੇ 2025-26 ਦੇ ਅਕਾਦਮਿਕ ਸੈਸ਼ਨ ਲਈ ਇੱਕ ਸਖ਼ਤ ਨਿਰਦੇਸ਼ ਜਾਰੀ ਕੀਤਾ ਹੈ, ਜਿਸ ਵਿੱਚ ਦਸਵੀਂ ਅਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਲਈ ਬੋਰਡ ਪ੍ਰੀਖਿਆਵਾਂ ਲਈ ਯੋਗ ਹੋਣ ਲਈ 75% ਹਾਜ਼ਰੀ ਲਾਜ਼ਮੀ ਕੀਤੀ ਗਈ ਹੈ। ਇਸ ਵੱਡੇ ਕਦਮ ਦਾ ਉਦੇਸ਼ ਸਕੂਲਾਂ ਵਿੱਚ 'ਡਮੀ ਵਿਦਿਆਰਥੀਆਂ' ਦੇ ਵਧ ਰਹੇ ਰੁਝਾਨ ਨੂੰ ਰੋਕਣਾ ਅਤੇ ਅਕਾਦਮਿਕ ਅਨੁਸ਼ਾਸਨ ਨੂੰ ਉਤਸ਼ਾਹਿਤ ਕਰਨਾ ਹੈ। ਸੀਬੀਐਸਈ ਨੇ ਇਸ ਗੱਲ ਨੂੰ ਉਜਾਗਰ ਕੀਤਾ ਕਿ ਬਹੁਤ ਸਾਰੇ ਵਿਦਿਆਰਥੀ ਅਤੇ ਸਕੂਲ ਹਾਜ਼ਰੀ ਦੇ ਨਿਯਮਾਂ ਦੀ ਉਲੰਘਣਾ ਕਰ ਰਹੇ ਸਨ। ਬੋਰਡ ਨੇ ਹੁਣ ਇਹ ਸਪੱਸ਼ਟ ਕਰ ਦਿੱਤਾ ਹੈ - 75% ਤੋਂ ਘੱਟ ਹਾਜ਼ਰੀ ਵਾਲੇ ਕਿਸੇ ਵੀ ਵਿਦਿਆਰਥੀ ਨੂੰ ਬੋਰਡ ਪ੍ਰੀਖਿਆਵਾਂ ਵਿੱਚ ਬੈਠਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਜਦੋਂ ਤੱਕ ਕਿ ਅਸਧਾਰਨ ਹਾਲਤਾਂ ਵਿੱਚ ਛੋਟ ਨਾ ਦਿੱਤੀ ਜਾਵੇ।

# ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਪੰਜ ਕਰਮਚਾਰੀ ਯੂਨੀਅਨਾਂ ਨਾਲ ਮੀਟਿੰਗ

**ਚੰਡੀਗੜ੍ਹ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ ਮੰਤਰੀ ਅਤੇ ਕਰਮਚਾਰੀਆਂ ਦੇ ਮਸਲਿਆਂ ਦੇ ਹੱਲ ਲਈ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ ਐਡਵੋਕੇਟ ਹਰਪਾਲ ਸਿੰਘ ਚੀਮਾ, ਜਿਨ੍ਹਾਂ ਨਾਲ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਵੀ ਮੌਜੂਦ ਸਨ, ਨੇ ਅੱਜ ਪੰਜ ਕਰਮਚਾਰੀ ਯੂਨੀਅਨਾਂ ਨਾਲ ਮੀਟਿੰਗ ਕਰਕੇ ਉਨ੍ਹਾਂ ਦੀਆਂ ਮੰਗਾਂ ਨੂੰ ਗੌਰ ਨਾਲ ਸੁਣਿਆ ਤਾਂ ਜੋ ਜਾਇਜ਼ ਮੰਗਾਂ ਦਾ ਜਲਦੀ ਹੱਲ ਕੱਢਿਆ ਜਾ ਸਕੇ।



ਪੰਜਾਬ ਸਿਵਲ ਸਕੱਤਰੇਤ ਵਿਖੇ ਵਿੱਤ ਮੰਤਰੀ ਦੇ ਦਫ਼ਤਰ ਵਿਖੇ ਹੋਈਆਂ ਮੀਟਿੰਗਾਂ ਵਿੱਚ ਪੰਜਾਬ ਸਫਾਈ ਕਰਮਚਾਰੀ ਯੂਨੀਅਨ ਨਾਲ ਸਬੰਧਤ ਸਫਾਈ ਮਜ਼ਦੂਰ ਸੀਵਰਮੈਨ ਯੂਨੀਅਨ (ਰਜਿਸਟਰਡ) ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ ਬਰਨਾਲਾ, ਫਾਇਰ ਬ੍ਰਿਗੇਡ ਆਊਟਸੋਰਸ ਕਰਮਚਾਰੀ ਯੂਨੀਅਨ, ਪੰਜਾਬ, ਫਾਇਰ ਬ੍ਰਿਗੇਡ ਕੰਟਰੈਕਟ ਕਰਮਚਾਰੀ ਯੂਨੀਅਨ, ਪੰਜਾਬ, ਸੀਵਰਮੈਨ ਯੂਨੀਅਨ ਨਗਰ ਨਿਗਮ ਹੁਸ਼ਿਆਰਪੁਰ ਅਤੇ ਪੀਡਬਲਯੂਡੀ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ, ਪੰਜਾਬ ਦੇ ਨੁਮਾਇੰਦੇ ਸ਼ਾਮਲ ਹੋਏ।

ਸਫਾਈ ਮਜ਼ਦੂਰ ਸੀਵਰਮੈਨ ਯੂਨੀਅਨ (ਰਜਿਸਟਰਡ) ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ ਬਰਨਾਲਾ ਅਤੇ ਪੀਡਬਲਯੂਡੀ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ, ਪੰਜਾਬ ਨਾਲ ਵਿਚਾਰ ਵਟਾਂਦਰੇ ਦੌਰਾਨ ਕੈਬਨਿਟ ਮੰਤਰੀ ਨੇ ਉਨ੍ਹਾਂ ਦੀਆਂ ਮੰਗਾਂ ਨੂੰ ਧਿਆਨ ਨਾਲ ਸੁਣਿਆ ਅਤੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਦੇ ਤੇਜ਼ੀ ਨਾਲ ਹੱਲ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ।

ਇਸ ਮੌਕੇ ਵਿੱਤ ਮੰਤਰੀ ਨੇ ਸਥਾਨਕ ਸਰਕਾਰਾਂ ਵਿਭਾਗ ਦੇ ਅਧਿਕਾਰੀਆਂ ਨੂੰ ਸੀਵਰੇਜ ਬੋਰਡ ਵਿੱਚ ਅਸਾਮੀਆਂ ਦਾ ਵਿਸਤ੍ਰਿਤ ਰਿਕਾਰਡ ਤਿਆਰ ਕਰਨ ਦੇ ਨਾਲ-ਨਾਲ ਜੂਨੀਅਰ ਡਰਾਫਟਸਮੈਨ, ਕਲਰਕ, ਪੰਪ ਆਪਰੇਟਰਾਂ ਅਤੇ ਬੇਲਦਾਰਾਂ ਦੀਆਂ ਅਸਾਮੀਆਂ ਨੂੰ ਭਰਨ ਲਈ ਭਰਤੀ ਯੋਜਨਾ ਤਿਆਰ ਕਰਨ ਦੇ ਨਿਰਦੇਸ਼ ਵੀ ਦਿੱਤੇ ਤਾਂ ਜੋ ਜ਼ਮੀਨੀ ਪੱਧਰ 'ਤੇ ਕੰਮਕਾਜ ਨੂੰ ਸੁਚਾਰੂ ਬਣਾਇਆ ਜਾ ਸਕੇ।

ਵਿੱਤ ਮੰਤਰੀ ਨੇ ਫਾਇਰ ਬ੍ਰਿਗੇਡ ਆਊਟਸੋਰਸ ਕਰਮਚਾਰੀ ਯੂਨੀਅਨ, ਪੰਜਾਬ, ਫਾਇਰ ਬ੍ਰਿਗੇਡ ਕੰਟਰੈਕਟ ਕਰਮਚਾਰੀ ਯੂਨੀਅਨ, ਪੰਜਾਬ, ਸੀਵਰਮੈਨ ਯੂਨੀਅਨ ਨਗਰ ਨਿਗਮ ਹੁਸ਼ਿਆਰਪੁਰ ਵੱਲੋਂ ਰੱਖੇ ਗਏ ਵੱਖ-ਵੱਖ ਮੁੱਦਿਆਂ ਨਾਲ ਸਬੰਧਤ ਮੰਗਾਂ ਨੂੰ ਵੀ ਧਿਆਨ ਨਾਲ ਸੁਣਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਵਧੀਕ ਮੁੱਖ ਸਕੱਤਰ (ਸਥਾਨਕ ਸਰਕਾਰ) ਤੇਜਵੀਰ ਸਿੰਘ, ਸੀਈਓ ਪੀਐਮਆਈਡੀਸੀ ਦੀਪਤੀ ਉੱਪਲ ਅਤੇ ਜਾਇੰਟ ਡਾਇਰੈਕਟਰ ਸਥਾਨਕ ਸਰਕਾਰ ਜਗਦੀਪ ਸਹਿਗਲ, ਫਾਇਰ ਬ੍ਰਿਗੇਡ ਆਊਟਸੋਰਸ ਯੂਨੀਅਨ ਦੇ ਪ੍ਰਧਾਨ ਅਮਨਜੋਤ ਸਿੰਘ ਮੋਹਾਲੀ, ਜਨਰਲ ਸਕੱਤਰ ਸਾਹਿਬ ਸਿੰਘ ਖੰਨਾ, ਫਾਇਰ ਬ੍ਰਿਗੇਡ ਕੰਟਰੈਕਟ ਯੂਨੀਅਨ ਪੰਜਾਬ ਦੇ ਪ੍ਰਧਾਨ ਸੋਭਾ ਸਿੰਘ ਅਤੇ ਕਾਸ਼ੀ ਰਾਮ, ਸੋਨੂੰ ਭਗਤ ਮੌਜੂਦ ਸਨ।

## ਨਵ ਨਿਯੁਕਤ ਅਹੁਦੇਦਾਰਾਂ ਦਾ ਆਮ ਆਦਮੀ ਪਾਰਟੀ ਵੱਲੋਂ ਸਨਮਾਨ

# ਸੰਗਠਨ ਦੀ ਸੇਵਾ ਕਰ ਰਹੇ ਵਰਕਰ ਪਾਰਟੀ ਦੀ ਅਸਲ ਰੀੜ੍ਹ ਦੀ ਹੱਡੀ : ਚੇਅਰਮੈਨ ਹਡਾਣਾ



**ਪਟਿਆਲਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਸੂਬਾ ਸਕੱਤਰ ਪੰਜਾਬ ਅਤੇ ਚੇਅਰਮੈਨ ਪੀ ਆਰ ਟੀ ਸੀ ਦੇ ਚੇਅਰਮੈਨ ਰਣਜੋਧ ਸਿੰਘ ਹਡਾਣਾ ਨੇ ਮਹਿਕਮੇ ਦੇ ਮੁੱਖ ਦਫ਼ਤਰ ਨਾਭਾ ਰੋਡ ਵਿਖੇ ਪਾਰਟੀ ਵਿੱਚ ਨਵ ਨਿਯੁਕਤ ਅਹੁਦੇਦਾਰਾਂ ਦਾ ਸਿਰਪਾਓ ਪਾ ਕੇ ਸਨਮਾਨ ਕੀਤਾ ਅਤੇ ਮੁਬਾਰਕਬਾਦ ਦਿੱਤੀ। ਉਨ੍ਹਾ ਇਸ ਨਿਯੁਕਤੀ ਲਈ ਵਿਸ਼ੇਸ਼ ਤੌਰ ਤੇ ਪਾਰਟੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ, ਪੰਜਾਬ ਪ੍ਰਧਾਨ ਮਨੀਸ਼ ਸਿਸੋਦੀਆ, ਅਮਨ ਅਰੋੜਾ ਦਾ ਧੰਨਵਾਦ ਕੀਤਾ। ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਪ੍ਰਧਾਨ ਅਤੇ ਚੇਅਰਮੈਨ ਇੰਪਰੂਵਮੇਂਟ ਟਰੱਸਟ ਮੇਘ ਚੰਦ ਸ਼ੇਰ ਮਾਜਰਾ ਵਿਸ਼ੇਸ਼ ਤੌਰ ਤੇ ਮੌਜੂਦ ਸਨ।

ਇਸ ਮੌਕੇ ਰਣਜੋਧ ਹਡਾਣਾ ਨੇ ਕਿਹਾ ਕਿ ਪਾਰਟੀ ਦੇ ਜਿਹੜੇ ਵਰਕਰ ਮਨ ਕਰ, ਨਿਸ਼ਕਾਮ ਭਾਵਨਾ ਨਾਲ ਸੰਗਠਨ ਦੀ ਸੇਵਾ ਕਰ ਰਹੇ ਹਨ, ਉਹ ਅਸਲ ਵਿਚ ਪਾਰਟੀ ਦੀ ਰੀੜ੍ਹ ਦੀ ਹੱਡੀ ਹਨ। ਉਨ੍ਹਾਂ ਕਿਹਾ ਕਿ ਆਮ ਵਰਕਰ ਨੂੰ ਅਹੁਦੇ ਦੇ ਕੇ ਜੋ ਇੱਜ਼ਤ ਦਿੱਤੀ ਗਈ ਹੈ, ਉਹ ਬੇਹੱਦ ਸਲਾਘਾਯੋਗ ਕਦਮ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੀ ਅਸਲ ਤਾਕਤ ਮਿਹਨਤੀ ਜਥੇਬੰਦਕ ਵਰਕਰ ਹਨ, ਜੋ ਹਰ ਹਾਲਤ ਵਿੱਚ ਪਾਰਟੀ ਲਈ ਦਿਨ ਰਾਤ ਕੰਮ ਕਰਦੇ ਹਨ।

ਸਨਮਾਨਿਤ ਸਖ਼ਸ਼ੀਅਤਾਂ ਵਿੱਚ ਪ੍ਰਧਾਨ ਕਿਸਾਨ ਵਿੰਗ ਪੰਜ਼ਾਬ ਮਹਿੰਦਰ ਸਿੱਧੂ, ਮਹਿਲਾ ਵਿੰਗ ਪ੍ਰਧਾਨ ਮਾਲਵਾ ਜ਼ੋਨ ਵੀਰਪਾਲ ਕੌਰ ਚਾਹਲ, ਵਪਾਰ ਵਿੰਗ ਮਾਲਵਾ ਜ਼ੋਨ ਦੇ ਪ੍ਰਧਾਨ ਸੰਜੀਵ ਗੁਪਤਾ, ਵਪਾਰ ਵਿੰਗ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਵਿਨੋਦ ਸਿੰਗਲਾ, ਪ੍ਰਧਾਨ ਗੁਰਪ੍ਰੀਤ ਧਮੌਲੀ, ਯੂਥ ਜ਼ਿਲ੍ਹਾ ਪ੍ਰਧਾਨ ਅਮਰ ਸੰਘੇੜਾ, ਕਿਸਾਨ ਵਿੰਗ ਜ਼ਿਲ੍ਹਾ ਪ੍ਰਧਾਨ ਬਲਿਹਾਰ ਚੀਮਾ ਅਤੇ ਪ੍ਰਧਾਨ ਗੁਰਧਿਆਨ ਸਿੰਘ ਸਿਉਣਾ, ਸੋਸ਼ਲ ਮੀਡੀਆ ਜ਼ਿਲ੍ਹਾ ਮੋਹਿਤ ਕੁਕਰੇਜਾ, ਮੀਡੀਆ ਇੰਚਾਰਜ ਜ਼ਿਲ੍ਹਾ ਪ੍ਰਿੰਸ ਲਾਂਬਾ, ਮਹਿਲਾ ਵਿੰਗ ਜ਼ਿਲ੍ਹਾ ਪ੍ਰਧਾਨ ਸ਼ਵੇਤਾ ਜਿੰਦਲ ਮੋਨਿਕਾ ਸ਼ਰਮਾ, ਹਲਕਾ ਕੋਆਰਡੀਨੇਟਰ ਸਿਮਰਨ ਮਿੱਡਾ, ਸੋਸ਼ਲ ਮੀਡੀਆ ਪ੍ਰਧਾਨ ਸੁਖਵੀਰ ਚਾਹਲ ਮੌਜੂਦ ਸਨ।

# ਰਾਜਪੁਰਾ ਸਬ ਡਿਵੀਜ਼ਨ ਦੇ ਘੱਗਰ ਨੇੜਲੇ ਪਿੰਡਾਂ ਲਈ ਹੜ੍ਹਾਂ ਦੀ ਚੇਤਾਵਨੀ ਜਾਰੀ

**ਰਾਜਪੁਰਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਘੱਗਰ ਦਰਿਆ ਦੇ ਕੈਚਮੈਂਟ ਖੇਤਰ ਵਿੱਚ ਪਏ ਭਾਰੀ ਮੀਂਹ ਕਾਰਨ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਰਾਜਪੁਰਾ ਸਬ ਡਿਵੀਜ਼ਨ ਦੇ ਘੱਗਰ ਨੇੜੇ ਪੈਂਦੇ ਕੁਝ ਪਿੰਡਾਂ ਦੇ ਵਸਨੀਕਾਂ ਨੂੰ ਚੌਕਸ ਰਹਿਣ ਦੀ ਅਪੀਲ ਕੀਤੀ ਗਈ ਹੈ।



ਐਸਡੀਐਮ ਰਾਜਪੁਰਾ ਅਵਿਕੇਸ਼ ਗੁਪਤਾ ਵੱਲੋਂ ਜਾਰੀ ਸੇਧਾਂ ਮੁਤਾਬਕ ਇਲਾਕੇ ਦੇ ਪਿੰਡਾਂ ਊਂਟਸਰ, ਨਨਹੇੜੀ, ਸੰਜਰਪੁਰ, ਲਾਛੜੂ, ਕਮਾਲਪੁਰ, ਰਾਮਪੁਰ, ਸੌਂਟਾ, ਮਾੜੂ ਅਤੇ ਚਮਾਰੂ ਸਮੇਤ ਨੇੜਲੇ ਇਲਾਕਿਆਂ ਦੇ ਵਸਨੀਕਾਂ ਨੂੰ ਸੁਚੇਤ ਰਹਿਣ ਤੇ ਘੱਗਰ ਨੇੜੇ ਨਾ ਜਾਣ ਦੀ ਅਪੀਲ ਕੀਤੀ ਗਈ ਹੈ।

ਉਨ੍ਹਾਂ ਕਿਹਾ ਕਿ ਕਿਸੇ ਸੂਚਨਾ ਲਈ ਰਾਜਪੁਰਾ ਦੇ ਫਲੱਡ ਕੰਟਰੋਲ ਰੂਮ ਦੇ ਨੰਬਰ 01762-224132 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਜਨਤਾ ਨੂੰ ਅਫ਼ਵਾਹਾਂ ਤੋਂ ਸੁਚੇਤ ਰਹਿਣ ਦੀ ਵੀ ਅਪੀਲ ਕੀਤੀ ਗਈ ਹੈ।

# ਜ਼ਿਲ੍ਹਾ ਸ਼ਹਿਰੀ ਪ੍ਰਧਾਨ ਤੇਜਿੰਦਰ ਮਹਿਤਾ ਨੂੰ ਜ਼ਿਲ੍ਹਾ ਪਲਾਨਿੰਗ ਬੋਰਡ ਦਾ ਚੇਅਰਮੈਨ ਲਗਾਇਆ

**ਪਟਿਆਲਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਤੇਜਿੰਦਰ ਮਹਿਤਾ ਜਿਲਾ ਪਟਿਆਲਾ ਸ਼ਹਿਰੀ ਪ੍ਰਧਾਨ ਆਮ ਆਦਮੀ ਪਾਰਟੀ, ਕੌਂਸਲਰ ਨਗਰ ਨਿਗਮ ਪਟਿਆਲਾ ਅਤੇ ਡਾਇਰੈਕਟਰ ਪੰਜਾਬ ਇੰਡਸਟਰੀਅਲ ਕਾਰਪੋਰੇਸਨ ਨੂੰ ਉਹਨਾ ਦੇ ਕੰਮਾਂ ਅਤੇ ਪਾਰਟੀ ਪ੍ਰਤੀ ਵਫਾਦਾਰੀ ਨੂੰ ਦੇਖਦੇ ਹੋਏ, ਪੰਜਾਬ ਸਰਕਾਰ ਨੇ ਉਹਨਾ ਨੂੰ ਜਿਲਾ ਪਲਾਨਿੰਗ ਬੋਰਡ ਦਾ ਚੇਅਰਮੇਨ ਲਗਾਇਆ ਹੈ। ਤੇਜਿੰਦਰ ਮਹਿਤਾ ਇਕ ਸਮਾਜ ਸੇਵੀ ਸਖਸ਼ੀਅਤ ਹਨ, ਜਿਨਾ ਨੇ 2014 ਵਿੱਚ ਡਾ ਧਰਮਵੀਰ ਗਾਂਧੀ ਲੋਕ ਸਭਾ ਉਮੀਦਵਾਰ ਦੀ ਚੋਣਾਂ ਵਿੱਚ ਅਨਥਕ ਮਿਹਨਤ ਕੀਤੀ ਤੇ ਪਾਰਟੀ ਦੀ ਜਿੱਤ ਹੋਈ। ਇਸ ਤੋ ਉਪਰੰਤ ਉਹ ਯੂਥ ਵੈਲਫੇਅਰ ਅਤੇ ਹੋਰ ਸਾਮਜਿਕ ਕੰਮਾ ਨਾਲ ਵੀ ਜੁੜੇ ਰਹੇ ਹਨ,ਤੇਜਿੰਦਰ ਮਹਿਤਾ ਇਕ ਮਹਿਨਤੀ ਪਾਰਟੀ ਵਰਕਰ ਹਨ ਅਤੇ ਪਾਰਟੀ ਦੀ ਨੀਤਿਆ ਅਤੇ ਸਰਕਾਰ ਵੱਲੋ ਕੀਤੇ ਵਿਕਾਸ ਦੇ ਕੰਮਾ ਦੇ ਪ੍ਰਚਾਰ ਤੇ ਪ੍ਰਸਾਰ ਲਈ ਹਰ ਵੇਲੇ ਯਤਨਸ਼ੀਲ ਰਹਿੰਦੇ ਹਨ। ਉਹ ਆਪਣੇ ਦਫਤਰ ਵਿੱਚ ਆਉਣ ਵਾਲੇ ਪਾਰਟੀ ਵਲੰਟੀਅਰ, ਅਹੁਦੇਦਾਰ ਅਤੇ ਆਮ ਲੋਕਾਂ ਨੂੰ ਖਿੜੇ ਮਥੇ ਮਿਲਦੇ ਹਨ। ਉਹਨਾਂ ਦੇ ਕੰਮਾਂ ਨੂੰ ਪਹਿਲ ਦੇ ਅਧਾਰ ਤੇ ਕਰਵਾਉਂਦੇ ਹਨ।

ਤੇਜਿੰਦਰ ਮਹਿਤਾ ਨੇ ਇਸ ਮੋਕੇ ਉਹਨਾਂ ਨੂੰ ਜਿਲਾ ਪਲਾਨਿੰਗ ਬੋਰਡ ਦਾ ਚੇਅਰਮੈਂਨ ਲਗਾਉਣ ਤੇ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ, ਪਾਰਟੀ ਸੁਪ੍ਰੀਮੋ ਅਤੇ ਕੋਮੀ ਕਨਵੀਨਰ ਸ਼੍ਰੀ ਅਰਵਿੰਦ ਕੇਜਰੀਵਾਲ, ਪੰਜਾਬ ਪ੍ਰਭਾਰੀ ਸ਼੍ਰੀ ਮੁਨੀਸ਼ ਸਿਸੋਦੀਆ, ਪੰਜਾਬ ਪ੍ਰਧਾਨ ਅਤੇ ਕੈਬਿਨੇਟ ਮੰਤਰੀ ਅਮਨ ਅਰੋੜਾ ਦਾ ਧੰਨਵਾਦ ਕੀਤਾ।

# ਵਿਜੀਲੈਂਸ ਨੇ ਜਾਇਦਾਦ ਰਜਿਸਟਰੀ ਘੁਟਾਲੇ ਵਿੱਚ ਮਾਲੀਆ ਅਧਿਕਾਰੀਆਂ ਅਤੇ ਏਜੰਟਾਂ ਦੇ ਗੱਠਜੋੜ ਦਾ ਕੀਤਾ ਪਰਦਾਫਾਸ਼



**ਚੰਡੀਗੜ੍ਹ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਰਾਜ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਆਪਣੀ ਮੁਹਿੰਮ ਦੌਰਾਨ ਅੱਜ ਸਵਿੰਦਰ ਸਿੰਘ ਰਜਿਸਟਰੀ ਕਲਰਕ ਭਿਖੀਵਿੰਡ ਜ਼ਿਲ੍ਹਾ ਤਰਨਤਾਰਨ ਅਤੇ ਮਲਕੀਤ ਸਿੰਘ ਡੀਡ ਰਾਈਟਰ ਭਿਖੀਵਿੰਡ ਜ਼ਿਲ੍ਹਾ ਤਰਨਤਾਰਨ ਨੂੰ 37000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ।

ਅੱਜ ਇੱਥੇ ਇਹ ਖੁਲਾਸਾ ਕਰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਕਿਹਾ ਕਿ ਮੁਲਜ਼ਮ ਨੇ ਸ਼ਿਕਾਇਤਕਰਤਾ ਗੁਰਭੇਜ ਸਿੰਘ ਵਾਸੀ ਪਿੰਡ ਭਿਖੀਵਿੰਡ ਜ਼ਿਲ੍ਹਾ ਤਰਨਤਾਰਨ ਤੋਂ ਰਿਸ਼ਵਤ ਮੰਗੀ ਸੀ। ਸ਼ਿਕਾਇਤਕਰਤਾ ਗੁਰਭੇਜ ਸਿੰਘ ਨੇ ਦੱਸਿਆ ਕਿ ਉਸਦੀ ਜੱਦੀ ਜ਼ਮੀਨ ਦੀ ਵੰਡ ਦੌਰਾਨ ਉਸਦੀ 2 ਕਨਾਲ ਅਤੇ 2 ਮਰਲੇ ਵਾਹੀਯੋਗ ਜ਼ਮੀਨ ਗਲਤੀ ਨਾਲ ਉਸਦੇ ਰਿਸ਼ਤੇਦਾਰਾਂ ਨੂੰ ਤਬਦੀਲ ਕਰ ਦਿੱਤੀ ਗਈ ਸੀ। ਉਸਨੇ ਅਪ੍ਰੈਲ 2025 ਵਿੱਚ ਸਰਕਾਰੀ ਖਜ਼ਾਨੇ ਵਿੱਚ ਫੀਸਾਂ ਦੀ ਅਦਾਇਗੀ ਸਮੇਤ ਸਾਰੀਆਂ ਜ਼ਰੂਰੀ ਰਸਮਾਂ ਪੂਰੀਆਂ ਕਰ ਲਈਆਂ ਸਨ।

ਸਾਰੀਆਂ ਲੋੜੀਂਦੀਆਂ ਪ੍ਰਕਿਰਿਆਵਾਂ ਪੂਰੀਆਂ ਕਰਨ ਅਤੇ ਜ਼ਰੂਰੀ ਸਟੈਂਪ ਪੇਪਰ ਪ੍ਰਾਪਤ ਕਰਨ ਦੇ ਬਾਵਜੂਦ, ਉਹ ਆਪਣੀ ਜ਼ਮੀਨ ਦੀ ਰਜਿਸਟਰੀ ਕਰਵਾਉਣ ਵਿੱਚ ਅਸਫਲ ਰਿਹਾ। ਬੁਲਾਰੇ ਨੇ ਅੱਗੇ ਦੱਸਿਆ ਕਿ ਉਕਤ ਜ਼ਮੀਨ ਦੀ ਰਜਿਸਟਰੀ ਆਪਣੇ ਨਾਮ 'ਤੇ ਕਰਵਾਉਣ ਲਈ ਉਸਨੇ ਮਲਕੀਤ ਸਿੰਘ ਡੀਡ ਰਾਈਟਰ ਭਿਖੀਵਿੰਡ ਜ਼ਿਲ੍ਹਾ ਤਰਨਤਾਰਨ ਨਾਲ ਸੰਪਰਕ ਕੀਤਾ।

ਸ਼ਿਕਾਇਤਕਰਤਾ ਨੇ ਅੱਗੇ ਦੱਸਿਆ ਕਿ ਮਲਕੀਤ ਸਿੰਘ ਨੇ ਜਾਣਬੁੱਝ ਕੇ ਉਕਤ ਰਜਿਸਟਰੀ ਲਈ ਤਹਿਸੀਲਦਾਰ ਭਿਖੀਵਿੰਡ ਤੋਂ ਉਸਦੀ 24.04.2025 ਦੀ ਅਪਾਇੰਟਮੈਂਟ ਰੱਦ ਕਰਵਾਈ। ਪੁੱਛਗਿੱਛ ਕਰਨ 'ਤੇ ਪਤਾ ਲੱਗਾ ਕਿ ਰਜਿਸਟਰੀ ਕਲਰਕ ਸਵਿੰਦਰ ਸਿੰਘ ਉਸਦੇ ਕੇਸ ਦੀ ਪ੍ਰਕਿਰਿਆ ਲਈ 32,000 ਰੁਪਏ ਰਿਸ਼ਵਤ ਮੰਗ ਰਿਹਾ ਸੀ। ਸ਼ਿਕਾਇਤਕਰਤਾ ਆਪਣੇ ਜਾਇਜ਼ ਕੰਮ ਲਈ ਰਿਸ਼ਵਤ ਨਹੀਂ ਦੇਣਾ ਚਾਹੁੰਦਾ ਸੀ। ਇਸ ਲਈ, ਵਿਜੀਲੈਂਸ ਬਿਊਰੋ ਵੱਲੋਂ ਅਜਿਹੇ ਭ੍ਰਿਸ਼ਟ ਅਧਿਕਾਰੀ ਨੂੰ ਕਾਬੂ ਕਰਨ ਲਈ, ਸ਼ਿਕਾਇਤਕਰਤਾ ਗੁਰਭੇਜ ਸਿੰਘ ਨੇ ਇਸ ਮਾਮਲੇ ਦੀ ਰਿਪੋਰਟ ਡੀਐਸਪੀ ਵੀ.ਬੀ. ਯੂਨਿਟ ਤਰਨਤਾਰਨ ਨੂੰ ਦਿੱਤੀ।



**ਇੱਕ ਇਨਸਾਫ਼-ਪਸੰਦ, ਲੋਕਤੰਤਰਿਕ ਪ੍ਰਣਾਲੀ ਦੀ ਵਿਸ਼ਵਾਸੀ ਅਤੇ ਭਾਰਤ ਦੀ ਵੰਨ ਸੁਵੰਨਤਾ ਨੂੰ ਪਿਆਰਨ ਵਾਲੀ ਸ਼ਹਿਰੀ ਹੋਣ ਦੇ ਨਾਤੇ, ਜਦੋਂ ਜਦੋਂ ਵੀ ਦੇਸ਼ ਦੇ ਕਿਸੇ ਅੰਗ ਪ੍ਰਤਿ ਵਧੀਕੀ, ਕਾਣ, ਜ਼ਿਆਦਤੀ ਤੇ ਉਲਾਰੂ ਪ੍ਰਵਿਰਤੀ ਦੇਖਦੀ ਤੇ ਮਹਿਸੂਸਦੀ ਹਾਂ, ਮਨ ਬੇਚੈਨੀ ਦੇ ਆਲਮ ਵਿਚ ਵਿਚਰਨ ਲਗਦਾ ਹੈ ਤੇ ਰੂਹ ਜ਼ਖ਼ਮੀ ਹੋ ਜਾਂਦੀ ਹੈ। ਕੁੱਝ ਅਜਿਹੇ ਹੀ ਆਲਮ ਵਿਚ ਵਿਚਰ ਰਹੀ ਹਾਂ ਇਸ ਵੇਲੇ ਜਦੋਂ ਮੇਰੇ ਰੰਗਲੇ ਪੰਜਾਬ 'ਤੇ ਕੁਦਰਤ ਦੀ ਡਾਹਢੀ ਮਾਰ ਪਈ ਹੋਈ ਹੈ। ਕੁਦਰਤ ਦੀ ਕਰੋਪੀ ਤਾਂ ਬੰਦਾ ਔਖਾ ਸੌਖਾ ਝੱਲ ਲੈਂਦਾ ਹੈ ਪਰ ਇਨਸਾਨੀ-ਮਾਰ ਤੁਹਾਡੇ ਜਿਸਮ ਨੂੰ ਵੀ ਤਾਰ ਤਾਰ ਕਰ ਦਿੰਦੀ ਹੈ ਤੇ ਤੁਹਾਨੂੰ ਆਪਣੀ ਹੀ ਜੰਮਣ ਭੋਇੰ 'ਤੇ, ਬੇਗਾਨਗੀ ਦੇ ਆਲਮ ਵਿਚ ਲਿਜਾ ਸੁੱਟਦੀ ਹੈ।**

# ਸਾਡੇ ਲਈ ਇਨਸਾਫ਼ ਹੈ ਕਿੱਥੇ?

ਇਨਸਾਫ਼ ਦੇ ਸਰੋਕਾਰ

ਕੁਲਵੰਤ ਕੌਰ (ਡਾ)
98156-20515

ਇੱਕ ਇਨਸਾਫ਼-ਪਸੰਦ, ਲੋਕਤੰਤਰਿਕ ਪ੍ਰਣਾਲੀ ਦੀ ਵਿਸ਼ਵਾਸੀ ਅਤੇ ਭਾਰਤ ਦੀ ਵੰਨ ਸੁਵੰਨਤਾ ਨੂੰ ਪਿਆਰਨ ਵਾਲੀ ਸ਼ਹਿਰੀ ਹੋਣ ਦੇ ਨਾਤੇ, ਜਦੋਂ ਜਦੋਂ ਵੀ ਦੇਸ਼ ਦੇ ਕਿਸੇ ਅੰਗ ਪ੍ਰਤਿ ਵਧੀਕੀ, ਕਾਣ, ਜ਼ਿਆਦਤੀ ਤੇ ਉਲਾਰੂ ਪ੍ਰਵਿਰਤੀ ਦੇਖਦੀ ਤੇ ਮਹਿਸੂਸਦੀ ਹਾਂ, ਮਨ ਬੇਚੈਨੀ ਦੇ ਆਲਮ ਵਿਚ ਵਿਚਰਨ ਲਗਦਾ ਹੈ ਤੇ ਰੂਹ ਜ਼ਖ਼ਮੀ ਹੋ ਜਾਂਦੀ ਹੈ। ਕੁੱਝ ਅਜਿਹੇ ਹੀ ਆਲਮ ਵਿਚ ਵਿਚਰ ਰਹੀ ਹਾਂ ਇਸ ਵੇਲੇ ਜਦੋਂ ਮੇਰੇ ਰੰਗਲੇ ਪੰਜਾਬ 'ਤੇ ਕੁਦਰਤ ਦੀ ਡਾਹਢੀ ਮਾਰ ਪਈ ਹੋਈ ਹੈ। ਕੁਦਰਤ ਦੀ ਕਰੋਪੀ ਤਾਂ ਬੰਦਾ ਔਖਾ ਸੌਖਾ ਝੱਲ ਲੈਂਦਾ ਹੈ ਪਰ ਇਨਸਾਨੀ-ਮਾਰ ਤੁਹਾਡੇ ਜਿਸਮ ਨੂੰ ਵੀ ਤਾਰ ਤਾਰ ਕਰ ਦਿੰਦੀ ਹੈ ਤੇ ਤੁਹਾਨੂੰ ਆਪਣੀ ਹੀ ਜੰਮਣ ਭੋਇੰ 'ਤੇ, ਬੇਗਾਨਗੀ ਦੇ ਆਲਮ ਵਿਚ ਲਿਜਾ ਸੁੱਟਦੀ ਹੈ।

ਕੇਂਦਰ ਸਰਕਾਰ ਨੇ ਹੜ੍ਹ-ਪ੍ਰਭਾਵਿਤ ਰਾਜਾਂ ਲਈ ਰਾਹਤ ਰਾਸ਼ੀ ਐਲਾਨੀ ਤਾਂ ਮੈਨੂੰ ਪੰਜਾਬ ਦੇ ਅੰਕੜੇ ਦੇਖ ਕੇ ਕਲੇਜਾ ਮੂੰਹ ਨੂੰ ਆ ਗਿਆ - ਕੁੱਲ 218 ਕਰੋੜ, ਹਰਿਆਣਾ ਤੋਂ ਦੋ ਕਰੋੜ ਵੱਧ ਜਿੱਥੇ ਹੜ੍ਹ ਦਾ ਪਾਣੀ ਪੰਜਾਬ ਤੋਂ ਕਿੰਨਾ ਹੀ ਸਮਾਂ ਮਗਰੋਂ ਚੜ੍ਹਿਆ ਤੇ ਚੜ੍ਹਿਆ ਵੀ ਮੁਕਾਬਲਤਨ ਬਹੁਤ ਘੱਟ ਇਲਾਕੇ ਵਿੱਚ। ਉੱਤਰਾਖੰਡ 413, ਉੱਤਰ ਪ੍ਰਦੇਸ਼ 812, ਕਰਨਾਟਕਾ 348, ਮਹਾਂਰਾਸ਼ਟਰ 1420, ਗੁਜਰਾਤ 584, ਬਿਹਾਰ 624 ਤੇ ਉੜੀਸਾ 707 ਕਰੋੜ ਆਦਿ ਦੀ ਸਹਾਇਤਾ - ਰਾਸ਼ੀ ਪੜ੍ਹ ਤੇ ਜਾਣ ਕੇ ਕਈਆਂ ਦੇ ਭਰਵੱਟੇ ਤਣੇ ਹੋਣਗੇ ਕਿਉਂਕਿ ਜਿਹੜੀ ਬਰਬਾਦੀ, ਤਬਾਹੀ, ਦੁਰਦਸ਼ਾ, ਨੁਕਸਾਨ, ਬੇਹਾਲੀ ਅਤੇ ਉਜਾੜਾ ਪੰਜਾਬ ਅਤੇ ਪੰਜਾਬੀਆਂ ਦਾ ਹੋਇਆ ਹੈ, ਉਸ ਦੇ ਮੁਕਾਬਲੇ 'ਤੇ ਰਾਹਤ-ਰਾਸ਼ੀ ਬੇਹੱਦ ਨਿਗੂਣੀ, ਘੱਟ ਅਤੇ ਮਜ਼ਾਕ ਹੈ - ਇਨਸਾਨੀ ਮੌਤਾਂ ਤੋਂ ਇਲਾਵਾ ਮਾਲ-ਡੰਗਰ, ਜਾਇਦਾਦਾਂ ਦਾ, ਘਰਾਂ-ਮਕਾਨਾਂ ਦਾ ਅਤੇ ਫਸਲਾਂ ਦਾ ਜਿੰਨਾ ਨੁਕਸਾਨ ਹੋ ਚੁੱਕਾ ਹੈ ਤੇ ਹੋਣ ਜਾ ਰਿਹਾ ਹੈ, ਉਸ ਦਾ ਅਨੁਮਾਨ ਲਾਉਣਾ ਵੀ ਸੰਭਵ ਨਹੀਂ। ਸਰੀਰਕ, ਮਾਨਸਿਕ, ਆਤਮਿਕ ਅਤੇ ਜਿਹਨੀ ਤੌਰ 'ਤੇ ਜੋ ਸੰਤਾਪ ਪੰਜਾਬੀ ਇਸ ਵੇਲੇ ਹੰਢਾ ਰਹੇ ਹਨ ਤੇ 14 ਜ਼ਿਲਿਆਂ ਦੇ ਹਜ਼ਾਰ ਤੋਂ ਵੱਧ ਪਿੰਡ, ਕਸਬੇ ਤੇ ਨਗਰ ਪਾਣੀ ਵਿਚ ਡੁੱਬੇ ਪਏ ਹਨ, ਇਹ ਸਹਾਇਤਾ - ਰਕਮ ਜਲੇ 'ਤੇ ਲੂਣ ਪਾਉਣ ਵਾਲੀ ਗੱਲ ਹੈ। ਸਾਡੇ ਦੇਸ਼ ਦੇ ਸਾਡੇ ਮੁਖੀਏ ਨੇ ਇਕ ਵਾਰ ਵੀ ਇੱਧਰ ਆਉਣ ਬਾਰੇ ਨਹੀਂ ਸੋਚਿਆ। ਕਿਸੇ ਹੋਰ ਮੰਤਰੀ ਨੂੰ ਵੀ ਇਹ ਭਿਅੰਕਰ ਤਬਾਹੀ ਤੱਕ ਕੇ ਕੋਈ ਮਰਹਮ ਪੱਟੀ ਕਰਨ ਦੀ ਤਾਕੀਦ ਨਹੀਂ ਕੀਤੀ। ਬਜਾਏ ਇਹਦੇ ਦੇਸ਼ ਦੇ ਇਕ ਵੱਡੇ ਹਿੱਸੇ ਦੇ ਪਾਣੀ ਵਿਚ ਡੁੱਬੇ ਹੋਣ ਦੇ ਬਾਵਜੂਦ ਪ੍ਰਸਤਾਵਿਤ ਵਿਦੇਸ਼-ਯਾਤਰਾ 'ਤੇ ਜਾਣਾ ਜ਼ਰੂਰੀ ਸਮਝਿਆ। ਕੀ ਇਹ ਉਹੀ ਦੇਸ਼ ਹੈ ਜਿਸ ਦੀ ਆਨ, ਬਾਨ, ਸ਼ਾਨ, ਏਕਤਾ, ਅਖੰਡਤਾ, ਸਮਾਨਤਾ, ਸਾਂਝੀਵਾਲਤਾ, ਵਿਕਾਸ, ਬੋਲਬਾਲੇ ਤੇ ਵਾਧੇ ਲਈ ਸਾਡੇ ਰਹਿਬਰਾਂ, ਪਰਮ ਪੁਰਖਿਆਂ ਅਤੇ ਮਹਾਂ ਮਾਨਵਾਂ ਨੇ ਸਾਢੇ ਪੰਜ ਸੌ ਸਾਲਾਂ ਤੋਂ ਲਗਾਤਾਰ ਜੱਦੋ ਜਹਿਦ, ਸੰਘਰਸ਼ ਅਤੇ ਜਤਨ ਕੀਤੇ ਸਨ ਅਤੇ ਹਜ਼ਾਰਾਂ ਸਾਲਾਂ ਦੀ ਗੁਲਾਮੀ ਭੋਗ ਰਹੇ ਇਸ ਦੇਸ਼ ਵਿਚ ਇਨਕਲਾਬੀ ਲਹਿਰ ਚਲਾ ਕੇ ਜੀਣ ਥੀਣ ਅਤੇ ਸਹੀ ਜੀਵਨ ਜਾਚ ਦਾ ਝੰਡਾ ਬੁਲੰਦ ਕੀਤਾ ਸੀ? ''ਖਤਰੀ ਬ੍ਰਾਹਮਣ ਸੂਦ ਵੈਸ਼ ਉਪਦੇਸ਼ ਚਹੁੰ ਵਰਨਾ ਕਉ ਸਾਝਾ'' ਦਾ ਸਦ-ਸੁਖਾਵਾ ਉਪਦੇਸ਼ ਦੇਣ ਵਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ, ਸਮੁੱਚੀ ਮਨੁੱਖ ਜਾਤੀ ਦਾ ਸਰਬ ਸਾਂਝਾ ਸਰਮਾਇਆ ਹੈ, ਉਸ ਦੀ ਟੇਕ ਅਤੇ ਆਸਰਾ ਜਿਸਨੇ ਪੰਜਾਬ ਨੂੰ ਸੰਸਾਰ ਦੀ ਅਲੌਕਿਕ, ਅਨੂਠੀ, ਅੱਲੋਕਾਰੀ, ਅਲੱਗ ਅਤੇ ਅਨਾਦੀ ਭੋਇੰ ਬਣਾ ਦਿੱਤਾ- ਵਿਲੱਖਣ ਸਭਿਆਚਾਰ ਵਾਲਾ, ਅਨੋਖੇ ਇਤਿਹਾਸ ਵਾਲਾ, ਦਮਦਾਰ ਮਰਯਾਦਾ ਵਾਲਾ ਅਤੇ ਗ਼ੌਰਵਸ਼ਾਲੀ ਵਿਰਸੇ ਵਾਲਾ, ਇਸੇ ਕਰਕੇ, ਮਹਾਂਕਵੀ ਟੈਗੋਰ ਨੇ ਇਸ ਨੂੰ ਪੂਰੇ ਦੇਸ਼ ਤੋਂ ਪ੍ਰਮੁੱਖਤਾ ਦਿੱਤੀ :

'ਪੰਜਾਬ ਸਿੰਧ ਗੁਜਰਾਤ ਮਰਾਠਾ.. .. ..', ਅਸੀਂ ਕਿਹੜਾ ਟੈਗੋਰ ਜੀ ਨੂੰ ਛੋਲੇ ਦੇ ਕੇ ਇਹ ਤਰਤੀਬ ਲਿਖਵਾਈ ਸੀ? 'ਭਾਰਤ ਹੈ ਵਾਂਗ ਮੁੰਦਰੀ, ਵਿਚ ਨਗ ਪੰਜਾਬ ਦਾ' ਲਿਖ ਕੇ ਪ੍ਰੋ. ਮੋਹਨ ਸਿੰਘ ਨੇ ਵੀ ਤਾਂ ਮੁੰਦਰੀ ਦੀ ਅਹਿਮੀਅਤ ਵਧਾਉਣ ਵਾਲੇ ਸੁੱਚੇ 'ਨਗ' ਦਾ ਹੀ ਜ਼ਿਕਰ ਕੀਤਾ ਹੈ। ਖ਼ੈਰ ! ਇਹ ਗਾਥਾ ਬਹੁਤ ਬਹੁਤ ਲੰਮੀ ਹੈ ਕਦੇ ਫਿਰ ਸਹੀ।

ਇਨਸਾਫ ਹੈ ਕਿੱਥੇ? ਮਾਨਵ-ਅਧਿਕਾਰਾਂ ਦੀ ਰਾਖੀ, ਹਿੰਦੁਸਤਾਨ ਦੀ ਪੱਤ ਬਚਾਉਣ ਅਤੇ ਸਨਾਤਨ ਹਿੰਦੂ ਧਰਮ ਦਾ ਖੁਰਾ ਖੋਜ ਮਿਟਾਉਣ 'ਤੇ ਉਤਾਰੂ ਔਰੰਗਜ਼ੇਬ ਨੂੰ ਚੈਲਿੰਜ ਕਰਕੇ ਸੀਸ ਕਟਵਾਉਣ ਵਾਲੇ ਪਾਤਿਸ਼ਾਹ ਦੀ ਦੇਣ ਕੀ ਇਹ ਦੇਸ਼ ਦੇ ਸਕਦਾ ਹੈ ਕਦੇ? ਫਿਰ ਅਪ੍ਰੈਲ ਮਹੀਨੇ ਗੁਜਰੇ, ਨੌਵੇਂ ਨਾਨਕ ਦੇ ਪ੍ਰਕਾਸ਼-ਪੁਰਬ ਤੇ, ਦੇਸ਼ ਦੇ ਸੰਸਦ ਭਵਨ ਦਾ ਉਦਘਾਟਨ ਕਰਨਾ ਉਚਿਤ ਸੀ ਕਿ ਸਾਵਰਕਰ ਦੇ ਜਨਮ ਦਿਨ 'ਤੇ? ਮੈਂ ਇਤਿਹਾਸਕ ਤੱਥਾਂ ਦੇ ਹਵਾਲੇ ਦੇ ਕੇ, ਕਿਸੇ ਦਾ ਅਨਾਦਰ (ਘਟਾ) ਨਹੀਂ ਕਰਨਾ ਚਾਹੁੰਦੀ ਪਰ ਹਿੰਦ ਦੀ ਚਾਦਰ, ਧਰਮ ਦੀ ਚਾਦਰ ਅਤੇ ਪੂਰੀ ਸ੍ਰਿਸ਼ਟੀ ਦੀ ਚਾਦਰ ਵਜੋਂ ਕਾਰਜਸ਼ੀਲ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ (ਜਿਨ੍ਹਾਂ ਦਾ ਨਾਂ ਸ੍ਰੀ ਤਿਆਗ ਮੱਲ ਤੋਂ ਤੇਗ਼ ਬਹਾਦਰ ਇਸੇ ਕਰਕੇ ਰੱਖਿਆ ਗਿਆ ਸੀ ਕਿਉਂਕਿ ਛੇਵੇਂ ਪਾਤਿਸ਼ਾਹ ਵਲੋਂ ਅਧਰਮ ਤੇ ਮੁਗਲੀਆ ਹਕੂਮਤ ਖ਼ਿਲਾਫ਼ ਕੀਤੇ ਯੁੱਧ ਦੌਰਾਨ ਆਪ ਜੀ ਨੇ ਬਹਾਦਰੀ ਦੇ ਲਾਮਿਸਾਲ ਜੌਹਰ ਦਿਖਾਏ ਸਨ) ਨੇ ਸੀਸ ਗੰਜ



# ਵਿਸ਼ਵ 'ਚ ਵੈਗਨਰ ਸਮੇਤ ਕਈ ਹੋਰ ਪ੍ਰਾਈਵੇਟ ਫ਼ੌਜਾਂ ਦਾ ਹੈ ਪੂਰਾ ਦਬਦਬਾ

-ਬਲਰਾਜ ਸਿੰਘ ਸਿੱਧੂ

ਕੁਝ ਹਫ਼ਤੇ ਪਹਿਲਾਂ ਰੂਸ ਵੱਲੋਂ ਪਾਲੀ ਗਈ ਵੈਗਨਰ ਨਾਮਕ ਪ੍ਰਾਈਵੇਟ ਕੰਪਨੀ ਦੀ ਫ਼ੌਜ ਨੇ ਮਾਸਕੋ 'ਤੇ ਹੀ ਹਮਲਾ ਕਰਨ ਦਾ ਐਲਾਨ ਕਰ ਦਿੱਤਾ ਸੀ। ਇਹ ਮਸਲਾ ਭਾਵੇਂ ਸੁਲਝ ਗਿਆ ਹੈ ਪਰ ਇਸ ਕਾਰਨ ਵਿਸ਼ਵ ਭਰ ਵਿਚ ਰੂਸ ਦੀ ਰੱਜ ਕੇ ਥੂਹ-ਥੂਹ ਹੋਈ ਹੈ। ਸਭ ਨੇ ਇਹ ਮਹਿਸੂਸ ਕੀਤਾ ਹੋਵੇਗਾ ਕਿ ਅਮਰੀਕਾ, ਇੰਗਲੈਂਡ, ਚੀਨ ਅਤੇ ਫਰਾਂਸ ਆਦਿ ਕਿਸੇ ਵੀ ਸੁਪਰ ਪਾਵਰ ਨੇ ਵੈਗਨਰ ਦੀ ਸਥਾਪਨਾ ਦੀ ਨਿਖੇਧੀ ਨਹੀਂ ਕੀਤੀ। ਇਸ ਦਾ ਕਾਰਨ ਇਹ ਹੈ ਕਿ ਇਨ੍ਹਾਂ ਸਾਰਿਆਂ ਦੇਸ਼ਾਂ ਨੇ ਮਾਲੇ, ਇਰਾਕ, ਨਿਊ ਗਿੰਨੀ ਅਤੇ ਲੀਬੀਆ ਆਦਿ ਵਰਗੇ ਗੜਬੜੀ ਵਾਲੇ ਪਰ ਖਣਿਜ ਪਦਾਰਥਾਂ ਨਾਲ ਭਰਪੂਰ ਅਨੇਕ ਗ਼ਰੀਬ ਦੇਸ਼ਾਂ ਵਿਚ ਆਪਣੇ ਗ਼ੈਰ ਕਾਨੂੰਨੀ ਤੇ ਅਣ-ਮਨੁੱਖੀ ਮਿਸ਼ਨ ਪੂਰੇ ਕਰਨ ਲਈ ਪ੍ਰਾਈਵੇਟ ਫ਼ੌਜਾਂ ਤਿਆਰ ਕੀਤੀਆਂ ਹੋਈਆਂ ਹਨ।

**ਅਮਰੀਕਾ, ਇੰਗਲੈਂਡ, ਚੀਨ ਅਤੇ ਫਰਾਂਸ ਆਦਿ ਕਿਸੇ ਵੀ ਸੁਪਰ ਪਾਵਰ ਨੇ ਵੈਗਨਰ ਦੀ ਸਥਾਪਨਾ ਦੀ ਨਿਖੇਧੀ ਨਹੀਂ ਕੀਤੀ। ਇਸ ਦਾ ਕਾਰਨ ਇਹ ਹੈ ਕਿ ਇਨ੍ਹਾਂ ਸਾਰਿਆਂ ਦੇਸ਼ਾਂ ਨੇ ਮਾਲੇ, ਇਰਾਕ, ਨਿਊ ਗਿੰਨੀ ਅਤੇ ਲੀਬੀਆ ਆਦਿ ਵਰਗੇ ਗੜਬੜੀ ਵਾਲੇ ਪਰ ਖਣਿਜ ਪਦਾਰਥਾਂ ਨਾਲ ਭਰਪੂਰ ਅਨੇਕ ਗ਼ਰੀਬ ਦੇਸ਼ਾਂ ਵਿਚ ਆਪਣੇ ਗ਼ੈਰ ਕਾਨੂੰਨੀ ਤੇ ਅਣ-ਮਨੁੱਖੀ ਮਿਸ਼ਨ ਪੂਰੇ ਕਰਨ ਲਈ ਪ੍ਰਾਈਵੇਟ ਫ਼ੌਜਾਂ ਤਿਆਰ ਕੀਤੀਆਂ ਹੋਈਆਂ ਹਨ।**

ਇਹ ਫ਼ੌਜਾਂ ਇਨ੍ਹਾਂ ਦੇਸ਼ਾਂ ਵਿਚ ਪੱਛਮੀ ਦੇਸ਼ਾਂ ਦੇ ਹਿੱਤਾਂ ਦੀ ਸਖ਼ਤੀ ਨਾਲ ਰਾਖੀ ਕਰਦੀਆਂ ਹਨ ਤੇ ਸੁਪਰ ਪਾਵਰ 'ਤੇ ਕੋਈ ਇਲਜ਼ਾਮ ਵੀ ਨਹੀਂ ਲੱਗਦਾ। ਵੈਗਨਰ ਤੋਂ ਇਲਾਵਾ ਇਸ ਵੇਲੇ ਦੁਨੀਆ ਵਿਚ ਕੰਮ ਕਰ ਰਹੀਆਂ ਅਤੇ ਮਨੁੱਖੀ ਅਧਿਕਾਰਾਂ ਦਾ ਘਾਣ ਕਰ ਰਹੀਆਂ ਕੁਝ ਬਦਨਾਮ ਪ੍ਰਾਈਵੇਟ ਕੰਪਨੀਆਂ ਇਸ ਪ੍ਰਕਾਰ ਹਨ। ਜੀ 4 ਐੱਸ ਕੰਪਨੀ : ਇਸ ਕੰਪਨੀ ਕੋਲ ਦੁਨੀਆ ਦੀ ਸਭ ਤੋਂ ਵੱਡੀ ਪ੍ਰਾਈਵੇਟ ਫ਼ੌਜ (620000 ਸੈਨਿਕ) ਹੈ ਜੋ ਇੰਗਲੈਂਡ ਦੀ ਫ਼ੌਜ ਤੋਂ ਤਿੰਨ ਗੁਣਾ ਵੱਧ ਹੈ। ਇਹ ਕੰਪਨੀ 110 ਦੇਸ਼ਾਂ ਵਿਚ ਮਿਲਟਰੀ ਸੇਵਾਵਾਂ ਦੇਣ ਦਾ ਦਾਅਵਾ ਕਰਦੀ ਹੈ। ਇਸ ਦਾ ਹੈੱਡਕੁਆਰਟਰ ਲੰਡਨ ਵਿਖੇ ਹੈ ਤੇ ਇਸ ਦੀ ਸਥਾਪਨਾ 2004 ਵਿਚ ਜਾਹਨ ਕਨੌਲੀ ਨਾਮਕ ਸਾਬਕਾ ਫ਼ੌਜੀ ਅਧਿਕਾਰੀ ਨੇ ਕੀਤੀ ਸੀ। ਇਹ ਕੰਪਨੀ ਵੀਆਈਪੀਜ਼ ਅਤੇ ਮਲਟੀਨੈਸ਼ਨਲ ਸੰਸਥਾਨਾਂ ਨੂੰ ਸੁਰੱਖਿਆ ਪ੍ਰਦਾਨ ਕਰਦੀ ਹੈ। ਇੰਗਲੈਂਡ ਦੀਆਂ ਜੇਲ੍ਹਾਂ ਦੀ ਸੁਰੱਖਿਆ ਅਤੇ ਕੈਦੀਆਂ ਦਾ ਅਦਾਨ-ਪ੍ਰਦਾਨ ਤਕ ਵੀ ਇਸ ਦੇ ਜ਼ਿੰਮੇ ਹੈ। ਇਰਾਕ ਵਿਚ ਇਹ 60% ਪੱਛਮੀ ਸੰਸਥਾਨਾਂ ਅਤੇ ਠੇਕੇਦਾਰਾਂ ਨੂੰ ਸਕਿਉਰਿਟੀ ਪ੍ਰਦਾਨ ਕਰਦੀ ਹੈ ਤੇ ਨਾਟੋ ਦੀਆਂ ਤਕਰੀਬਨ ਸਾਰੀਆਂ ਛਾਉਣੀਆਂ ਦੀ ਬਾਹਰਲੀ ਸੁਰੱਖਿਆ ਇਸ ਦੇ ਜ਼ਿੰਮੇ ਹੈ। ਇਹ ਕੰਪਨੀ ਵੀ ਅਨੇਕਾਂ ਦੇਸ਼ਾਂ ਵਿਚ ਮਨੁੱਖੀ ਅਧਿਕਾਰਾਂ ਦੇ ਘਾਣ ਲਈ ਜ਼ਿੰਮੇਵਾਰ ਹੈ। ਇਹ ਇਸ ਵੇਲੇ ਮਿਆਂਮਾਰ, ਮੈਕਸੀਕੋ ਅਤੇ ਵੈਨਜ਼ੂਏਲਾ ਸਮੇਤ ਅਨੇਕਾਂ ਅਫ਼ਰੀਕੀ ਅਤੇ ਦੱਖਣੀ ਅਮਰੀਕੀ ਦੇਸ਼ਾਂ ਦੇ ਤਾਨਾਸ਼ਾਹਾਂ ਦੀ ਸੁਰੱਖਿਆ ਵਿਚ ਤਾਇਨਾਤ ਹੈ। ਇਨ੍ਹਾਂ ਤਾਨਾਸ਼ਾਹਾਂ ਦੀ ਰਾਖੀ ਕਰਦੇ ਸਮੇਂ ਇਸ ਦੇ ਸੈਨਿਕਾਂ ਹੱਥੋਂ ਹੁਣ ਤਕ 9 ਦੇ ਕਰੀਬ ਸਥਾਨਕ ਰਾਜਨੀਤਕ ਵਿਰੋਧੀ ਮਾਰੇ ਜਾ ਚੁੱਕੇ ਹਨ ਤੇ 31 ਗੰਭੀਰ ਜ਼ਖ਼ਮੀ ਹੋਏ ਹਨ।

ਆਲੀਵ ਕੰਪਨੀ : ਕੰਪਨੀ ਦੀ ਸਥਾਪਨਾ 2001 ਵਿਚ ਇੰਗਲੈਂਡ ਵਿਖੇ ਸਾਬਕਾ ਕਰਨਲ ਹੈਰੀ ਲੈਗੇ ਬੁਰਕੇ ਨੇ ਕੀਤੀ ਸੀ ਤੇ ਇਸ ਦਾ ਮੁੱਖ ਕੰਮ ਇਰਾਕ ਵਿਚ ਕੰਮ ਰਹੀਆਂ ਤੇਲ ਕੰਪਨੀਆਂ ਦੇ ਮੁਲਾਜ਼ਮਾਂ, ਰਿਹਾਇਸ਼ੀ ਕੰਪਲੈਕਸਾਂ ਅਤੇ ਦਫ਼ਤਰਾਂ ਨੂੰ ਅੱਤਵਾਦੀਆਂ ਅਤੇ ਮਨੁੱਖੀ ਬੰਬਾਂ ਦੇ ਹਮਲਿਆਂ ਤੋਂ ਬਚਾਉਣਾ ਹੈ। ਇਹ 2003 ਵਿਚ ਇਰਾਕ 'ਤੇ ਹੋਏ ਅਮਰੀਕੀ ਹਮਲੇ ਦੇ ਸਮੇਂ ਤੋਂ ਉੱਥੇ ਕੰਮ ਕਰ ਰਹੀ ਹੈ। ਇਸ ਦਾ ਸੰਗਠਨ, ਟਰੇਨਿੰਗ ਅਤੇ ਤਨਖ਼ਾਹਾਂ ਇੰਗਲੈਂਡ ਦੀ ਫ਼ੌਜ ਨਾਲੋਂ ਕਿਤੇ ਵੱਧ ਉੱਚੇ ਪੱਧਰ ਦੀਆਂ ਹਨ। ਇਹ ਕੰਪਨੀ ਇੰਗਲੈਂਡ ਦੀ ਫ਼ੌਜ ਦੇ ਉਨ੍ਹਾਂ ਰਿਟਾਇਰ ਸੈਨਿਕਾਂ ਨੂੰ ਆਪਣੇ ਸੰਗਠਨ ਵਿਚ ਭਰਤੀ ਕਰਦੀ ਹੈ ਜਿਨ੍ਹਾਂ ਨੂੰ ਇਰਾਕ ਤੇ ਅਫ਼ਗਾਨਿਸਤਾਨ ਵਿਚ ਲੜਨ ਦਾ ਤਜਰਬਾ ਹੋਵੇ। ਇਹ ਇਰਾਕ ਸਮੇਤ ਅਨੇਕਾਂ ਗੜਬੜ ਗ੍ਰਸਤ ਦੇਸ਼ਾਂ ਵਿਚ ਵੀਆਈਪੀਜ਼, ਸਪੋਰਟਸ ਟੀਮਾਂ, ਮਲਟੀਨੈਸ਼ਨਲ ਕੰਪਨੀਆਂ ਦੇ ਅਫ਼ਸਰਾਂ ਅਤੇ ਦਫ਼ਤਰਾਂ, ਸਮੁੰਦਰੀ ਜਹਾਜ਼ਾਂ, ਹਵਾਈ ਕੰਪਨੀਆਂ, ਹੀਰੇ, ਸੋਨਾ ਅਤੇ ਕਰੰਸੀ ਦੀ ਸੁਰੱਖਿਅਤ ਟਰਾਂਸਪੋਰਟ, ਕੰਸਟਰਕਸ਼ਨ ਕੰਪਨੀਆਂ ਅਤੇ ਮੀਡੀਆ ਟੀਮਾਂ ਆਦਿ ਨੂੰ ਸੁਰੱਖਿਆ ਪ੍ਰਦਾਨ ਕਰਦੀ ਹੈ। ਇਹ ਕੰਪਨੀ ਕਈ ਵਾਰ ਇੰਗਲੈਂਡ ਦੀ ਕ੍ਰਿਕਟ ਟੀਮ ਨੂੰ ਵੀ ਸੁਰੱਖਿਆ ਦੇ ਚੁੱਕੀ ਹੈ। ਇਸ ਵਿਚ ਇਸ ਵੇਲੇ 500 ਗੋਰਖਿਆਂ ਸਮੇਤ 50000 ਦੇ ਲਗਪਗ ਸਾਬਕਾ ਸੈਨਿਕ ਕੰਮ ਕਰ ਰਹੇ ਹਨ ਤੇ ਇਸ ਦੀ ਸਾਲਾਨਾ ਆਮਦਨ ਕਰੋੜਾਂ ਡਾਲਰਾਂ ਵਿਚ ਹੈ। ਦੋ ਮਹੀਨੇ ਪਹਿਲਾਂ ਇਸ ਨੇ ਆਪਣੇ ਦਸਤਿਆਂ ਨੂੰ ਸਿਖਲਾਈ ਦੇਣ ਲਈ ਅਮਰੀਕਾ ਵਿਚ 1000 ਏਕੜ ਜ਼ਮੀਨ ਖ਼ਰੀਦ ਕੇ ਇਕ ਟਰੇਨਿੰਗ ਸੈਂਟਰ ਬਣਾਇਆ ਹੈ ਜਿਸ 'ਤੇ 75 ਕੁ ਕਰੋੜ ਡਾਲਰ ਖ਼ਰਚ ਹੋਏ ਹਨ। ਸੰਨ 2006 ਵਿਚ ਇਰਾਕ ਵਿਖੇ ਹੋਏ ਇਕ ਆਤਮਘਾਤੀ ਹਮਲੇ ਕਾਰਨ ਇਸ ਦੇ 5 ਸੈਨਿਕ ਮਾਰੇ ਗਏ ਸਨ।

ਅਕੈਡਮੀ ਕੰਪਨੀ ਦਾ ਪਹਿਲਾ ਨਾਮ ਬਲੈਕਵਾਟਰ ਸੀ ਜਿਸ ਦੀ ਸਥਾਪਨਾ 26 ਦਸੰਬਰ 1996 ਨੂੰ ਅਮਰੀਕਾ ਦੀ ਕਮਾਂਡੋ ਹਮਲਿਆਂ ਲਈ ਪ੍ਰਸਿੱਧ ਯੂਨਿਟ ਕਮਾਂਡੋ ਸੀਲ (ਜਿਸ ਨੇ ਓਸਾਮਾ-ਬਿਨ-ਲਾਦੇਨ ਨੂੰ ਮਾਰਿਆ ਸੀ) ਦੇ ਇਕ ਸਾਬਕਾ ਅਫ਼ਸਰ ਐਰਿਕ ਪ੍ਰਿੰਸ ਨੇ ਕੀਤੀ ਸੀ। ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਾਰਨ ਇਹ ਗਰੁੱਪ ਵੈਗਨਰ ਤੋਂ ਬਾਅਦ ਸਭ ਤੋਂ ਵੱਧ ਬਦਨਾਮ ਹੈ। ਇਸ ਦਾ ਮੁੱਖ ਕੰਮ ਵੀ ਇਰਾਕ ਵਿਚ ਅਮਰੀਕੀ ਕੰਪਨੀਆਂ ਅਤੇ ਠੇਕੇਦਾਰਾਂ ਨੂੰ ਸੁਰੱਖਿਆ ਦੇਣਾ ਹੈ। ਇਸ

-ਆਫਤਾਬ ਸਿੰਘ ਆਹਲੂਵਾਲੀਆ




# ਨਸ਼ਿਆਂ ਦੀ ਦਲਦਲ 'ਚ ਬੁਰੀ ਤਰ੍ਹਾਂ ਫਸਦੇ ਜਾ ਰਹੇ ਹਨ ਪੰਜਾਬੀ

ਸੁਪਰੀਮ ਕੋਰਟ ਨੇ ਨਸ਼ੇ ਦੇ ਖ਼ਤਰੇ 'ਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ, "ਨੌਜਵਾਨ ਖ਼ਤਮ ਹੋ ਜਾਣਗੇ।'' ਭਾਰਤ ਵਿਸ਼ਵ ਦੇ ਦੋ ਡਰੱਗ ਉਤਪਾਦਕ ਖੇਤਰਾਂ ਦੇ ਵਿਚਕਾਰ ਹੈ-ਪੱਛਮ ਵੱਲ ਗੋਲਡਨ ਕ੍ਰੀਸੈਂਟ (ਪਾਕਿਸਤਾਨ, ਅਫ਼ਗਾਨਿਸਤਾਨ, ਈਰਾਨ) ਅਤੇ ਪੂਰਬ ਵੱਲ ਗੋਲਡਨ ਟ੍ਰਾਈਐਂਗਲ (ਥਾਈਲੈਂਡ, ਮਿਆਂਮਾਰ, ਵੀਅਤਨਾਮ, ਲਾਓਸ)। ਪੀਜੀਆਈ ਚੰਡੀਗੜ੍ਹ ਦੁਆਰਾ ਕੀਤੇ ਗਏ ਇਕ ਅਧਿਐਨ ਅਨੁਸਾਰ ਪੰਜਾਬ ਵਿਚ ਹਰ ਸੱਤਵਾਂ ਵਿਅਕਤੀ ਸ਼ਰਾਬ ਸਮੇਤ ਕਿਸੇ ਨਾ ਕਿਸੇ ਕਿਸਮ ਦੇ ਨਸ਼ੇ ਦਾ ਸੇਵਨ ਕਰ ਰਿਹਾ ਹੈ। ਵਿਅਕਤੀਗਤ ਪੱਧਰ 'ਤੇ ਇਹ ਵਿੱਤੀ, ਮਾਨਸਿਕ ਅਤੇ ਸਰੀਰਕ ਸਿਹਤ ਨੂੰ ਪ੍ਰਭਾਵਿਤ ਕਰ ਸਕਦਾ ਹੈ। ਉਦਾਹਰਨ ਲਈ ਨੌਕਰੀ ਦਾ ਨੁਕਸਾਨ, ਡਿਪਰੈਸ਼ਨ ਅਤੇ ਐੱਚਆਈਵੀ। ਸਮਾਜ ਦੇ ਪੱਧਰ 'ਤੇ ਨਸ਼ਿਆਂ ਕਾਰਨ ਅਪਰਾਧ ਵਧ ਸਕਦੇ ਹਨ। ਇਸ ਤੋਂ ਇਲਾਵਾ ਫੰਡਾਂ ਦੀ ਅਣਉਚਿਤ ਵੰਡ ਹੋ ਸਕਦੀ ਹੈ ਜਿਵੇਂ ਪੂੰਜੀ ਖ਼ਰਚ 'ਤੇ ਪੈਸਾ ਖ਼ਰਚ ਕਰਨ ਵਿਚ ਅਸਮਰੱਥਾ। ਸਰਕਾਰ ਨਸ਼ਿਆਂ ਦੀ ਸਰਹੱਦ ਪਾਰੋਂ ਹੋ ਰਹੀ ਸਪਲਾਈ ਨੂੰ ਰੋਕਣ ਲਈ ਕੋਸ਼ਿਸ਼ਾਂ ਕਰ ਰਹੀ ਹੈ। ਪੀੜਤਾਂ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ।

ਸਭ ਤੋਂ ਪਹਿਲਾਂ ਉਹ ਵਿਅਕਤੀ ਜੋ ਨਸ਼ਾ ਮੁਕਤੀ ਕੇਂਦਰ ਵਿਚ ਹਨ। ਦੂਜਾ, ਨਸ਼ੀਲੇ ਪਦਾਰਥਾਂ ਦੇ ਨਿਯਮਤ ਉਪਭੋਗਤਾ ਜੋ ਨਸ਼ੇ ਨਾਲ ਸੰਘਰਸ਼ ਕਰ ਰਹੇ ਹਨ, ਜੋ ਨਸ਼ਾ ਮੁਕਤੀ ਕੇਂਦਰ ਤਕ ਪਹੁੰਚ ਨਹੀਂ ਕਰ ਰਹੇ ਹਨ। ਤੀਸਰਾ, ਸੰਭਾਵੀ ਪੀੜਤ- ਜਿਨ੍ਹਾਂ ਨੇ ਕਦੇ ਨਸ਼ੀਲੇ ਪਦਾਰਥਾਂ ਦਾ ਸੇਵਨ ਨਹੀਂ ਕੀਤਾ ਹੈ ਜਾਂ ਉਹ ਲੋਕ ਜੋ ਸੰਜਮ ਵਿਚ ਕਾਨੂੰਨੀ ਨਸ਼ੀਲੇ ਪਦਾਰਥਾਂ ਦਾ ਸੇਵਨ ਕਰ ਰਹੇ ਹਨ। ਪੁਨਰਵਾਸ ਪ੍ਰੋਗਰਾਮਾਂ ਦਾ ਪੁਨਰਗਠਨ ਕਰਨਾ ਸਮੇਂ ਦੀ ਲੋੜ ਹੈ। ਇਸ ਨਾਲ ਨਾ ਸਿਰਫ਼ ਸਾਡੇ ਨਸ਼ਾ ਮੁਕਤੀ ਕੇਂਦਰਾਂ ਨੂੰ ਨਸ਼ਾਖੋਰੀ ਦੇ ਪੀੜਤਾਂ ਲਈ ਵਧੇਰੇ ਪਹੁੰਚਯੋਗ ਬਣਾਇਆ ਜਾ ਸਕੇਗਾ, ਨਾਲ ਹੀ ਇਹ ਵੀ ਕਿ ਪੀੜਤਾਂ ਨੂੰ ਸਮਾਜ ਵਿਚ ਯੋਗਦਾਨ ਦੇਣ ਦੇ ਸਮਰੱਥ ਬਣਾਇਆ ਜਾ ਸਕਦਾ ਹੈ। ਮੌਜੂਦਾ ਪੁਨਰਵਾਸ ਪ੍ਰੋਗਰਾਮ ਡੀਟੋਕਸੀਫਿਕੇਸ਼ਨ ਇਲਾਜ 'ਤੇ ਕੇਂਦਰਿਤ ਕਰਦੇ ਹਨ। ਹਾਲਾਂਕਿ, ਕਿਸੇ ਵੀ ਪੀੜਤ ਨੂੰ ਇਕ ਸੰਪੂਰਨ ਲੰਬੇ ਸਮੇਂ ਦੇ ਹੱਲ ਦੀ ਲੋੜ ਹੁੰਦੀ ਹੈ ਜਿਸ ਵਿਚ ਇਹ ਸ਼ਾਮਲ ਹਨ-ਡੀਟੋਕਸੀਫਿਕੇਸ਼ਨ, ਮਾਨਸਿਕ ਸਿਹਤ ਸਹਾਇਤਾ ਅਤੇ ਹੁਨਰ ਵਿਕਾਸ। ਸਾਡੇ ਕੋਲ ਇਨ੍ਹਾਂ ਲਈ ਸਕੀਮਾਂ ਹਨ ਪਰ ਇਹ ਅਕਸਰ ਇਕਾਂਤਵਾਸ ਵਿਚ ਕੰਮ ਕਰਦੀਆਂ ਹਨ, ਇਸ ਕਾਰਨ ਉਨ੍ਹਾਂ ਦੀ ਪਹੁੰਚ ਸੀਮਤ ਹੈ। 'ਸੀਐੱਮ ਦੀ ਯੋਗਸ਼ਾਲਾ' ਜੋ ਮੁਫ਼ਤ ਯੋਗਾ ਕਲਾਸਾਂ ਦੀ ਪੇਸ਼ਕਸ਼ ਕਰਦੀ ਹੈ, ਨੂੰ ਨਸ਼ਾ ਮੁਕਤੀ ਕੇਂਦਰਾਂ ਨਾਲ ਜੋੜਿਆ ਜਾਣਾ ਚਾਹੀਦਾ ਹੈ। ਰਾਜ ਪੱਧਰ 'ਤੇ ਵੱਖ-ਵੱਖ ਵਿਭਾਗਾਂ ਨਾਲ ਤਾਲਮੇਲ ਕਰਨ ਲਈ 'ਨਸ਼ੇ ਦੀ ਦੁਰਵਰਤੋਂ ਅਤੇ ਰਿਕਵਰੀ ਟਾਸਕ ਫੋਰਸ' ਦੀ ਸਥਾਪਨਾ ਕੀਤੀ ਜਾਣੀ ਚਾਹੀਦੀ ਹੈ। ਟਾਸਕ ਫੋਰਸ ਨੂੰ ਰਾਜ ਵਿਚ ਕੰਮ ਕਰ ਰਹੀਆਂ ਸੀਐੱਸਆਰ ਸੰਸਥਾਵਾਂ ਦਾ ਵੀ ਲਾਭ ਉਠਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾ ਸਰਕਾਰ ਨੂੰ ਨਸ਼ਾ ਛੁਡਾਊ ਅਤੇ ਨਸ਼ਾ ਮੁਕਤੀ ਕੇਂਦਰਾਂ ਅਤੇ ਓਓਏਟੀ ਕਲੀਨਿਕਾਂ ਦੇ ਕਰਮਚਾਰੀਆਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਸਮਝਣ ਲਈ ਨਿਯਮਤ ਤੌਰ 'ਤੇ ਯਤਨ ਕਰਨਾ ਚਾਹੀਦਾ ਹੈ। ਸਰਕਾਰ 'ਕਰਮਚਾਰੀ ਸੰਗਠਨਾਂ' ਨਾਲ ਨਿਯਮਤ ਮੀਟਿੰਗਾਂ ਰਾਹੀਂ ਮੁੱਦਿਆਂ ਨੂੰ ਸਮਝ ਸਕਦੀ ਹੈ। ਹੋਰ ਸਟਾਫ ਦੀ ਲੋੜ, ਸੁਰੱਖਿਆ ਕਰਮਚਾਰੀ, ਸੀਸੀਟੀਵੀ ਕੈਮਰੇ ਆਦਿ ਦੀਆਂ ਮੰਗਾਂ ਪੂਰੀਆਂ ਕੀਤੀਆਂ ਜਾਣ।

ਨਸ਼ਾ ਮੁਕਤੀ ਕੇਂਦਰਾਂ ਤਕ ਪਹੁੰਚਣ ਵਿਚ ਅਸਮਰੱਥ ਪੀੜਤਾਂ ਲਈ ਸਾਨੂੰ ਵਿਧਾਨਕ ਸੁਧਾਰਾਂ ਦੀ ਲੋੜ ਹੈ। ਨਾਰਕੋਟਿਕਸ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟੈਂਸ ਐਕਟ, 1985 ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਅਤੇ 'ਥੋੜ੍ਹੀ ਮਾਤਰਾ' 'ਚ ਨਸ਼ੇ ਦੇ ਕਬਜ਼ੇ, ਦੋਵਾਂ ਨੂੰ ਅਪਰਾਧ ਬਣਾਉਂਦਾ ਹੈ। ਨਸ਼ਾਖੋਰੀ ਕਰਨ ਵਾਲਿਆਂ ਨੂੰ ਮਦਦ ਦੀ ਲੋੜ ਵਾਲੇ ਵਿਅਕਤੀਆਂ ਵਜੋਂ ਦੇਖਣ ਦੀ ਬਜਾਏ ਕਾਨੂੰਨ ਉਨ੍ਹਾਂ ਨੂੰ ਅਪਰਾਧੀ ਵਜੋਂ ਦੇਖਦਾ ਹੈ। ਸਾਨੂੰ ਨਸ਼ੇ ਦੇ ਵਪਾਰੀਆਂ ਲਈ ਸਖ਼ਤ ਕਾਨੂੰਨ ਅਤੇ ਪੀੜਤਾਂ ਲਈ ਚੰਗੀ ਸਹਾਇਤਾ ਪ੍ਰਣਾਲੀ ਦੀ ਲੋੜ ਹੈ। ਉਨ੍ਹਾਂ ਕਾਰਨਾਂ ਨਾਲ ਨਜਿੱਠਿਆ ਜਾਣਾ ਚਾਹੀਦਾ ਹੈ ਜੋ ਕਿਸੇ ਵਿਅਕਤੀ ਨੂੰ ਨਸ਼ੀਲੇ ਪਦਾਰਥਾਂ ਦੇ ਸੇਵਨ ਦੀ ਕੋਸ਼ਿਸ਼ ਕਰਨ ਲਈ ਪ੍ਰੇਰਿਤ ਕਰਦੇ ਹਨ। ਉਦਾਹਰਨ ਲਈ ਇਹ ਕਾਰਨ ਹੋ ਸਕਦੇ ਹਨ-ਮਨੋਰੰਜਨ ਦੇ ਉਦੇਸ਼ਾਂ ਲਈ ਜਾਂ ਮਨੋਵਿਗਿਆਨਕ ਤਣਾਅ ਨਾਲ ਸਿੱਝਣ ਲਈ। ਮਾਨਸਿਕ ਸਿਹਤ ਬਾਰੇ ਸਮਾਜਿਕ ਕਲੰਕ ਦੂਰ ਕੀਤਾ ਜਾਣਾ ਚਾਹੀਦਾ ਹੈ। ਸਰਕਾਰ ਦੀ 'ਕਿਰਨ' ਮਾਨਸਿਕ ਸਿਹਤ ਹੈਲਪਲਾਈਨ ਸਹੀ ਦਿਸ਼ਾ ਵਿਚ ਇਕ ਕਦਮ ਹੈ। ਸਮਾਜ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਤਣਾਅ ਦਾ ਹੱਲ ਨਸ਼ੇ ਨਹੀਂ ਸਗੋਂ ਮਾਨਸਿਕ ਸਿਹਤ ਦੇ ਡਾਕਟਰ ਹਨ। ਆਮ ਤੌਰ 'ਤੇ ਜ਼ਿਆਦਾਤਰ ਨੌਜਵਾਨਾਂ ਲਈ ਸਖ਼ਤ ਨਸ਼ਿਆਂ ਵੱਲ ਪਹਿਲਾ ਕਦਮ ਸਿਗਰਟਾਂ ਰਾਹੀਂ ਹੁੰਦਾ ਹੈ। ਸਿਗਰਟ ਅਤੇ ਹੋਰ ਤੰਬਾਕੂ ਉਤਪਾਦ ਐਕਟ 2003 ਅਨੁਸਾਰ ਸਿੱਖਿਆ ਸੰਸਥਾਵਾਂ ਦੇ ਸੌ ਗਜ਼ ਦੇ ਘੇਰੇ ਅੰਦਰ ਤੰਬਾਕੂ ਉਤਪਾਦਾਂ ਦੀ ਵਿਕਰੀ 'ਤੇ ਪਾਬੰਦੀ ਹੈ ਪਰ ਇਹ ਵਿਵਸਥਾ ਆਮ ਤੌਰ 'ਤੇ ਕਾਗਜ਼ਾਂ 'ਚ ਹੀ ਹੁੰਦੀ ਹੈ। ਸਰਕਾਰ ਨੂੰ ਵਿੱਦਿਅਕ ਅਦਾਰਿਆਂ, ਕਾਲਜਾਂ ਅਤੇ ਸਕੂਲਾਂ ਦੇ ਨੇੜੇ ਨਜ਼ਰ ਰੱਖਣ ਅਤੇ ਇਨ੍ਹਾਂ ਸੰਸਥਾਵਾਂ ਦੇ 100 ਗਜ਼ ਦੇ ਘੇਰੇ ਅੰਦਰ ਤੰਬਾਕੂ ਉਤਪਾਦਾਂ ਦੀ ਵਿਕਰੀ 'ਤੇ ਮੁਕੰਮਲ ਪਾਬੰਦੀ ਨੂੰ ਯਕੀਨੀ ਬਣਾਉਣ ਦੀ ਲੋੜ ਹੈ। ਅਜਿਹੀਆਂ ਦੁਕਾਨਾਂ ਅਕਸਰ ਸਕੂਲਾਂ-ਕਾਲਜਾਂ ਦੇ ਗੇਟਾਂ ਦੇ ਨੇੜੇ ਹੁੰਦੀਆਂ ਹਨ ਜਿੱਥੇ 'ਤੰਬਾਕੂ ਨੂੰ ਨਾ ਕਹੋ' ਸਮਾਗਮ ਕਰਵਾਏ ਜਾਂਦੇ ਹਨ। ਇਸ ਨਾਲ ਅਜਿਹੇ ਸਮਾਗਮਾਂ ਦਾ ਮਕਸਦ ਖ਼ਤਮ ਹੋ ਜਾਂਦਾ ਹੈ। ਨਿਯਮ ਬਣਾਉਣ ਤੋਂ ਬਾਅਦ ਕੰਮ ਖ਼ਤਮ ਨਹੀਂ ਹੁੰਦਾ। ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਦੀਆਂ ਸਾਡੀਆਂ ਸਮਾਜਿਕ ਮਾਰਕੀਟਿੰਗ ਮੁਹਿੰਮਾਂ ਵਿਚ ਕਮੀ ਨੂੰ ਦੂਰ ਕਰਨ ਲਈ ਅਲਰੀਸ ਅਤੇ ਜੈਕ ਟ੍ਰਾਊਟ ਦੁਆਰਾ ਦਿੱਤਾ ਗਿਆ ਮਾਰਕੀਟਿੰਗ ਦਾ ਇਕ ਅਟੱਲ ਕਾਨੂੰਨ 'ਫੋਕਸ ਦਾ ਕਾਨੂੰਨ' ਦਾ ਲਾਭ ਉਠਾਉਣਾ ਚਾਹੀਦਾ ਹੈ। ਸਾਨੂੰ ਆਪਣੀਆਂ ਮੁਹਿੰਮਾਂ ਦੀ ਵਰਤੋਂ ਸਮਾਜ



# ਘੱਗਰ ਦਾ ਪਾਣੀ ਚੜ੍ਹਨ ਕਾਰਨ ਪਟਿਆਲਾ ਦੇ ਪਿੰਡਾਂ 'ਚ ਅਲਰਟ ਜਾਰੀ; ਲੋਕਾਂ ਨੂੰ ਚੌਕਸ ਰਹਿਣ ਤੇ ਦਰਿਆ ਕੰਢੇ ਨਾ ਜਾਣ ਦੀ ਸਲਾਹ



ਪਟਿਆਲਾ, 10 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਪ੍ਰਸ਼ਾਸਨ ਨੇ ਘੱਗਰ ਨਦੀ ਦੇ ਨੇੜੇ ਇੱਕ ਦਰਜਨ ਤੋਂ ਵੱਧ ਪਿੰਡਾਂ ਲਈ ਐਡਵਾਇਜ਼ਰੀ ਜਾਰੀ ਕਰਦਿਆਂ ਉਨ੍ਹਾਂ ਨੂੰ ਸੁਚੇਤ ਰਹਿਣ ਲਈ ਕਿਹਾ ਗਿਆ ਹੈ।ਪਾਣੀ ਦਾ ਪੱਧਰ ਖ਼ਤਰੇ ਦੇ ਨਿਸ਼ਾਨ 'ਤੇ ਪਹੁੰਚਣ ਕਾਰਨ ਪਿੰਡ ਵਾਸੀਆਂ ਨੂੰ ਰਾਜਪੁਰਾ, ਘਨੌਰ ਅਤੇ ਹੋਰ ਨੇੜਲੇ ਇਲਾਕਿਆਂ ਵਿੱਚ ਨਦੀ ਵੱਲ ਜਾਣ ਤੋਂ ਗੁਰੇਜ਼ ਕਰਨ ਲਈ ਕਿਹਾ ਗਿਆ ਹੈ।

ਸ਼ਿਵਾਲਿਕ ਦੀਆਂ ਪਹਾੜੀਆਂ ਤੋਂ ਨਿਕਲਣ ਵਾਲੀ ਇਸ ਮੌਸਮੀ ਨਦੀ ਨੇ 2010 ਅਤੇ 2023 ਵਿੱਚ ਭਾਰੀ ਤਬਾਹੀ ਮਚਾਈ ਸੀ ਅਤੇ ਇਹ ਲਗਪਗ ਹਰ ਦੂਜੇ ਸਾਲ ਇਹ ਨੁਕਸਾਨ ਕਰਦੀ ਆ ਰਹੀ ਹੈ। ਵਸਨੀਕਾਂ ਨੇ ਦੱਸਿਆ ਕਿ ਪਾਣੀ ਦਾ ਪੱਧਰ ਵਧਣ ਬਾਰੇ ਉਨ੍ਹਾਂ ਸਥਾਨਕ ਅਧਿਕਾਰੀਆਂ ਨੂੰ ਸੁਚੇਤ ਕੀਤਾ ਜਿਸ ਤੋਂ ਬਾਅਦ ਹੀ ਪ੍ਰਸ਼ਾਸਨ ਵੱਲੋਂ ਅਲਰਟ ਜਾਰੀ ਕੀਤਾ ਗਿਆ।

ਇਸ ਦੌਰਾਨ ਪਟਿਆਲਾ ਦੀ ਡੀਸੀ ਪ੍ਰੀਤੀ ਯਾਦਵ ਨੇ ਨਾਗਰਿਕਾਂ ਨੂੰ ਸ਼ਾਂਤ ਰਹਿਣ, ਅਫਵਾਹਾਂ ਫੈਲਾਉਣ ਤੋਂ ਬਚਣ ਅਤੇ ਪਾਣੀ ਨਾਲ ਸਬੰਧਤ ਕਿਸੇ ਵੀ ਐਮਰਜੈਂਸੀ ਦੀ ਤੁਰੰਤ ਸੂਚਨਾ ਜ਼ਿਲ੍ਹਾ ਕੰਟਰੋਲ ਰੂਮ ਦੇ ਨੰਬਰ 0175-2350550 'ਤੇ ਦੇਣ ਦੀ ਅਪੀਲ ਕੀਤੀ ਹੈ।

**ਕਿਸੇ ਸਮੇਂ ਕਿਸਾਨਾਂ ਲਈ ਵਰਦਾਨ ਘੱਗਰ ਹੁਣ ਬਣਿਆ ਸਹਿਮ ਦਾ ਕਾਰਨ**

ਘੱਗਰ, ਜਿਸ ਵਿੱਚ ਪਹਾੜਾਂ ਵਿੱਚ ਹੋਣ ਵਾਲੇ ਮੀਂਹ ਦਾ ਪਾਣੀ ਆਉਂਦਾ ਹੈ, ਹਰ ਮਾਨਸੂਨ ਵਿੱਚ ਇਲਾਕਾ ਵਾਸੀਆਂ ਲਈ ਡਰ ਦਾ ਕਾਰਨ ਬਣਦੀ ਹੈ।ਕਿਸੇ ਸਮੇਂ ਇਸ ਦਰਿਆ ਨੂੰ ਇਲਾਕੇ ਦੇ ਕਿਸਾਨਾਂ ਲਈ ਵਰਦਾਨ ਮੰਨਿਆ ਜਾਂਦਾ ਸੀ, ਪਰ ਸਾਲਾਨਾ ਹੜ੍ਹਾਂ ਕਾਰਨ ਇਹ ਹੌਲੀ-ਹੌਲੀ ਇਹ ਸਹਿਮ ਦਾ ਕਾਰਨ ਬਣ ਗਿਆ ਹੈ। ਇੱਕ ਤੋਂ ਬਾਅਦ ਇੱਕ ਆਈਆਂ ਸਰਕਾਰਾਂ ਇਸ ਮੁੱਦੇ 'ਤੇ ਕਾਰਵਾਈ ਕਰਨ ਵਿੱਚ ਅਸਫਲ ਰਹੀਆਂ ਹਨ ਕਿਉਂਕਿ ਇਸ ਪ੍ਰਾਜੈਕਟ ਲਈ ਬਹੁਤ ਸਾਰੇ ਫੰਡਾਂ ਦੀ ਲੋੜ ਹੋਵੇਗੀ, ਨਾਲ ਹੀ ਜ਼ਮੀਨ ਵੀ ਐਕੁਆਇਰ ਕਰਨੀ ਪਵੇਗੀ। ਪੰਜਾਬ ਅਤੇ ਹਰਿਆਣਾ, ਜੋ ਅਕਸਰ ਪਾਣੀ ਦੇ ਮੁੱਦਿਆਂ 'ਤੇ ਇੱਕ-ਦੂਜੇ 'ਤੇ ਦੋਸ਼ ਮੜ੍ਹਦੇ ਨਜ਼ਰ ਆਉਂਦੇ ਹਨ, ਵਿਚਾਲੇ ਤਾਲਮੇਲ ਦੀ ਘਾਟ ਦੋਵਾਂ ਸੂਬਿਆਂ ਦੇ ਲੋਕਾਂ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾ ਰਹੀ ਹੈ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਮਰਪਿਤ ਰੁੱਖ-ਲਾਓ ਮੁਹਿੰਮ ਵੇਦਾਂਤਾ ਪਾਵਰ ਤੋਂ ਸ਼ੁਰੂ



ਬਠਿੰਡਾ, 10 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ, ਵੇਦਾਂਤਾ ਪਾਵਰ ਦੀ ਇਕਾਈ ਤਲਵੰਡੀ ਸਾਹਿਬੋ ਪਾਵਰ ਲਿਮਿਟੇਡ (TSPL) ਵਿਖੇ ਜੰਗਲਾਤ ਮਹਿਕਮਾ, ਜ਼ਿਲ੍ਹਾ ਮਾਨਸਾ ਵੱਲੋਂ ਇੱਕ ਜ਼ਿਲ੍ਹਾ-ਪੱਧਰੀ ਰੁੱਖ- ਲਾਓ ਮੁਹਿੰਮ ਸ਼ੁਰੂ ਕੀਤੀ ਗਈ। ਇਹ ਪਹਿਲ ਵਾਤਾਵਰਣ ਸੁਰੱਖਿਆ ਅਤੇ ਸਮੁਦਾਇਕ ਭਾਗੀਦਾਰੀ ਵੱਲ ਇਕ ਅਹਿਮ ਕਦਮ ਹੈ। ਮੁਹਿੰਮ ਦੀ ਸ਼ੁਰੂਆਤ ਬਣਾਂਵਾਲਾ ਸਥਿਤ ਟੀਐਸਪੀਐਲ ਦੇ ਕੈਂਪਸ ਤੋਂ ਹੋਈ, ਜੋ ਉੱਤਰੀ ਭਾਰਤ ਦਾ ਸਭ ਤੋਂ ਵੱਡਾ ਨਿੱਜੀ ਥਰਮਲ ਪਾਵਰ ਪਲਾਂਟ ਹੈ। ਇਸ ਦੌਰਾਨ ਰੁੱਖ ਲਾਉਣ ਦੀ ਸ਼ੁਰੂਆਤ ਜ਼ਿਲ੍ਹਾ ਮਾਨਸਾ ਦੇ ਡਿਵੀਜ਼ਨਲ ਜੰਗਲਾਤ ਅਧਿਕਾਰੀ (46®) ਸ੍ਰੀ ਪਵਨ ਸ਼੍ਰੀਧਰ ਵੱਲੋਂ ਕੀਤੀ ਗਈ। ਉਹਨਾਂ ਦੇ ਨਾਲ ਜੰਗਲਾਤ ਵਿਭਾਗ ਦੀ ਟੀਮ ਵੱਲੋਂ ਸ੍ਰੀ ਇਕਬਾਲ ਸਿੰਘ, ਸ੍ਰੀ ਜਸਵਿੰਦਰ ਸਿੰਘ, ਸ੍ਰੀ ਹਰਮੇਲ ਸਿੰਘ, ਸ੍ਰੀ ਜਸਪਾਲ ਸਿੰਘ ਅਤੇ ਹੋਰ ਅਧਿਕਾਰੀ ਵੀ ਮੌਜੂਦ ਰਹੇ। ਟੀਐਸਪੀਐਲ ਵੱਲੋਂ ਇਸ ਮੌਕੇ 'ਤੇ ਮੁੱਖ ਕਾਰਜਕਾਰੀ ਅਧਿਕਾਰੀ ( 35®) ਸ੍ਰੀ ਪੰਕਜ ਸ਼ਰਮਾ ਅਤੇ ਅਧਿਕਾਰਤਾ ਅਤੇ ਵਾਤਾਵਰਣ ਦੇ ਮੁਖੀ ਸ੍ਰੀ ਵਿਕਾਸ ਸ਼ਰਮਾ ਦੀ ਹਾਜ਼ਰੀ ਰਹੀ।

ਇਸ ਮੌਕੇ 'ਤੇ ਸ੍ਰੀਮਤੀ ਸਮੀਤਾ, ਸੀਨੀਅਰ ਵਾਤਾਵਰਣ ਇੰਜੀਨੀਅਰ, ਜ਼ੋਨਲ ਦਫਤਰ ਬਠਿੰਡਾ, ਅਤੇ ਸ੍ਰੀ ਦਲਜੀਤ ਸਿੰਘ, ਵਾਤਾਵਰਣ ਇੰਜੀਨੀਅਰ, ਖੇਤਰੀ ਦਫਤਰ ਬਠਿੰਡਾ ਨੇ ਮੁਹਿੰਮ ਦੀ ਸਫਲਤਾ ਲਈ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ। ਸ੍ਰੀਮਤੀ ਸਮੀਤਾ ਨੇ ਇਸ ਪਹਿਲ ਦੀ ਸ਼ਲਾਘਾ ਕਰਦੇ ਹੋਏ ਇਸ ਮੁਹਿੰਮ ਦੀ ਇੱਕ ਹਰਿਆ-ਭਰਿਆ ਭਵਿੱਖ ਬਣਾਉਣ ਦੀ ਆਸ ਵਜੋਂ ਵਿਆਖਿਆ ਕੀਤਾ।

ਸ੍ਰੀ ਪਵਨ ਸ੍ਰੀਧਰ ਨੇ ਟੀਐਸਪੀਐਲ ਵੱਲੋਂ ਵਾਤਾਵਰਣ ਸੁਰੱਖਿਆ ਲਈ ਕੀਤੇ ਜਾ ਰਹੇ ਲਗਾਤਾਰ ਯਤਨਾਂ ਦੀ ਸ਼ਲਾਘਾ ਕੀਤੀ ਖਾਸ ਕਰਕੇ ਉਹਨਾਂ ਨੇ ਪਲਾਂਟ ਵਿੱਚ ਬਣੀ ਲਗਭਗ 1,000 ਏਕੜ ਦੀ ਗ੍ਰੀਨ ਬੈਲਟ ਅਤੇ ਇਕ ਘੰਟੇ ਤੋਂ ਘੱਟ ਸਮੇਂ ਵਿੱਚ 2 ਲੱਖ ਤੋਂ ਵੱਧ ਰੁੱਖ ਲਗਾ ਕੇ ਬਣਾਇਆ ਗਿਆ ਗਿਨੀਜ਼ ਵਰਲਡ ਰਿਕਾਰਡ ਦਾ ਜ਼ਿਕਰ ਕੀਤਾ। 350ਵੀਂ ਸ਼ਹਾਦਤ ਦੀ ਪ੍ਰਤੀਕਾਤਮਕ ਭਾਵਨਾ ਦੇ ਤਹਿਤ, ਸਾਰੇ ਮਾਨਸਾ ਜ਼ਿਲ੍ਹੇ ਵਿੱਚ 3.5 ਲੱਖ ਰੁੱਖ ਲਗਾਏ ਜਾਣਗੇ। ਇਹ ਰੁੱਖ ਪਾਰੰਪਰਿਕ ਤ੍ਰਿਵੇਣੀ ਪ੍ਰਾਰੂਪ (ਬੋਹੜ, ਪਿੱਪਲ ਅਤੇ ਨਿੰਮ) ਵਿੱਚ ਲਗਾਏ ਜਾਣਗੇ, ਜੋ ਕਿ ਸਾਂਸਕ੍ਰਿਤਿਕ ਅਤੇ ਪਾਰਿਸਥਿਤਿਕ ਦ੍ਰਿਸ਼ਟੀਕੋਣ ਤੋਂ ਬਹੁਤ ਮਹੱਤਵਪੂਰਨ ਹਨ।

ਟੀਐਸਪੀਐਲ ਨੇ ਇਸ ਮੁਹਿੰਮ ਦਾ ਹਿੱਸਾ ਬਣ ਕੇ ਵੇਦਾਂਤਾ ਪਾਵਰ ਦੀ ਈਐਸਜੀ (ਵਾਤਾਵਰਣ, ਸਮਾਜਿਕ ਅਤੇ ਸ਼ਾਸਨ) ਰਣਨੀਤੀ ਦੇ ਪ੍ਰਤੀ ਆਪਣੀ ਵਚਨਬੱਧਤਾ ਦੋਹਰਾਈ, ਜੋ ਕਿ ਸਤਤ ਵਿਕਾਸ, ਸਮਾਜਿਕ ਸੁਖ-ਸਮਿੱਧੀ ਅਤੇ ਵਾਤਾਵਰਣ ਸੁਰੱਖਿਆ ਨੂੰ ਆਪਣੀ ਕਾਰੋਬਾਰੀ ਨੀਤੀ ਦਾ ਕੇਂਦਰ ਮੰਨਦੀ ਹੈ। ਕੰਪਨੀ ਨੇ ਪੰਜਾਬ ਪ੍ਰਦੂਸ਼ਣ ਨਿਯੰਤਰਣ ਬੋਰਡ (PPCB) ਅਤੇ ਹੋਰ ਨਿਯਮਕ ਸੰਸਥਾਵਾਂ ਦਾ ਵੀ ਸਹਿਯੋਗ ਲਈ ਧੰਨਵਾਦ ਕੀਤਾ।

ਪੀਪੀਸੀਬੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਣ ਵਿਭਾਗ ਨਾਲ ਮਿਲ ਕੇ ਸਮਨਵਿਤ ਕਾਰਵਾਈ ਦੇ ਜ਼ਰੀਏ, ਟੀਐਸਪੀਐਲ ਜੀਵ ਵੱਖ-ਵੱਖਤਾ ਦੀ ਰੱਖਿਆ, ਕਾਰਬਨ ਨਿਕਾਸ ਘਟਾਉਣ ਅਤੇ ਸਥਿਰਤਾ ਵੱਲ ਆਪਣੇ ਯਤਨਾਂ ਨੂੰ ਜਾਰੀ ਰੱਖਦਾ ਹੈ ਅਤੇ ਨਾਲ ਹੀ ਉਹਨਾਂ ਸਮੁਦਾਇਆਂ ਲਈ ਤਰੱਕੀ ਨੂੰ ਵੀ ਤਾਕਤ ਦੇ ਰਿਹਾ ਹੈ ਜਿਨ੍ਹਾਂ ਦੀ ਉਹ ਸੇਵਾ ਕਰਦਾ ਹੈ।

# ਮੁਲਾਜਮਾਂ ਅਤੇ ਪੈਨਸ਼ਨਰਾਂ ਵੱਲੋਂ ਮੰਗਾਂ ਦਾ ਨਿਪਟਾਰਾ ਨਾ ਕਰਨ ਤੇ ਮੁੱਖ ਮੰਤਰੀ ਅਤੇ ਵਿੱਤ ਮੰਤਰੀ ਦੇ ਪੂਤਲੇ ਫੂਕ ਕੇ ਕੀਤਾ ਰੋਸ ਪ੍ਰਦਰਸ਼ਨ



ਮਲੇਰਕੋਟਲਾ, 10 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਇੱਥੇ ਡੀ ਸੀ ਦਫਤਰ ਮਾਲੇਰਕੋਟਲਾ ਦੇ ਦਫਤਰ ਅੱਗੇ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ ਸਾਂਝੇ ਫਰੰਟ ਵੱਲੋਂ 28 ਜੁਲਾਈ 2025 ਨੂੰ ਕੀਤੀ ਗਈ ਵਰਚੁਅਲ ਮੀਟਿੰਗ ਦੇ ਫੈਸਲਿਆਂ ਅਨੁਸਾਰ ਪੰਜਾਬ ਸਰਕਾਰ ਵੱਲੋਂ ਵਾਰ ਵਾਰ ਫਰੰਟ ਦੇ ਆਗੂਆਂ ਨੂੰ ਮੀਟਿੰਗ ਦਾ ਸਮਾਂ ਦੇ ਕੇ ਮੀਟਿੰਗਾਂ ਮੁਲਤਵੀ ਕਰਨ ਦੇ ਖਿਲਾਫ ਰੋਸ ਪ੍ਰਗਟ ਕਰਨ ਵਾਸਤੇ ਸੂਬਾ ਕਨਵੀਨਰਜ਼ ਰਣਜੀਤ ਸਿੰਘ ਰਾਣਵਾਂ , ਜਿਲਾ ਕਨਵੀਨਰ ਜਸਵੰਤ ਸਿੰਘ ਬਨਭੌਰੀ ,ਜਰਨੈਲ ਸਿੰਘ ਪ੍ਰਧਾਨ ਪਾਵਰਕੌਮ ਪੈਨਸਨਰ,ਮਾਸਟਰ ਕੁਲਵੰਤ ਸਿੰਘ ਜ:ਸਕੱਤਰ,ਅਤੇ ਮਾਸਟਰ ਨਿਰਮਲ ਸਿੰਘ ਫਲੌਂਡ ਦੀ ਅਗਵਾਈ ਵਿੱਚ ਰੋਸ ਧਰਨਾਂ ਅਤੇ ਰੈਲੀ ਕਰਨ ਉਪਰੰਤ ਮੁੱਖ ਮੰਤਰੀ ਭਗਵੰਤ ਮਾਨ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾਂ ਦੇ ਪੁਤਲੇ ਸਾੜ ਕੇ ਰੋਸ ਪ੍ਰਦਰਸਨ ਕੀਤਾ ਗਿਆ. ਰੈਲੀ ਨੂੰ ਸੰਬੋਧਨ ਕਰਦਿਆਂ ਰਣਜੀਤ ਸਿੰਘ ਰਾਣਵਾਂ, ਜਸਵੰਤ ਸਿੰਘ ਬਨਭੌਰੀ,ਕਾ.ਜੋਗਿੰਦਰ ਸਿੰਘ ਔਲਖ ,ਜਰਨੈਲ ਸਿੰਘ,ਗੁਲਜਾਰ ਖਾਂ(ਫੈਡਰੇਸਨ ਵਿਗਿਆਨਕ) ਅਤੇ ਏਟਕ ਆਗੂ ਕਾ.ਭਰਪੂਰ ਸਿੰਘ ਬੂਲਾਪੁਰ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਅਤੇ ਵਿੱਤ ਮੰਤਰੀ ਮੰਤਰੀ ਪੰਜਾਬ 7 ਲੱਖ ਮੁਲਾਜਮਾਂ ਅਤੇ ਪੈਨਸਨਰਾਂ ਦੀ ਅਗਵਾਈ ਕਰਦੇ ਸਾਂਝੇ ਫਰੰਟ ਨੂੰ ਵਾਰ ਵਾਰ ਮੀਟਿੰਗਾਂ ਦੇ ਮੁਕਰ ਰਹੇ ਹਨ,ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਗਈ ਕਿ ਪੈਨਸ਼ਨਰਾਂ ਦੀ ਪੈਨਸਨ 2.59 ਦੇ ਗੁਣਾਂਕ ਨਾਲ ਸੋਧੀ ਜਾਵੇ,13 ਫੀਸਦੀ ਡੀਏ ਅਤੇ ਬਕਾਇਆ ਤੁਰੰਤ ਦਿੱਤਾ ਜਾਵੇ,ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ ,ਸਾਰੇ ਵਰਗਾਂ ਦੇ ਕੱਚੇ,ਠੇਕਾ ਸੋਰਸ ਅਤੇ ਸਕੀਮ ਵਰਕਰਾਂ ਨੂੰ ਪੱਕਾ ਕੀਤਾ ਜਾਵੇ,15-01-15 ਦਾ ਪੱਤਰ ਰੱਦ ਕੀਤਾ ਜਾਵੇ ਅਤੇ 17-07-2020 ਤੋਂ ਭਰਤੀ ਮੁਲਾਜਮਾਂ ਤੇ ਕੇਂਦਰ ਦੀ ਵਿਜਾਏ ਪੰਜਾਬ ਦੇ ਸਕੇਲ ਅਤੇ ਭੱਤੇ ਲਾਗੂ ਕੀਤੇ ਜਾਣ ,ਬੰਦ ਕੀਤੇ ਸਾਰੇ ਭੱਤੇ ਬਹਾਲ ਕੀਤੇ ਜਾਣ,9 ਤਨਖਾਹ ਸਕੇਲਾਂ ਅਤੇ ਪੈਨਸਨਾਂ ਦਾ ਸਾਢੇ ਪੰਜ ਸਾਲ ਦਾ ਬਕਾਇਆ ਕਿਸਤਾਂ ਵਿੱਚ ਖੱਖੜੀਆਂ, ਕਰੇਲੇ ਕਰਨ ਦੀ ਵਿਜਾਏ ਯਕਮੁਸਤ ਨਗਦ ਦਿੱਤਾ ਜਾਵੇ,200/- ਰੁਪੈ ਜੰਜੀਆ ਟੈਕਸ ਤੁਰੰਤ ਬੰਦ ਕੀਤਾ ਜਾਵੇ। ਕੱਚੇ ਮੁਲਾਜਮਾਂ ਨੂੰ ਪੱਕਾ ਕਰਨ ਦੀ ਜਾਰੀ ਕੀਤੀ ਨੀਤੀ 16-05-2023 ਵਿੱਚ ਲੋੜੀਂਦੀਆਂ ਸੋਧਾਂ ਕੀਤੀਆਂ ਜਾਣ ਅਤੇ ਛੇਵੇਂ ਪੇਅ ਕਮਿਸ਼ਨ ਦਾ ਦੂਸਰਾ ਭਾਗ ਲਾਗੂ ਕੀਤਾ ਜਾਵੇ9 ਸੂਬਾਈ ਕਨਵੀਨਰ ਰਣਜੀਤ ਸਿੰਘ ਰਾਣਵਾਂ ਅਤੇ ਜਿਲਾ ਕਨਵੀਨਰ ਜਸਵੰਤ ਸਿੰਘ ਬਨਭੌਰੀ ਨੇ ਭਗਵੰਤ ਮਾਨ ਸਰਕਾਰ ਨੂੰ ਅਪੀਲ ਕੀਤੀ ਕਿ ਫਰੰਟ ਨਾਲ ਜਲਦੀ ਮੀਟਿੰਗ ਕਰਕੇ ਮੁਲਾਜਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਦਾ ਤੁਰੰਤ ਹੱਲ ਕੀਤਾ ਜਾਵੇ ਨਹੀ ਤਾਂ 23- 08-2025 ਨੂੰ ਲੁਧਿਆਣਾ ਵਿਖੇ ਮੀਟਿੰਗ ਕਰਕੇ ਅਗਲੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ ਅਤੇ ਬਾਕੀ ਜਥੇਬੰਦੀਆਂ ਨਾਲ ਵੀ ਸਾਂਝੇ ਰੂਪ ਵਿੱਚ ਸੰਘਰਸ਼ ਕਰਨ ਲਈ ਤਾਲਮੇਲ ਕੀਤਾ ਜਾਵੇਗਾ।ਇਸ ਮੌਕੇ ਗੋਬਿੰਦ ਕਾਂਤ ਝਾਅ, ਬਹਾਦਰ ਸਿੰਘ ਪ੍ਰਧਾਨ ਪੁਲੀਸ ਪੈਨਸਨਰ, ਜਗਦੇਵ ਸਿੰਘ ਪਾਵਰਕੌਮ ਪੈਨਸਨਰ ਆਗੂ,ਮਿਰਜਾ ਸਿੰਘ, ਸੁਖਵਿੰਦਰ ਸਿੰਘ (ਪਾਵਰਕੌਮ) ਨੇਤਰ ਸਿੰਘ ਮੰਨਵੀ, ਗੁਰਨਾਮ ਸਿੰਘ ਕਾਲਜ, ਸੋਹਣ ਸਿੰਘ(ਸਿਵਲ ਹਸਪਤਾਲ) ਆਦਿ ਹਾਜ਼ਰ ਸਨ।

# ਦੇਵ ਮਾਨ ਅੰਤਰਰਾਸ਼ਟਰੀ ਵਿਧਾਇਕ ਸੰਮੇਲਨ ਵਿੱਚ ਭਾਗ ਲੈਣ ਲਈ ਅਮਰੀਕਾ ਪਹੁੰਚੇ



ਨਾਭਾ, 10 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਅੰਤਰਰਾਸ਼ਟਰੀ ਪੱਧਰ ਦਾ ਸੰਮੇਲਨ ਨੈਸ਼ਨਲ ਕਾਨਫਰੰਸ ਆਫ ਸਟੇਟ ਲੇਜੀਸਲੇਟਰਜ਼ ਬੋਸਟਨ 50ਵਾਂ ਸੰਮੇਲਨ ਅਮਰੀਕਾ ਵਿੱਚ ਸੁਰੂ ਹੋਇਆ , ਜਿਸ ਵਿੱਚ 20 ਦੇਸ਼ਾ ਦੀਆ ਵੱਖ ਵੱਖ ਰਾਜਨੀਤੀਕ ਪਾਰਟੀਆ ਦੇ ਐਮ ਐਲ ਏ , ਐਮ ਪੀ , ਅਮਰੀਕਾ ਦੀਆ 50 ਸਟੇਟਾ ਦੇ ਸੈਨੇਟਰਜ਼ ਭਾਗ ਲੈ ਰਹੇ ਹਨ । ਇਸ ਸੰਮੇਲਨ ਵਿੱਚ ਲਗਭਗ 2000 ਹਜ਼ਾਰ ਰਾਜਨੀਤਕ ਨੁਮਾਇੰਦੇ , ਇਸ ਕਾਨਫਰੰਸ ਦਾ ਹਿੱਸਾ ਬਣੇ ਹਨ । ਜਿਸ ਵਿੱਚ ਭਾਰਤ ਤੋ ਅਲੱਗ ਅਲੱਗ ਪਾਰਟੀਆ ਦੇ 130 ਐਮ ਐਲ ਏ ਦਾ ਡੈਲੀਗੇਸ਼ਨ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਇਆ ਹੈ । ਅੰਤਰਰਾਸ਼ਟਰੀ ਰਾਸ਼ਟਰੀ ਪੱਧਰ ਦੀ ਕਾਨਫਰੰਸ ਆਪਣੇ ਆਪ ਵਿੱਚ ਨਿਵੇਕਲੀ ਹੈ । ਜਿਸ ਵਿੱਚ ਦੁਨੀਆਂ ਦੇ ਅਲੱਗ ਅਲੱਗ ਰਾਜਨੀਤਕ ਲੋਕ ਆਪਣੇ ਹਲਕੇ , ਸਟੇਟ , ਦੇਸ਼ ਤੇ ਦੁਨੀਆਂ ਦੀਆ ਸਮੱਸਿਆਵਾਂ ਉੱਪਰ ਵਿਚਾਰ ਕਰਦੇ ਹਨ । ਗੁਰਦੇਵ ਸਿੰਘ ਦੇਵ ਮਾਨ ਨੇ ਕਿਹਾ ਕਿ ਮੈਂ ਖੁਸ਼ਕਿਸਮਤ ਹਾਂ , ਕਿ ਮੈ ਨਾਭਾ ਹਲਕੇ ਦਾ ਸੇਵਾਦਾਰ ਹੋਣ ਦੇ ਨਾਤੇ ਨਾਭੇ ਹਲਕੇ ਦੀਆਂ ਸਮੱਸਿਆਵਾਂ ਨੂੰ ਅੰਤਰਰਾਸ਼ਟਰੀ ਪੱਧਰ ਤੇ ਰੱਖਣ ਵਿੱਚ ਕਾਮਯਾਬ ਹੋਵਾਗਾ ।

# ਜ਼ੋਨਲ ਟੂਰਨਾਮੈਂਟ 'ਚ ਏਵੀਓਰ ਸਕੂਲ ਦੇ ਵਿਦਿਆਰਥੀਆਂ ਨੇ ਕੀਤਾ ਸ਼ਾਨਦਾਰ ਪ੍ਰਦਰਸ਼ਨ,

ਮਾਛੀਵਾੜਾ ਸਾਹਿਬ, 10 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਜ਼ੋਨਲ ਟੂਰਨਾਮੈਂਟ ਵਿੱਚ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਜਿੱਤਾਂ ਪ੍ਰਾਪਤ ਕੀਤੀਆਂ। ਬਲਾਕ ਮਾਛੀਵਾੜਾ ਸਾਹਿਬ ਦੇ ਏਵੀਓਰ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਨੇ ਜ਼ੋਨਲ ਟੂਰਨਾਮੈਂਟ ਦੇ ਅਲੱਗ-ਅਲੱਗ ਵਰਗਾਂ 'ਚ ਗੋਲਡ ਤੇ ਸਿਲਵਰ ਦੇ ਮੈਡਲ ਜਿੱਤ ਕੇ ਸਕੂਲ ਦਾ ਨਾਂ ਰੋਸ਼ਨ ਕੀਤਾ । ਪ੍ਰਿੰਸੀਪਲ ਗੁਰਿੰਦਰ ਪਾਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਕੂਲ ਦੀ ਅੰਡਰ-14 ਲੜਕੀਆਂ ਦੀ ਟੀਮ ਨੇ ਵਾਲੀਬਾਲ 'ਚ ਗੋਲਡ ਮੈਡਲ ਪ੍ਰਾਪਤ ਕੀਤਾ ਤੇ ਇਸ ਦੇ ਨਾਲ ਹੀ ਅੰਡਰ-14 ਲੜਕੀਆਂ ਦੀ ਟੀਮ ਨੇ ਹੈਂਡਬਾਲ 'ਚ ਵੀ ਗੋਲਡ ਮੈਡਲ ਪ੍ਰਾਪਤ ਕੀਤਾ। ਸਕੂਲ ਦੀ ਅੰਡਰ-14 ਤੇ 17 ਲੜਕਿਆਂ ਦੀ ਟੀਮ ਨੇ ਹੈਂਡਬਾਲ 'ਚ ਗੋਲਡ, ਅੰਡਰ-17 ਲੜਕੀਆਂ ਦੀ ਟੀਮ ਨੇ ਵਾਲੀਬਾਲ 'ਚ ਗੋਲਡ, ਸਕੂਲ ਦੀ ਅੰਡਰ-17 ਲੜਕਿਆਂ ਦੀ ਟੀਮ ਨੇ ਵੀ ਵਾਲੀਬਾਲ 'ਚ ਗੋਲਡ, ਅੰਡਰ-19 ਲੜਕਿਆਂ ਦੀ ਟੀਮ ਨੇ ਵਾਲੀਬਾਲ 'ਚ ਸਿਲਵਰ, ਅੰਡਰ-14 ਲੜਕਿਆਂ ਦੀ ਟੀਮ ਨੇ ਕੁਸ਼ਤੀਆਂ 'ਚ 2 ਗੋਲਡ ਮੈਡਲ ਪ੍ਰਾਪਤ ਕੀਤੇ।

ਇਸ ਮੌਕੇ ਸਕੂਲ ਦੇ ਪ੍ਰਧਾਨ ਤੇਜਿੰਦਰ ਪਾਲ ਸਿੰਘ, ਵਾਈਸ ਪ੍ਰਧਾਨ ਹਰਿੰਦਰ ਪਾਲ ਸਿੰਘ, ਸੈਕੇਟਰੀ ਸਿਮਰਨਪ੍ਰੀਤ ਕੌਰ ਨੇ ਬੱਚਿਆਂ ਦੀਆਂ ਮਾਣਮੱਤੀਆਂ ਪ੍ਰਾਪਤੀਆਂ ਲਈ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ ਅਤੇ ਭਵਿੱਖ ਵਿੱਚ ਹੋਰ ਸ਼ਾਨਦਾਰ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ।

# ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਪਾਲਿਸੀ, ਲੈਂਡ ਗਰੈਬਿੰਗ: ਆਈ ਡੀ ਪੀ



ਪਟਿਆਲਾ, 10 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਪਾਲਿਸੀ ਅਤੇ ਸੋਧ ਨੋਟੀਫਿਕੇਸ਼ਨ ਦਾ ਪੰਜਾਬੀ ਅਨੁਵਾਦ ਦਾ ਕਿਤਾਬਚਾ ਜਾਰੀ ਕਰਦਿਆਂ ਇੰਟਰਨੈਸ਼ਨਲਿਸਟ ਡੈਮੋਕ੍ਰੇਟਿਕ ਪਲੇਟਫਾਰਮ , ਆਈਡੀਪੀ ਆਗੂਆਂ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਪਾਲਸੀ ਪੂਰੀ ਤਰ੍ਹਾਂ ਕਿਸਾਨਾਂ , ਮਜ਼ਦੂਰਾਂ ਦੇ ਵਿਰੋਧੀ ਹੈ। ਇਸ ਮੌਕੇ ਆਈਡੀਪੀ ਦੇ ਸੂਬਾ ਪ੍ਰਧਾਨ ਦਰਸ਼ਨ ਸਿੰਘ ਧਨੇਠਾ, ਸੂਬਾ ਜਨਰਲ ਸਕੱਤਰ ਤਰਲੋਚਨ ਸਿੰਘ ਸੂਲਰ ਘਰਾਟ , ਫਲਜੀਤ ਸਿੰਘ ਸੰਗਰੂਰ, ਗੁਰਮੀਤ ਸਿੰਘ ਥੂਹੀ, ਤਾਰਾ ਸਿੰਘ ਫੱਗੂਵਾਲ, ਮਨਪ੍ਰੀਤ ਕੌਰ ਰਾਜਪੁਰਾ ਆਦਿ ਨੇ ਸਿਰਕਤ ਕੀਤੀ ਅਤੇ ਉਘੇ ਚਿੰਤਕ ਹਮੀਰ ਸਿੰਘ ਨੇ ਵਿਸ਼ੇਸ਼ ਤੌਰ ਤੇ ਸਮੂਲੀਅਤ ਕੀਤੀ। ਇਸ ਮੌਕੇ ਉਹਨਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਸ਼ੁਰੂਆਤੀ ਤੌਰ ਤੇ ਸੂਬੇ ਦੇ 27 ਸ਼ਹਿਰਾਂ ਅਤੇ ਕਸਬਿਆਂ ਦੇ ਨੇੜਲੇ ਪਿੰਡਾਂ ਦੀਆਂ ਜਮੀਨਾਂ ਹਾਸਲ ਕਰਕੇ ਸਹਿਰੀਕਰਨ ਅਤੇ ਉਦਯੋਗੀਕਰਨ ਦੀ ਦਲੀਲ ਦੇ ਕੇ ਲੈਂਡ ਪੂਲਿੰਗ ਪਾਲਿਸੀ ਲਾਗੂ ਕਰਨ ਦਾ ਫੈਸਲਾ ਕੀਤਾ ਹੈ। ਇਸ ਦੇ ਤਹਿਤ ਲਗਭਗ 164 ਪਿੰਡਾਂ ਦੀ ਕਰੀਬ 65 000 ਏਕੜ ਜਮੀਨ ਆਉਣ ਦਾ ਅਨੁਮਾਨ ਹੈ। ਪੰਜਾਬ ਸਰਕਾਰ ਕਹਿ ਰਹੀ ਹੈ ਕਿ ਇਹ ਸਵੈ ਇੱਛਤ ਸਕੀਮ ਹੈ । ਕਿਸੇ ਤੋਂ ਵੀ ਜਬਰਦਸਤੀ ਜਮੀਨ ਨਹੀਂ ਲਈ ਜਾਵੇਗੀ , ਜਦੋਂ ਕਿ ਅਸਲ ਤਸਵੀਰ ਇਸ ਤੋਂ ਉਲਟੀ ਹੈ । ਜਿਹੜੇ ਕਿਸਾਨਾਂ ਨੇ ਜਮੀਨ ਦੇ ਦਿੱਤੀ ਤਾਂ ਵਿਕਾਸ ਵਾਸਤੇ ਜੇਕਰ ਜਮੀਨ ਪੁੱਡਾ ਦੇ ਅਧਿਕਾਰ ਵਿੱਚ ਹੈ ਤਾਂ ਉਹਨਾਂ ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ ਐਕਸਟਰਨਲ ਡਿਵੈਲਪਮੈਂਟ ਚਾਰਜ (ਈਡੀਸੀ )ਜਾਂ ਇੱਕ ਕਰੋੜ ਰੁਪਈਆ ਅਤੇ ਜੇਕਰ ਸਥਾਨਕ ਅਥਾਰਟੀ ਭਾਵ ਗਲਾਡਾ ,ਗਮਾਡਾ ਕੋਲ ਜਮੀਨ ਦਾ ਕੰਟਰੋਲ ਹੋਵੇਗਾ ਤਾਂ ਕਿਸਾਨ ਨੂੰ ਦੋ ਕਰੋੜ ਰੁਪਏ ਖਰਚ ਕਰਨੇ ਪੈਣਗੇ। ਇਸ ਪਾਲਿਸੀ ਦੇ ਤਹਿਤ ਕਿਸਾਨ ਨੂੰ ਇੱਕ ਹਜਾਰ ਗਜ ਦਾ ਰਿਹਾਇਸੀ ਅਤੇ 200 ਗਜ ਵਪਾਰਕ ਜਮੀਨ ਦਾ ਹਿੱਸਾ ਵਿਕਸਿਤ ਕਰਕੇ ਦਿੱਤਾ ਜਾਵੇਗਾ। ਉਹਨਾਂ ਅੱਗੇ ਕਿਹਾ ਕਿ ਇਹ ਪਾਲਿਸੀ ਪਿੰਡਾਂ ਵਿੱਚ ਕਿਸਾਨਾਂ ਤੋਂ ਇਲਾਵਾ ਖੇਤ ਮਜ਼ਦੂਰ , ਦੁਕਾਨਦਾਰਾਂ ਅਤੇ ਹੋਰ ਵਰਗਾਂ ਲਈ ਮੁੜ ਵਸੇਬੇ ਦਾ ਬੰਦੋਬਸਤ ਨਹੀਂ ਹੈ। ਉਹਨਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਪਾਲਿਸੀ , ਲੈਂਡ ਗਰੈਬਿੰਗ ਹੈ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਇਹ ਪਾਲਿਸੀ ਨੂੰ ਵੱਧ ਤੋਂ ਵੱਧ ਲੋਕਾਂ ਨੂੰ ਪੜ੍ਹਨਾ ਚਾਹੀਦਾ ਹੈ। ਇਸ ਮੌਕੇ ਆਗੂਆਂ ਵੱਲੋਂ ਇਕ ਮੀਟਿੰਗ ਕਰਕੇ ਵੱਖ ਵੱਖ ਏਜੰਡਿਆਂ ਤੇ ਚਰਚਾ ਕੀਤੀ ਗਈ ਤੇ ਭਵਿੱਖ ਦੀ ਰਣਨੀਤੀ ਬਣਾਈ ਗਈ।

# ਬੰਦੀ ਸਿੰਘਾਂ ਨੂੰ ਸਰਕਾਰਾਂ ਬਿਨ੍ਹਾਂ ਸ਼ਰਤ ਰਿਹਾਅ ਕਰਨ: ਬਾਬਾ ਬਲਬੀਰ ਸਿੰਘ



ਪਟਿਆਲਾ, 10 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਡੇਰਾ ਸਿਰਸੇ ਦੇ ਮੁਖੀ ਰਾਮ ਰਹੀਮ ਨੂੰ 40 ਦਿਨ ਦੀ ਫਿਰ ਪਰੋਲ ਦਿੱਤੇ ਜਾਣ ਤੇ ਰੋਸ ਦਾ ਇਜ਼ਹਾਰ ਕਰਦੇ ਨਿਹੰਗ ਸਿੰਘਾਂ ਸਿਰਮੌਰ ਸੰਸਥਾ ਸ਼ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਿਹਾ ਕਿ ਭਾਰਤ ਅੰਦਰ ਸਿੱਖਾਂ ਨਾਲ ਦੋਹਰਾ ਸਲੂਕ ਕੀਤਾ ਜਾ ਰਿਹਾ ਹੈ। ਬਲਾਤਕਾਰ ਦੇ ਗੁਨਾਹਾਂ ਵਿੱਚ ਘਿਰੇ ਵਿਅਕਤੀ ਨੂੰ ਬਾਰ-ਬਾਰ ਪੈਰੋਲ ਦਿੱਤੀ ਜਾ ਰਹੀ ਹੈ। ਪਰ ਸਿੱਖ ਜੁਝਾਰੂ ਜੋ ਕਨੂੰਨੀ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ ਲਈ ਕੋਈ ਰਿਆਇਤ ਨਹੀਂ ਹੈ। ਉਨ੍ਹਾਂ ਕਿਹਾ ਦੋ ਸਾਧਵੀਆਂ ਨਾਲ ਬਲਾਤਕਾਰ ਕਰਨ ਦੇ ਦੋਸ਼ ਵਿੱਚ ਵੀਹ ਸਾਲਾਂ ਕੈਦ ਦੀ ਸਜ਼ਾ ਭੁਗਤ ਰਹੇ ਇਸ ਡੇਰਾ ਮੁਖੀ ਰਾਮ ਰਹੀਮ ਨੂੰ ਆਜ਼ਾਦੀ ਦਿਵਸ 'ਤੇ ਉਸ ਦੇ ਆਉਂਦੇ ਜਨਮ ਦਿਨ ਲਈ 40 ਦਿਨਾਂ ਦੀ ਪੈਰੋਲ ਦਿੱਤੀ ਜਾਣ ਤੇ ਨਿਹੰਗ ਮੁਖੀ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਸਖ਼ਤ ਇਤਰਾਜ਼ ਜਤਾਇਆ ਹੈ।ਉਨ੍ਹਾਂ ਕਿਹਾ ਲੰਘੇ ਅਪਰੈਲ ਮਹੀਨੇ ਉਹ 21 ਦਿਨਾਂ ਦੀ ਪੈਰੋਲ ਲੈ ਚੁੱਕਿਆ ਹੈ ਅਤੇ ਇਸ ਤੋਂ ਪਹਿਲਾਂ ਜਨਵਰੀ ਵਿਚ ਪੂਰੇ 30 ਦਿਨ ਦੀ ਪੈਰੋਲ ਵੀ ਉਸ ਨੂੰ ਦਿੱਤੀ ਗਈ ਸੀ। ਉਨ੍ਹਾਂ ਕਿਹਾ ਸਾਧਵੀਆਂ ਨਾਲ ਬਲਾਤਕਾਰ ਤੋਂ ਇਲਾਵਾ ਉਸ ਨੂੰ ਪੱਤਰਕਾਰ ਰਾਮ ਚੰਦਰ ਛਤਰਪਤੀ ਦੀ ਹੱਤਿਆ ਕੇਸ ਵਿੱਚ ਮੁਜਰਮ ਕਰਾਰ ਦਿੱਤਾ ਜਾ ਚੁੱਕਿਆ ਹੈ। ਬਲਾਤਕਾਰ ਅਤੇ ਹੱਤਿਆ ਜਿਹੇ ਸੰਗੀਨ ਕੇਸਾਂ ਵਿੱਚ ਮੁਜਰਮ ਠਹਿਰਾਏ ਕਿਸੇ ਸ਼ਖ਼ਸ ਨੂੰ ਇੰਝ ਵਾਰ-ਵਾਰ ਪੈਰੋਲ 'ਤੇ ਛੱਡਿਆ ਜਾਣਾ ਚਿੰਤਾ ਪੈਦਾ ਕਰਨ ਵਾਲਾ ਰੁਝਾਨ ਹੈ। ਉਨ੍ਹਾਂ ਕਿਹਾ ਪਿਛਲੇ ਕੁਝ ਸਾਲਾਂ ਵਿੱਚ ਚੋਣਾਂ ਤੋਂ ਪਹਿਲਾਂ ਰਾਮ ਰਹੀਮ ਜੇਲ੍ਹ ਤੋਂ ਬਾਹਰ ਆ ਜਾਂਦਾ ਰਿਹਾ ਹੈ ਇਸ ਪਿੱਛੇ ਸਿਆਸੀ ਜੋੜ-ਤੋੜ ਖੇਡ ਹੈ। ਉਨ੍ਹਾਂ ਕਿਹਾ ਘਿਨਾਉਣੇ ਅਪਰਾਧ ਦੇ ਦੋਸ਼ੀ ਸ਼ਖ਼ਸ ਨੂੰ ਪੈਰੋਲ ਸੌਖਿਆਂ ਹੀ ਨਹੀਂ ਮਿਲ ਜਾਣੀ ਚਾਹੀਦੀ। ਉਨ੍ਹਾਂ ਕਿਹਾ ਭਾਰਤੀ ਕਨੂੰਨ ਸਿੱਖਾਂ ਲਈ ਦੋਹਰਾ ਮਾਪਦੰਡ ਕਿਉਂ ਅਪਨਾਅ ਰਿਹਾ ਹੈ ਉਨ੍ਹਾਂ ਹੋਰ ਕਿਹਾ ਕਿ ਇਸ ਤਰ੍ਹਾਂ ਨਾਲ ਸਿੱਖਾਂ ਅੰਦਰ ਰੋਹ ਤੇ ਰੋਸ਼ ਦਾ ਪਣਪਨਾ ਕੁਦਰਤੀ ਹੈ ਸਰਕਾਰਾਂ ਸਿੱਖਾਂ ਨੂੰ ਜਾਣਬੁਝ ਕੇ ਉਸ ਰਾਹ ਤੌਰ ਰਹੀਆਂ ਹਨ ਜਿਸ ਰਾਹ ਉਹ ਤੁਰਨਾ ਨਹੀਂ ਚਾਹੁੰਦੇ। ਉਨ੍ਹਾਂ ਕਿਹਾ ਸਜਾਵਾਂ ਪੂਰੀਆਂ ਕਰ ਚੁੱਕੇ ਸਿੱਖ ਜੁਝਾਰੂਆਂ ਨੂੰ ਬਿਨਾਂ ਸ਼ਰਤ ਰਿਹਾ ਕਰਨਾ ਚਾਹੀਦਾ ਹੈ।

# ਜੰਗਲਾਤ ਵਿਭਾਗ ਦੇ ਕਿਰਤੀ ਕਾਮਿਆਂ ਨੂੰ ਤੁਰੰਤ ਜਾਰੀ ਕਰੇ ਅਪ੍ਰੈਲ ਤੋਂ ਰੁੱਕੀਆਂ ਤਨਖਾਹਾਂ : ਲੂੰਬਾ



ਪਟਿਆਲਾ, 10 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਨੂੰ ਪੁਰਜੋਰ ਅਪੀਲ ਕਰਦਿਆਂ ਪੰਜਾਬ ਵਣ ਵਿਭਾਗ ਵਰਕਰਜ਼ ਯੂਨੀਅਨ ਨੇ ਸੂਬਾ ਆਗੂ ਸ੍ਰੀ ਵੀਰਪਾਲ ਸਿੰਘ ਲੂੰਬਾ ਅਤੇ ਹੋਰ ਸਾਥੀ ਨੁਮਾਇੰਦਿਆ ਨੇ ਇੱਕ ਸਾਂਝਾ ਪ੍ਰੈਸ ਨੋਟ ਜਾਰੀ ਕਰਕੇ ਮੰਗ ਕੀਤੀ ਹੈ ਕਿ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਪੰਜਾਬ ਦੀਆਂ ਬਹੁਤ ਡਵੀਜਨਾਂ ਦੀਆਂ ਰੇਜਾਂ ਵਿੱਚ ਇਸ ਅਦਾਰੇ ਅਧੀਨ ਕੰਮ ਕਰਦੇ ਮਿਹਨਤਕਸ਼ ਕਿਰਤੀ ਦਿਹਾੜੀਦਾਰ ਕਾਮਿਆਂ ਨੂੰ ਅਪ੍ਰੈਨ 2025 ਤੋਂ ਵੀ ਕੀਤੇ ਗਏ ਕੰਮ ਦੀਆਂ ਤਨਖਾਹਾਂ ਨਸੀਬ ਨਹੀਂ ਹੋਈਆਂ। ਕਿਰਤੀ ਕਾਮਿਆਂ ਨੂੰ ਤਨਖਾਹਾਂ ਮਿਲਣ ਕਰਕੇ ਆਪਣੇ ਘਰਾਂ ਦਾ ਗੁਜਾਰਾ ਕਰਨਾ ਮੁਸ਼ਕਿਲ ਹੋ ਰਿਹਾ ਹੈ। ਕਈ ਕਿਰਤੀ ਅਜਿਹੇ ਹਨ ਜਿਨ੍ਹਾਂ ਨੇ ਨਾ ਤਾਂ ਅਜੇ ਤੱਕ ਕਣਕ ਖਰੀਦ ਸਕੇ ਹਨ। ਹੋਰ ਦੁੱਧ ਤੇ ਚਾਹ ਪੱਤੀ ਰੋਜਾਨਾ ਵਰਤੋ ਵਾਲੀਆਂ ਚੀਜਾਂ ਨਾਲ ਆਪਣੇ ਸਿਰ ਤੇ ਕਰਜਾ ਚੜ੍ਹ ਗਿਆ ਹੈ। ਕਾਮੇ ਆਰਥਿਕ ਤੰਗੀ ਦਾ ਸ਼ਿਕਾਰ ਹੋ ਚੁੱਕੇ ਹਨ। ਹੁਣ ਕੋਈ ਇਹਨਾਂ ਕਾਮਿਆ ਉਧਾਰ ਚੀਜ ਵੀ ਨਹੀਂ ਦਿੰਦਾ। ਜਿਸ ਕਰਕੇ ਸਮੂਹ ਕਿਰਤੀ ਕਾਮਿਆਂ ਦੇ ਮਨਾ ਵਿੱਚ ਬਹੁਤ ਜਿਆਦਾ ਵਿਆਪਕ ਰੋਸ ਹੈ। ਰੱਖੜੀ ਦਾ ਤਿਉਹਾਰ ਹੈ, ਸਰਕਾਰ ਜਾਂ ਮੰਤਰੀ ਸਾਰ ਨਹੀਂ ਲੈ ਰਹੇ। ਜਿਸ ਦੇ ਮੱਦੇ ਨਜ਼ਰ 10 ਅਗਸਤ 2025 ਨੂੰ ਦਫਤਰ ਡਿਪਟੀ ਕਮਿਸ਼ਨਰ ਪਟਿਆਲਾ ਅੱਗੇ ਰੋਸ ਰੈਲੀ ਕਰਕੇ ਇੱਕ ਮੰਗ ਪੱਤਰ ਪੰਜਾਬ ਵਣ ਵਿਭਾਗ ਵਰਕਰਜ਼ ਯੂਨੀਅਨ ਰਜਿ: ਦੇ ਝੰਡੇ ਹੇਠ ਇਕੱਠੇ ਹੋ ਕੇ ਦਿੱਤਾ ਜਾਵੇਗਾ। ਅਗਰ ਕਿਸੇ ਕਿਰਤੀ ਕਾਮੇ ਦਾ ਕੋਈ ਨੁਕਸਾਨ ਜਾਂ ਕੋਈ ਅਣ ਸੁਖਾਵੀ ਘਟਨਾ ਵਾਪਰਦੀ ਹੈ ਤਾਂ ਸਰਕਾਰ ਇਸ ਦੀ ਜਿੰਮੇਵਾਰ ਹੋਵੇਗੀ। ਇਸ ਮੌਕੇ ਹਾਜਰ ਬੁਲਾਰੇ ਕਰਨੈਲ ਕੌਰ, ਲਾਜਵੰਤ ਸਮਾਣਾ, ਕੁਲਵੰਤ ਸੂਰੀ ਨਾਭਾ, ਕੁਲਵਿੰਦਰ ਸਿੰਘ, ਹਰਪ੍ਰੀਤ ਸਿੰਘ ਲੋਚਮਾ, ਰਾਜਪੁਰਾ, ਇੰਦਰ ਘੱਗਾ, ਹਰਚਰਨ ਸਿੰਘ, ਪਰਮਜੀਤ ਕੌਰ ਸਰਹਿੰਦ, ਬਲਵਿੰਦਰ ਕੌਰ ਮੁਹਾਲੀ, ਸਤਨਾਮ ਬਨੂੜ, ਗੁਰਪ੍ਰੀਤ, ਬੇਅੰਤ ਸਿੰਘ, ਅਮਰਜੀਤ ਭਾਦਸੋਂ ਆਦਿ ਹਾਜਰ ਸਨ।

# ਸਾਹਨੀ ਨੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਆਲੇ-ਦੁਆਲੇ ਤੁਰੰਤ ਸਫਾਈ ਦੇ ਉਪਾਅ ਕੀਤੇ ਜਾਣ ਦੀ ਕੀਤੀ ਮੰਗ



ਪਟਿਆਲਾ, 10 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਤੋਂ ਸੰਸਦ ਮੈਂਬਰ (ਰਾਜ ਸਭਾ) ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਕੇਂਦਰੀ ਮੰਤਰੀਆਂ ਸ਼੍ਰੀ ਨਿਤਿਨ ਗਡਕਰੀ ਅਤੇ ਸ਼੍ਰੀ ਮਨੋਹਰ ਲਾਲ ਖੱਟਰ ਨੂੰ ਸ੍ਰੀ ਦਰਬਾਰ ਸਾਹਿਬ (ਗੋਲਡਨ ਟੈਂਪਲ), ਅੰਮ੍ਰਿਤਸਰ ਦੇ ਆਲੇ-ਦੁਆਲੇ ਆਵਾਜਾਈ ਨੂੰ ਘਟਾਉਣ ਲਈ ਪਰਿਵਰਤਨਸ਼ੀਲ ਬੁਨਿਆਦੀ ਢਾਂਚੇ ਨੂੰ ਪੇਸ਼ ਕਰਨ ਦੀ ਤੁਰੰਤ ਲੋੜ ਨੂੰ ਦੁਹਰਾਇਆ ਹੈ। ਡਾ. ਸਾਹਨੀ ਵੱਲੋਂ ਰਾਜ ਸਭਾ ਵਿੱਚ ਪੰਜਾਬ ਵਿੱਚ ਸਮਾਰਟ ਸਿਟੀ ਮਿਸ਼ਨ ਦੀ ਪ੍ਰਗਤੀ ਬਾਰੇ ਪੁੱਛੇ ਗਏ ਇੱਕ ਸਵਾਲ ਦੇ ਲਿਖਤੀ ਜਵਾਬ ਵਿੱਚ, ਹਾਊਸਿੰਗ ਅਤੇ ਸ਼ਹਿਰੀ ਮਾਮਲਿਆਂ ਦੇ ਰਾਜ ਮੰਤਰੀ ਵੱਲੋਂ ਦੱਸਿਆ ਗਿਆ ਕਿ ਪੰਜਾਬ ਰਾਜ ਵਿੱਚੋਂ ਤਿੰਨ ਸ਼ਹਿਰਾਂ ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਨੂੰ ਚੁਣਿਆ ਗਿਆ ਹੈ। ਹਾਲਾਂਕਿ, ਡਾ. ਸਾਹਨੀ ਨੇ ਮੰਗ ਕੀਤੀ ਕਿ ਮੋਹਾਲੀ ਅਤੇ ਪਟਿਆਲਾ ਨੂੰ ਵੀ ਸਮਾਰਟ ਸਿਟੀ ਵਜੋਂ ਸ਼ਾਮਲ ਕੀਤਾ ਜਾਵੇ। ਡਾ. ਸਾਹਨੀ ਨੇ ਅੱਗੇ ਕਿਹਾ ਕਿ ਸਮਾਰਟ ਸਿਟੀ ਵਜੋਂ ਚੁਣੇ ਗਏ ਤਿੰਨ ਸ਼ਹਿਰਾਂ ਵਿੱਚ ਵੀ ਸਮਾਰਟ ਕਹਾਉਣ ਲਈ ਕੁਝ ਵੀ ਦਿਖਾਈ ਨਹੀਂ ਦਿੰਦਾ, ਜਿਸ ਵਿੱਚ ਬਹੁਤ ਜ਼ਿਆਦਾ ਭੀੜ-ਭੜੱਕਾ, ਅਸ਼ੁੱਧਤਾ, ਠੋਸ ਰਹਿੰਦ-ਖੂੰਹਦ ਪ੍ਰਬੰਧਨ ਦੀ ਘਾਟ ਆਦਿ ਸ਼ਾਮਲ ਹਨ।

ਡਾ. ਸਾਹਨੀ ਨੇ ਜ਼ੋਰ ਦੇ ਕੇ ਕਿਹਾ ਕਿ ਪੁਰਾਣੇ ਸ਼ਹਿਰ ਦੀ ਪੁਰਾਣੀ ਭੀੜ ਨੂੰ ਦੂਰ ਕਰਨ ਲਈ ਜੀ.ਟੀ. ਰੋਡ ਨੂੰ ਹਰਿਮੰਦਰ ਸਾਹਿਬ ਨਾਲ ਜੋੜਨ ਵਾਲਾ ਮਾਸ ਰੈਪਿਡ ਟ\ਰਾਂਸਪੋਰਟ ਸਿਸਟਮ (ਐਮ.ਆਰ.ਟੀ. ਐਸ.), ਈ-ਵਾਹਨਾਂ ਲਈ ਇੱਕ ਭੂਮੀਗਤ ਸੁਰੰਗ ਅਤੇ ਸ਼ਹਿਰ ਦੇ ਪ੍ਰਵੇਸ਼ ਸਥਾਨਾਂ ਦੇ ਨੇੜੇ ਬਹੁ-ਪੱਧਰੀ ਪਾਰਕਿੰਗ ਢਾਂਚੇ ਵਰਗੇ ਪ੍ਰਸਤਾਵ ਜ਼ਰੂਰੀ ਹਨ।

# ਪੱਲੇਦਾਰ ਮਜਦੂਰ ਯੂਨੀਅਨ ਵੱਲੋਂ ਪੰਜਾਬ ਸਰਕਾਰ ਦੀ ਮਜਦੂਰ ਮਾਰੂ ਟੈਂਡਰ ਪੋਲਸੀ ਦੇ ਖਿਲਾਫ ਨਾਅਰੇਬਾਜੀ



ਪਟਿਆਲਾ, 10 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੱਲੇਦਾਰ ਮਜਦੂਰ ਯੂਨੀਅਨ ਵੱਲੋਂ ਪੰਜਾਬ ਸਰਕਾਰ ਦੀ ਮਜਦੂਰ ਮਾਰੂ ਟੈਂਡਰ ਪੋਲਸੀ ਦੇ ਖਿਲਾਫ ਨਾਅਰੇਬਾਜੀ ਕੀਤੀ ਗਈ ਅਤੇ 2025-26 ਅਤੇ 2027 ਦੇ ਟੈਂਡਰ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਹਨ। ਜਦੋਂ ਕਿ 2024 ਦੇ ਵਿੱਚ ਪੰਜਾਬ ਸਰਕਾਰ ਵੱਲੋਂ ਵਾਅਦਾ ਕੀਤਾ ਗਿਆ ਸੀ ਕਿ ਦੋ ਸਾਲ ਬਾਅਦ ਲੇਬਰਾਂ ਦੇ ਬੇਸਿਕ ਰੇਟਾਂ ਵਿੱਚ ਵਾਧਾ ਕਰ ਦਿੱਤਾ ਜਾਵੇਗਾ। ਪਰੰਤੂ 30-06-2024 ਤੋਂ ਲੈ ਕੇ 31-03-2027 ਤੱਕ ਸਰਕਾਰ ਨੇ ਟੈਂਡਰ ਪਾਲਸੀ ਵਿੱਚ ਕਿਸੇ ਤਰ੍ਹਾਂ ਦਾ ਵਾਧਾ ਨਹੀਂ ਕੀਤਾ। ਜਦੋਂ ਕਿ ਮਹਿੰਗਾਈ ਦਿਨੋ ਦਿਨ ਵੱਧ ਰਹੀ ਹੈ। ਜਦੋਂ ਪੰਜਾਬ ਸਰਕਾਰ ਦੇ ਫੂਡ ਸਪਲਾਈ ਵਿਭਾਗ ਚੰਡੀਗੜ੍ਹ ਵਿਖੇ ਲੇਬਰ ਯੂਨੀਅਨ ਦੇ ਨੁਮਾਇੰਦਿਆ ਨੇ ਉੱਚ ਅਧਿਕਾਰੀਆਂ ਨਾਲ ਰਾਬਤਾ ਕੀਤਾ ਤਾਂ ਉਹਨਾਂ ਦਾ ਕਹਿਣਾ ਸੀ ਕਿ ਰੇਟਾਂ ਦਾ ਵਾਧਾ ਕਿਸੇ ਵੀ ਕੀਮਤ ਤੇ ਨਹੀਂ ਹੋ ਸਕਦਾ। ਦੂਜੇ ਪਾਸੇ ਪੰਜਾਬ ਸਰਕਾਰ ਦੇ ਫੂਡ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਜੀ ਬਿਆਨ ਦੇ ਰਹੇ ਹਨ ਕਿ ਲੇਬਰਾਂ ਦੇ ਰੇਟਾਂ ਵਿੱਚ ਹਰ ਸਾਲ ਵਾਧਾ ਕੀਤਾ ਜਾ ਰਿਹਾ ਹੈ। ਫਿਰ ਇਹ ਘਟੀਆ ਨੀਤੀ ਸਰਕਾਰ ਵੱਲੋਂ ਕਿਉਂ ਅਪਣਾਈ ਜਾ ਰਹੀ ਹੈ। ਜਿਸ ਦੇ ਵਿਰੋਧ ਕਰਕੇ ਅੱਜ ਪੂਰੇ ਪੰਜਾਬ ਵਿੱਚ ਪੰਜਾਬ ਸਰਕਾਰ ਵਲੋਂ ਤਿਆਰ ਕੀਤੀ ਪੋਲਸੀ ਨੂੰ ਸਾੜਿਆ ਗਿਆ ਹੈ। ਜੇਕਰ 11-8-2025 ਤੋਂ ਪਹਿਲਾਂ ਪਹਿਲਾਂ ਇਹ ਟੈਂਡਰ ਪਾਲਸੀ ਰੱਦ ਕਰਕੇ ਰੇਟਾਂ ਵਿੱਚ ਵਾਧਾ ਨਹੀਂ ਕੀਤਾ ਜਾਂਦਾ ਤਾਂ ਮਿਤੀ 11-8-2025 ਤੋਂ ਪੂਰੇ ਪੰਜਾਬ ਵਿੱਚ ਪੱਲੇਦਾਰ ਮਜਦੂਰ ਯੂਨੀਅਨਾਂ ਵੱਲੋਂ ਮੁਕੰਮਲ ਤੌਰ ਤੇ ਹੜਤਾਲ ਕੀਤੀ ਜਾਵੇਗੀ। ਜਿਸ ਦੀ ਜਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

# ਹੀਰੋਸ਼ੀਮਾ ਤਬਾਹੀ ਤੋਂ ਸਬਕ ਲੈਣਾ ਅਤੇ ਬਚਾਅ ਲਈ ਟਰੇਨਿੰਗ ਜ਼ਰੂਰੀ : ਸ੍ਰੀਮਤੀ ਗੰਗਾ ਰਾਣੀ




ਪਟਿਆਲਾ, 10 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

80 ਸਾਲ ਪਹਿਲਾਂ ਅਮਰੀਕਾ ਵਲੋਂ ਹੀਰੋਸ਼ੀਮਾ ਤੇ ਗਿਰਾਏ ਐਟਮੀ ਬੰਬ ਕਾਰਨ, 156,000 ਲੱਖ ਤੋਂ ਵੱਧ ਨਾਗਰਿਕਾਂ, ਬੱਚਿਆਂ ਦੀਆਂ ਮੌਤਾਂ ਹੋਈਆਂ ਸਨ। ਅਨੇਕਾਂ ਸਾਲਾਂ ਤੱਕ ਲੋਕਾਂ ਨੂੰ ਕੈਂਸਰ ਚਮੜੀ ਸਾਹ ਦਿਲ ਦਿਮਾਗ ਦੀਆਂ ਬਿਮਾਰੀਆਂ ਕਾਰਨ ਤੜਫਨਾ ਪਿਆ ਸੀ, ਅਜ ਦੇ ਸਮੇਂ ਵਿੱਚ ਹਰ ਘਰ, ਫੈਕਟਰੀ, ਗੱਡੀਆਂ, ਦੁਕਾਨਾਂ ਆਦਿ ਵਿਖੇ ਵੀ ਭਿਆਨਕ ਅੱਗਾਂ, ਗੈਸਾਂ, ਬਿਜਲੀ, ਪੈਟਰੋਲੀਅਮ, ਘਟਨਾਵਾਂ ਹੋਣ ਕਾਰਨ ਹੋ ਰਹੀਆਂ ਹਨ ਕਿਉਂਕਿ ਲੋਕਾਂ ਨੂੰ ਆਪਣੇ ਬਚਾਅ ਅਤੇ ਪੀੜਤਾਂ ਦੀ ਸਹਾਇਤਾ ਕਰਨ ਦੀ ਟਰੇਨਿੰਗ ਅਭਿਆਸ ਨਹੀਂ ਹੁੰਦੇ। ਇਹ ਵਿਚਾਰ ਭਾਰਤ ਸਰਕਾਰ ਦੇ ਆਫ਼ਤ ਪ੍ਰਬੰਧਨ, ਸਿਵਲ ਡਿਫੈਂਸ, ਫਸਟ ਏਡ, ਫਾਇਰ ਸੇਫਟੀ ਟ ?ਰੇਨਰ ਸ਼੍ਰੀ ਕਾਕਾ ਰਾਮ ਵਰਮਾ ਨੇ ਪੀ ਐਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸਿਉਨਾ ਵਿਖੇ ਵਿਦਿਆਰਥੀਆਂ ਨੂੰ ਦਸੇ। ਉਨ੍ਹਾਂ ਨੇ ਬਿਜਲੀ, ਪੈਟਰੋਲੀਅਮ, ਗੈਸਾਂ ਅਤੇ ਅੱਗਾਂ ਦੀ ਵਰਤੋਂ ਠੀਕ ਵਰਤੋਂ ਬਾਰੇ, ਘਟਨਾਵਾਂ ਰੋਕਣ ਅਤੇ ਪੀੜਤਾਂ ਨੂੰ ਬਚਾਉਣ ਲਈ ਫਸਟ ਏਡ ਸੀ ਪੀ ਆਰ, ਵੈਂਟੀਲੈਟਰ ਬਣਾਉਟੀ ਸਾਹ ਕਿਰਿਆ ਦੀ ਜਾਣਕਾਰੀ ਦਿੱਤੀ। ਸਕੂਲ ਇੰਚਾਰਜ ਸ਼੍ਰੀਮਤੀ ਗੰਗਾ ਰਾਣੀ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਅਜ ਦੇ ਸਮੇਂ ਵਿੱਚ ਸੇਫਟੀ, ਬਚਾਉ, ਮਦਦ ਦੀ ਟਰੇਨਿੰਗ ਅਤੇ ਅਭਿਆਸ ਹੀ ਭਵਿੱਖ ਵਿੱਚ ਆਪਦਾਵਾਂ ਜੰਗਾਂ ਅਤੇ ਘਟਨਾਵਾਂ ਤੋਂ ਬਚਾਉਣ ਲਈ ਮਦਦਗਾਰ ਸਿੱਧ ਹੋ ਸਕਦੇ ਹਨ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੇ 30 ਸਾਲ ਪਹਿਲਾਂ ਸ਼੍ਰੀ ਕਾਕਾ ਰਾਮ ਵਰਮਾ ਜੀ ਤੋਂ ਸਰਕਾਰੀ ਵਿਕਟੋਰੀਆ ਗਰਲਜ ਸਕੂਲ ਵਿਖੇ ਫਸਟ ਏਡ, ਸੀ ਪੀ ਆਰ, ਫਾਇਰ ਸੇਫਟੀ ਦੀ ਟਰੇਨਿੰਗ ਲਈ ਸੀ ਅਤੇ ਅਨੇਕਾਂ ਵਿਦਿਆਰਥੀਆਂ ਅਤੇ ਪਰਿਵਾਰਕ ਮੈਂਬਰਾਂ ਦੀ ਸਹਾਇਤਾ ਵੀ ਕੀਤੀ ਹੈ। ਗਣਤੰਤਰ ਦਿਵਸ ਮੌਕੇ ਮਾਰਚ ਪਾਸਟ ਪ੍ਰੈਡ ਵਿੱਚ ਲੀਡਰ ਵਲੋਂ ਭਾਗ ਲਿਆ ਸੀ। ਉਨ੍ਹਾਂ ਨੇ ਕਿਹਾ ਕਿ ਵਿਦਿਆਰਥੀਆਂ, ਅਧਿਆਪਕਾਂ ਅਤੇ ਉਨ੍ਹਾਂ ਰਾਹੀਂ ਮਾਪਿਆਂ ਨੂੰ ਜਾਗਰੂਕ ਕਰਕੇ ਹੀ ਖੁਸ਼ਹਾਲ, ਸੁਰੱਖਿਅਤ, ਸਿਹਤਮੰਦ ਭਵਿੱਖ ਦਾ ਨਿਰਮਾਣ ਕੀਤਾ ਜਾ ਸਕਦਾ ਹੈ।

# ਸਰਪੰਚ ਗੁਰਜੀਤ ਕੌਰ ਤੇ ਸਮੂਹ ਗ੍ਰਾਮ ਪੰਚਾਇਤ ਮਹਿਮਾ ਸਰਜਾ ਵੱਲੋਂ ਪੱਤਰਕਾਰ ਸੁਖਰਾਜ ਬਰਾੜ ਦਾ ਸਨਮਾਨ



ਬਠਿੰਡਾ, 10 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਤੀਆਂ ਦਾ ਤਿਉਹਾਰ ਪਿੰਡ ਮਹਿਮਾ ਸਰਜਾ ਦੀ ਸਰਪੰਚ ਅਤੇ ਸਮੂਹ ਗ੍ਰਾਮ ਪੰਚਾਇਤ ਵੱਲੋਂ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਧੂਮ ਧਾਮ ਨਾਲ ਮਨਾਇਆ ਗਿਆ। ਤੀਆਂ ਦੇ ਤਿਉਹਾਰ ਮੌਕੇ ਏ ਡੀ ਸੀ ਵਿਕਾਸ ਬਠਿੰਡਾ ,ਚੇਅਰਮੈਨ ਸੁਰਿੰਦਰ ਸਿੰਘ ਬਿੱਟੂ ਤੋਂ ਇਲਾਵਾ ਹੋਰ ਵੀ ਕਈ ਮਹਾਨ ਸ਼ਖਸੀਅਤ ਨੇ ਮੇਲੇ ਨੂੰ ਚਾਰ ਚੰਨ ਲਾਏ। ਪਿੰਡ ਮਹਿਮਾ ਸਰਜਾ ਤੋਂ ਨਿਰਪੱਖ, ਭ੍ਰਿਸ਼ਟਾਚਾਰੀਆਂ ਖਿਲਾਫ ਬੋਲਣ ਵਾਲੇ ਪੱਤਰਕਾਰ ਸੁਖਰਾਜ ਬਰਾੜ ਨੂੰ ਵਿਸ਼ੇਸ਼ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਪੱਤਰਕਾਰ ਸੁਖਰਾਜ ਬਰਾੜ ਨੇ ਸਮੁੱਚੀ ਗ੍ਰਾਮ ਪੰਚਾਇਤ ਮਹਿਮਾ ਸਰਜਾ, ਸਰਪੰਚ ਗੁਰਜੀਤ ਕੌਰ ਅਤੇ ਏ ਡੀ ਸੀ ਮੈਡਮ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਕੁਲਗਾਮ ’ਚ ਦਹਿਸ਼ਤਗਰਦਾਂ ਨਾਲ ਮੁਕਾਬਲੇ ’ਚ ਪੰਜਾਬ ਦੇ ਦੋ ਜਵਾਨ ਸ਼ਹੀਦ

## ਦਹਿਸ਼ਤਗਰਦਾਂ ਦੀ ਪੈੜ ਨੱਪਣ ਲਈ ਵਿੱਢਿਆ ਅਪਰੇਸ਼ਨ 9ਵੇਂ ਦਿਨ ਵੀ ਜਾਰੀ; ਸ਼ਹੀਦ ਫੌਜੀਆਂ ਦੀ ਪਛਾਣ ਲਾਂਸ ਨਾਇਕ ਪ੍ਰਿਤਪਾਲ ਸਿੰਘ ਤੇ ਸਿਪਾਹੀ ਹਰਮਿੰਦਰ ਸਿੰਘ ਵਜੋਂ ਹੋਈ



**ਸ੍ਰੀਨਗਰ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜੰਮੂ ਕਸ਼ਮੀਰ ਦੇ ਕੁਲਗਾਮ ਜ਼ਿਲ੍ਹੇ ਵਿਚ ਦਹਿਸ਼ਤਗਰਦਾਂ ਨਾਲ ਜਾਰੀ ਮੁਕਾਬਲੇ ਵਿਚ ਲੰਘੀ ਰਾਤ ਸੁਰੱਖਿਆ ਬਲਾਂ ਦੇ ਦੋ ਜਵਾਨ ਸ਼ਹੀਦ ਤੇ ਦੋ ਜਣੇ ਜ਼ਖ਼ਮੀ ਹੋ ਗਏ। ਸ਼ਹੀਦ ਜਵਾਨਾਂ ਦੀ ਪਛਾਣ ਲਾਂਸ ਨਾਇਕ ਪ੍ਰਿਤਪਾਲ ਸਿੰਘ ਤੇ ਸਿਪਾਹੀ ਹਰਮਿੰਦਰ ਸਿੰਘ ਵਜੋਂ ਦੱਸੀ ਗਈ ਹੈ। ਇਨ੍ਹਾਂ ਵਿਚੋਂ ਲਾਂਸ ਨਾਇਕ ਪ੍ਰਿਤਪਾਲ ਸਿੰਘ (28) ਸਮਰਾਲਾ ਨੇੜੇ ਪਿੰਡ ਮਾਨੂਪੁਰ ਜਦੋਂਕਿ ਸਿਪਾਹੀ ਹਰਮਿੰਦਰ ਸਿੰਘ (26) ਫਤਿਹਗੜ੍ਹ ਸਾਹਿਬ ਦੇ ਪਿੰਡ ਬਦੀਨਪੁਰ ਨਾਲ ਸਬੰਧਤ ਹੈ। ਰੱਖੜੀ ਵਾਲੇ ਦਿਨ ਇਹ ਖ਼ਬਰ ਸੁਣ ਕੇ ਦੋਵਾਂ ਪਰਿਵਾਰਾਂ ਅਤੇ ਪੂਰੇ ਪਿੰਡ ਵਿੱਚ ਸੋਗ ਦੀ ਲਹਿਰ ਹੈ। ਦੱਸਿਆ ਜਾ ਰਿਹਾ ਹੈ ਕਿ ਪ੍ਰਿਤਪਾਲ ਸਿੰਘ ਦਾ ਵਿਆਹ ਸਿਰਫ਼ ਚਾਰ ਮਹੀਨੇ ਪਹਿਲਾਂ ਹੀ ਹੋਇਆ ਸੀ।

ਕੁਲਗਾਮ ਜ਼ਿਲ੍ਹੇ ਦੇ ਜੰਗਲੀ ਇਲਾਕੇ ਵਿਚ ਲੁਕੇ ਦਹਿਸ਼ਤਗਰਦਾਂ ਦੀ ਪੈੜ ਨੱਪਣ ਲਈ ਵਿੱਢਿਆ ਆਪਰੇਸ਼ਨ ਅੱਜ 9ਵੇਂ ਦਿਨ ਵਿਚ ਦਾਖ਼ਲ ਹੋ ਗਿਆ ਹੈ। ਫੌਜ ਦੀ ਸ੍ਰੀਨਗਰ ਅਧਾਰਿਤ ਚਿਨਾਰ ਕੋਰ ਨੇ ਐਕਸ ’ਤੇ ਇਕ ਪੋਸਟ ਵਿਚ ਮੁਕਾਬਲੇ ਵਿਚ ਸ਼ਹੀਦ ਹੋਏ ਫੌਜੀ ਜਵਾਨਾਂ ਨੂੰ ਸ਼ਰਧਾਂਜਲੀ ਦਿੱਤੀ ਹੈ।

ਕੋਰ ਨੇ ਕਿਹਾ ਕਿ ਦਹਿਸ਼ਤਗਰਦਾਂ ਖਿਲਾਫ਼ ਵਿੱਢੀ ਕਾਰਵਾਈ ਅਜੇ ਵੀ ਜਾਰੀ ਹੈ। ਸੁਰੱਖਿਆ ਬਲਾਂ ਵੱਲੋਂ 1 ਅਗਸਤ ਨੂੰ ਦੱਖਣੀ ਕਸ਼ਮੀਰ ਜ਼ਿਲ੍ਹੇ ਵਿਚ ਅਖ਼ਲ ਦੇ ਜੰਗਲਾਂ ਨੂੰ ਘੇਰਾ ਪਾ ਕੇ ਵਿੱਢੀ ਤਲਾਸ਼ੀ ਮੁਹਿੰਮ ਦੌਰਾਨ ਹੋਏ ਮੁਕਾਬਲੇ ਵਿਚ ਹੁਣ ਤੱਕ ਦੋ ਦਹਿਸ਼ਤਗਰਦ ਮਾਰੇ ਗਏ ਹਨ। ਸੁਰੱਖਿਆ ਬਲਾਂ ਨੂੰ ਜੰਗਲ ਵਿਚ ਦਹਿਸ਼ਤਗਰਦਾਂ ਦੀ ਮੌਜੂਦਗੀ ਸਬੰਧੀ ਖੁਫ਼ੀਆ ਜਾਣਕਾਰੀ ਮਿਲੀ ਸੀ। ਮਾਰੇ ਗਏ ਦਹਿਸ਼ਤਗਰਦਾਂ ਤੇ ਉਨ੍ਹਾਂ ਦੀ ਜਥੇਬੰਦੀ ਦੀ ਅਜੇ ਤੱਕ ਸ਼ਨਾਖਤ ਨਹੀਂ ਹੋ ਸਕੀ ਹੈ।

ਚਿਨਾਰ ਕੋਰ ਨੇ ਐਕਸ ’ਤੇ ਇਕ ਪੋਸਟ ਵਿਚ ਕਿਹਾ, “ਚਿਨਾਰ ਕੋਰ ਲਾਂਸ ਨਾਇਕ ਪ੍ਰਿਤਪਾਲ ਸਿੰਘ ਤੇ ਸਿਪਾਹੀ ਹਰਮਿੰਦਰ ਸਿੰਘ ਵੱਲੋਂ ਦੇਸ਼ ਲਈ ਸੇਵਾ ਨਿਭਾਉਂਦਿਆਂ ਦਿੱਤੇ ਸਿਖਰਲੇ ਬਲਿਦਾਨ ਦਾ ਸਨਮਾਨ ਕਰਦੀ ਹੈ। ਉਨ੍ਹਾਂ ਦੀ ਦਲੇਰੀ ਤੇ ਸਮਰਪਣ ਸਾਨੂੰ ਹਮੇਸ਼ਾ ਪ੍ਰੇਰਨਾ ਦਿੰਦੀ ਰਹੇਗੀ।” ਥਲ ਸੈਨਾ ਨੇ ਕਿਹਾ ਕਿ ਉਹ ਪੀੜਤ ਪਰਿਵਾਰਾਂ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ। ਕੋਰ ਨੇ ਕਿਹਾ ਕਿ ਅਪਰੇਸ਼ਨ ਅਜੇ ਵੀ ਜਾਰੀ ਹੈ।

ਅਧਿਕਾਰੀਆਂ ਨੇ ਕਿਹਾ ਕਿ ਅੱਧੀ ਰਾਤ ਨੂੰ ਹੋਈ ਫਾਇਰਿੰਗ ਦੌਰਾਨ ਸੁਰੱਖਿਆ ਬਲਾਂ ਦੇ ਦੋ ਹੋਰ ਜਵਾਨ ਜ਼ਖ਼ਮੀ ਹੋ ਗਏ, ਜਿਸ ਨਾਲ ਜ਼ਖ਼ਮੀ ਜਵਾਨਾਂ ਦੀ ਗਿਣਤੀ ਨੌਂ ਹੋ ਗਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਜੰਮੂ-ਕਸ਼ਮੀਰ ਪੁਲੀਸ ਦੇ ਮੁਖੀ ਨਲਿਨ ਪ੍ਰਭਾਤ ਅਤੇ ਫੌਜ ਦੇ ਉੱਤਰੀ ਕਮਾਂਡਰ ਲੈਫਟੀਨੈਂਟ ਜਨਰਲ ਪ੍ਰਤੀਕ ਸ਼ਰਮਾ ਸਮੇਤ ਸੀਨੀਅਰ ਪੁਲੀਸ ਅਤੇ ਫੌਜ ਅਧਿਕਾਰੀ 24 ਘੰਟੇ ਕਾਰਵਾਈ ’ਤੇ ਨੇੜਿਓਂ ਨਜ਼ਰ ਰੱਖ ਰਹੇ ਹਨ। ਸੁਰੱਖਿਆ ਬਲਾਂ ਨੇ ਜੰਗਲੀ ਖੇਤਰ ਵਿੱਚ ਅਤਿਵਾਦੀਆਂ ਦਾ ਪਤਾ ਲਗਾਉਣ ਲਈ ਡਰੋਨ ਅਤੇ ਹੈਲੀਕਾਪਟਰਾਂ ਨੂੰ ਸੇਵਾ ਵਿੱਚ ਲਗਾਇਆ ਹੈ। ਪੈਰਾ ਕਮਾਂਡੋ ਵੀ ਅਤਿਵਾਦੀਆਂ ਨੂੰ ਬੇਅਸਰ ਕਰਨ ਵਿੱਚ ਸੁਰੱਖਿਆ ਬਲਾਂ ਦੀ ਮਦਦ ਕਰ ਰਹੇ ਹਨ।

# ਰੱਖਿਆ ਮੰਤਰਾਲਾ ਚੀਤਾ ਤੇ ਚੇਤਕ ਦੀ ਪੁਰਾਣੀ ਫਲੀਟ ਬਦਲਣ ਲਈ 200 ਹੈਲੀਕਾਪਟਰ ਖਰੀਦੇਗਾ

## ਟੈਂਡਰਿੰਗ ਲਈ ਆਰਐੱਫਆਈ ਜਾਰੀ, 120 ਹੈਲੀਕਾਪਟਰ ਥਲ ਸੈਨਾ ਤੇ 80 ਹਵਾਈ ਸੈਨਾ ਲਈ ਹੋਣਗੇ

**ਨਵੀਂ ਦਿੱਲੀ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਰੱਖਿਆ ਮੰਤਰਾਲਾ (MoD) ਵੱਲੋਂ ਥਲ ਸੈਨਾ ਤੇ ਭਾਰਤੀ ਹਵਾਈ ਸੈਨਾ ਲਈ 200 ਹੈਲੀਕਾਪਟਰਾਂ ਦੀ ਖਰੀਦ ਕੀਤੀ ਜਾਵੇਗੀ, ਜੋ ਛੇ ਦਹਾਕੇ ਪੁਰਾਣੇ ਚੀਤਾ ਅਤੇ ਚੇਤਕ ਹੈਲੀਕਾਪਟਰਾਂ ਦੇ ਬਦਲ ਹੋਣਗੇ। ਮੰਤਰਾਲੇ ਨੇ ਹੈਲੀਕਾਪਟਰਾਂ ਦੀ ਖਰੀਦ ਲਈ ਸ਼ੁੱਕਰਵਾਰ ਨੂੰ RFI (ਜਾਣਕਾਰੀ ਲਈ ਬੇਨਤੀ) ਜਾਰੀ ਕੀਤੀ ਹੈ, ਜੋ ਟੈਂਡਰਿੰਗ ਅਮਲ ਦਾ ਪਹਿਲਾ ਕਦਮ ਹੈ। ਯੋਜਨਾ ਤਹਿਤ ਇਨ੍ਹਾਂ ਵਿੱਚੋਂ 120 ਹੈਲੀਕਾਪਟਰ ਖੋਜ ਅਤੇ ਨਿਗਰਾਨੀ ਦੇ ਮੰਤਵ ਲਈ ਭਾਰਤੀ ਫੌਜ ਦੀ ਏਵੀਏਸ਼ਨ ਕੋਰ ਲਈ ਖਰੀਦੇ ਜਾਣੇ ਹਨ ਜਦੋਂਕਿ ਬਾਕੀ 80 ਹੈਲੀਕਾਪਟਰ ਭਾਰਤੀ ਹਵਾਈ ਸੈਨਾ ਲਈ ਹੋਣਗੇ।

RFI ਹੈਲੀਕਾਪਟਰ ਨਿਰਮਾਤਾਵਾਂ ਨੂੰ ਭਾਰਤੀ ਕੰਪਨੀਆਂ ਨਾਲ ਭਾਈਵਾਲੀ ਕਰਨ ਅਤੇ ਪ੍ਰੋਜੈਕਟ ਲਈ ਬੋਲੀ ਲਗਾਉਣ ਦੀ ਆਗਿਆ ਦਿੰਦਾ ਹੈ, ਪਰ ਹੈਲੀਕਾਪਟਰਾਂ ਦਾ ਨਿਰਮਾਣ ਭਾਰਤ ਵਿੱਚ ਕੀਤੇ ਜਾਣਾ ਜ਼ਰੂਰੀ ਹੋਵੇਗਾ। ਰੱਖਿਆ ਮੰਤਰਾਲੇ ਦਾ ਉਦੇਸ਼ ਸੰਭਾਵੀ ਵਿਕਰੇਤਾਵਾਂ ਦੀ ਪਛਾਣ ਕਰਨਾ ਹੈ



ਜਿਸ ਵਿੱਚ ਇੱਕ ਭਾਰਤੀ ਕੰਪਨੀ ਵੀ ਸ਼ਾਮਲ ਹੈ, ਜੋ ਅਸਲ ਉਪਕਰਣ ਨਿਰਮਾਤਾ ਨਾਲ ਇੱਕ ਸਾਂਝਾ ਉੱਦਮ ਬਣਾਏਗੀ। ਨਿਰਮਾਤਾ ਭਾਰਤੀ ਜਾਂ ਵਿਦੇਸ਼ੀ ਕੰਪਨੀ ਹੋ ਸਕਦੀ ਹੈ। ਵਿਕਰੇਤਾਵਾਂ ਨਾਲ ਇੱਕ ਮਹੀਨੇ ਵਿੱਚ ਇੱਕ ਮੀਟਿੰਗ ਤੈਅ ਕੀਤੀ ਗਈ ਹੈ।

ਇਥੇ ਅਹਿਮ ਹੈ ਕਿ ਰੱਖਿਆ ਮੰਤਰਾਲੇ ਨੇ ਆਪਣੀ ਖੋਜ ਨੂੰ ਇਕਹਿਰੇ (ਸਿੰਗਲ) ਇੰਜਣ ਵਾਲੇ ਹੈਲੀਕਾਪਟਰਾਂ ਤੱਕ ਸੀਮਤ ਨਹੀਂ ਰੱਖਿਆ ਹੈ ਅਤੇ ਟੈਂਡਰਿੰਗ ਦੋ-ਇੰਜਣ (ਡਬਲ ਇੰਜਣ) ਵਾਲੇ ਹੈਲੀਕਾਪਟਰਾਂ ਲਈ ਵੀ ਖੁੱਲ੍ਹੀ ਹੈ। ਇਹ ਹੈਲੀਕਾਪਟਰ ਦਿਨ ਤੇ ਰਾਤ ਵੇਲੇ ਹੇਠ ਲਿਖੀਆਂ ਭੂਮਿਕਾਵਾਂ ਨਿਭਾਉਣ ਦੇ ਸਮਰੱਥ ਹੋਣੇ ਚਾਹੀਦੇ ਹਨ- ਖੋਜ ਤੇ ਨਿਗਰਾਨੀ ਕਰਨਾ; ਵਿਸ਼ੇਸ਼ ਮਿਸ਼ਨਾਂ ਲਈ ਫੌਜਾਂ ਜਾਂ ਕੁਇਕ ਰਿਐਕਸ਼ਨ ਟੀਮਾਂ ਦੀ ਇੱਕ ਛੋਟੀ ਜਿਹੀ ਟੁਕੜੀ ਨੂੰ ਲੈ ਕੇ ਜਾਣ; ਜ਼ਮੀਨੀ ਅਪਰੇਸ਼ਨਾਂ ਵਿਚ ਸਹਾਇਤਾ ਲਈ ਅੰਦਰੂਨੀ ਤੇ ਬਾਹਰੀ ਲੋਡ ਲਿਜਾਣ। ਹਮਲਾਵਰ ਹੈਲੀਕਾਪਟਰਾਂ ਨਾਲ ਮਿਲ ਕੇ ਖੋਜ ਕਾਰਜ ਕਰਨਾ।

ਇਨ੍ਹਾਂ ਹੈਲੀਕਾਪਟਰਾਂ ਦੀ ਵਰਤੋਂ ਗਰਮ ਰੇਗਿਸਤਾਨਾਂ ਜਾਂ ਸਿਆਚਿਨ ਦੇ ਬਰਫ਼ੀਲੇ ਇਲਾਕਿਆਂ ਵਿਚ ਮਨਫੀ ਤਾਪਮਾਨ ਜਿਹੇ ਮੌਸਮ ਵਿੱਚ ਹੋਵੇਗੀ, ਇਸ ਲਈ ਰੱਖਿਆ ਮੰਤਰਾਲੇ ਨੇ ਸਿਆਚਿਨ ਜਾਂ 16,000 ਫੁੱਟ ਤੋਂ ਉੱਪਰ ਦੇ ਖੇਤਰਾਂ ਵਿੱਚ ਕੰਮ ਕਰਦੇ ਸਮੇਂ ਖਾਸ ਭਾਰ ਚੁੱਕਣ ਦੀ ਸਮਰੱਥਾ ਦੀ ਮੰਗ ਕੀਤੀ ਹੈ। ਹੁਣ ਤੱਕ ਥਲ ਸੈਨਾ ਅਤੇ ਭਾਰਤੀ ਹਵਾਈ ਫੌਜ ਪਹਾੜਾਂ ਵਿੱਚ ਸਿੰਗਲ ਇੰਜਣ ਚੀਤਾ ਅਤੇ ਚੇਤਕ ਹੈਲੀਕਾਪਟਰਾਂ ਜਾਂ ਦੋਹਰੇ ਇੰਜਣ ਵਾਲੇ ਐਡਵਾਂਸਡ ਲਾਈਟ ਹੈਲੀਕਾਪਟਰਾਂ (ALH) ਦੀ ਵਰਤੋਂ ਕਰਦੀ ਹੈ। ਚੀਤਾ ਅਤੇ ਚੇਤਕ ਦੇ ਪੁਰਾਣੇ ਹੋ ਰਹੇ ਬੇੜੇ ਕਾਰਨ ਇਨ੍ਹਾਂ 200 ਹੈਲੀਕਾਪਟਰਾਂ ਦੀ ਲੋੜ ਪਈ ਹੈ।

ਚੇਤਕ ਫਰਾਂਸੀਸੀ ਡਿਜ਼ਾਈਨ ਕੀਤੇ ਐਰੋਸਪੇਸ਼ੀਅਲ ਅਲੂਏਟ 999 ’ਤੇ ਅਧਾਰਤ ਹੈ ਅਤੇ ਇਸ ਨੂੰ 1962 ਵਿੱਚ ਭਾਰਤੀ ਫੌਜ ’ਚ ਸ਼ਾਮਲ ਕੀਤਾ ਗਿਆ ਸੀ। ਹਿੰਦੁਸਤਾਨ ਏਅਰੋਨੌਟਿਕਸ ਲਿਮਟਿਡ ਨੇ 1965 ਵਿੱਚ ਲਾਇਸੈਂਸ ਅਧੀਨ ਇਨ੍ਹਾਂ ਦਾ ਨਿਰਮਾਣ ਸ਼ੁਰੂ ਕੀਤਾ ਸੀ। ਸਿੰਗਲ ਇੰਜਣ ਵਾਲਾ ਚੀਤਾ ਐਰੋਸਪੇਸ਼ੀਅਲ SA 3152 ਲਾਮਾ ਤੋਂ ਲਿਆ ਗਿਆ ਹੈ ਅਤੇ 1976 ਵਿੱਚ ਸੇਵਾ ਵਿੱਚ ਦਾਖਲ ਹੋਇਆ ਸੀ। ਹਾਲ ਹੀ ਦੇ ਸਾਲਾਂ ਵਿੱਚ ਕਈ ਘਾਤਕ ਹਾਦਸਿਆਂ ਦੇ ਮੱਦੇਨਜ਼ਰ ਪੁਰਾਣੇ ਹੈਲੀਕਾਪਟਰਾਂ ਨੂੰ ਸੇਵਾਮੁਕਤ ਕਰਨ ਦੀ ਮੰਗ ਜ਼ੋਰ ਫੜ ਗਈ ਹੈ।

ਭਾਰਤੀ ਸੈਨਾ ਏਵੀਏਸ਼ਨ ਕੋਰ ਵੱਲੋਂ ਤਿਆਰ ਕੀਤੇ ਗਏ 246 ਚੀਤਾ/ਚੇਤਕ ਹੈਲੀਕਾਪਟਰਾਂ ਵਿੱਚੋਂ ਇਸ ਵੇਲੇ ਕਰੀਬ 190 ਹੈਲੀਕਾਪਟਰ ਚਲਾਉਂਦੀ ਹੈ। ਇਨ੍ਹਾਂ ਵਿੱਚੋਂ ਕਰੀਬ 30 ਰੱਖ-ਰਖਾਅ ਵਿੱਚ ਹਨ। ਫੌਜ ਅਤੇ ਭਾਰਤੀ ਹਵਾਈ ਸੈਨਾ ਨੂੰ ਮਿਲ ਕੇ 450 ਤੋਂ ਵੱਧ ਹਲਕੇ ਹੈਲੀਕਾਪਟਰਾਂ ਦੀ ਲੋੜ ਹੈ। ਥਲ ਸੈਨਾ ਨੂੰ ਇਨ੍ਹਾਂ ਵਿੱਚੋਂ ਕਰੀਬ 250 ਦੀ ਲੋੜ ਹੋਵੇਗੀ।

ਭਾਰਤੀ ਥਲ ਸੈਨਾ HAL ਤੋਂ 80 ਸਵਦੇਸ਼ੀ ਲਾਈਟ ਯੂਟੀਲਿਟੀ ਹੈਲੀਕਾਪਟਰ ਖਰੀਦਣ ’ਤੇ ਵੀ ਵਿਚਾਰ ਕਰ ਰਹੀ ਹੈ, ਹਾਲਾਂਕਿ, ਜਹਾਜ਼ ਦੇ ਆਟੋਪਾਇਲਟ ਸਿਸਟਮ ਵਿੱਚ ਕੁਝ ਤਕਨੀਕੀ ਸਮੱਸਿਆਵਾਂ ਕਾਰਨ ਡਲਿਵਰੀ ਵਿੱਚ ਦੇਰੀ ਹੋ ਰਹੀ ਹੈ। *”8 ਨੇ 2020 ਵਿੱਚ ਉੱਚ-ਉਚਾਈ ਦੇ ਟਰਾਇਲ ਪੂਰੇ ਕੀਤੇ ਅਤੇ 2021 ਵਿੱਚ ਸ਼ੁਰੂਆਤੀ ਸੰਚਾਲਨ ਕਲੀਅਰੈਂਸ ਪ੍ਰਾਪਤ ਕੀਤੀ।

# ਅਪਰੇਸ਼ਨ ਸਿੰਧੂਰ ਦੌਰਾਨ ਪਾਕਿਸਤਾਨ ਦੇ ਪੰਜ ਲੜਾਕੂ ਜਹਾਜ਼ ਡੇਗੇ: ਹਵਾਈ ਸੈਨਾ ਮੁਖੀ

**ਨਵੀਂ ਦਿੱਲੀ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਹਵਾਈ ਸੈਨਾ ਦੇ ਮੁਖੀ ਏਅਰ ਚੀਫ ਮਾਰਸ਼ਲ ਏਪੀ ਸਿੰਘ ਨੇ ਸ਼ਨਿੱਚਰਵਾਰ ਨੂੰ ਕਿਹਾ ਕਿ ਮਈ ਮਹੀਨੇ ਪਾਕਿਸਤਾਨ ਖਿਲਾਫ਼ ਅਪਰੇਸ਼ਨ ਸਿੰਧੂਰ ਤਹਿਤ ਕੀਤੀ ਕਾਰਵਾਈ ਦੌਰਾਨ ਭਾਰਤ ਨੇ ਆਪਣੀ ਐਸ-400 ਹਵਾਈ ਰੱਖਿਆ ਪ੍ਰਣਾਲੀ ਨਾਲ ਜੈਕਬਾਬਾਦ ਹਵਾਈ ਅੱਡੇ ’ਤੇ ਖੜ੍ਹੇ ਕੁਝ ਐੱਫ16 ਤੋਂ ਇਲਾਵਾ 300 ਕਿਲੋਮੀਟਰ ਦੀ ਦੂਰੀ ’ਤੇ ਪਾਕਿਸਤਾਨੀ ਨਿਗਰਾਨੀ ਜਹਾਜ਼ ਦੇ ਨਾਲ ਪੰਜ ਪਾਕਿਸਤਾਨੀ ਲੜਾਕੂ ਜਹਾਜ਼ਾਂ ਨੂੰ ਹਵਾ ਵਿੱਚ ਫੁੰਡਿਆ ਸੀ। ਹਵਾਈ ਸੈਨਾ ਮੁਖੀ ਬੰਗਲੁਰੂ ਵਿੱਚ ਏਅਰ ਚੀਫ ਮਾਰਸ਼ਲ ਐਲਐਮ ਕਾਤਰੇ ਯਾਦਗਾਰੀ ਭਾਸ਼ਣ ਦੇ ਰਹੇ ਸਨ ਜਿਸ ਵਿਚ ਉਨ੍ਹਾਂ ਨੇ ਆਪ੍ਰੇਸ਼ਨ ਸਿੰਧੂਰ (7-10 ਮਈ) ਦੌਰਾਨ ਆਈਏਐਫ ਦੇ ਕਾਰਜਾਂ ਦਾ ਜ਼ਿਕਰ ਕੀਤਾ। ਹਵਾਈ ਸੈਨਾ ਮੁਖੀ ਨੇ ਕਿਹਾ, “ ਸਾਡੇ ਕੋਲ ਘੱਟੋ-ਘੱਟ ਪੰਜ ਲੜਾਕੂ ਜਹਾਜ਼ਾਂ ਤੇ ਇਕ ਵੱਡੇ ਜਹਾਜ਼ ਨੂੰ ਡੇਗ ਲੈਣ ਦੀ ਪੁਸ਼ਟੀ ਹੋਈ ਹੈ, ਜੋ ਕਿ ਜਾਂ ਤਾਂ ਇੱਕ 5*9©“ ਜਹਾਜ਼ ਜਾਂ ਇੱਕ AEW ×3 ਜਹਾਜ਼ ਹੋ ਸਕਦਾ ਹੈ, ਜਿਸ ਨੂੰ ਕਰੀਬ 300 ਕਿਲੋਮੀਟਰ ਦੀ ਦੂਰੀ ’ਤੇ ਡੇਗਿਆ ਗਿਆ ਸੀ। ਇਹ ਅਸਲ ਵਿੱਚ ਹੁਣ ਤੱਕ ਦਾ ਸਭ ਤੋਂ ਵੱਡਾ ਜ਼ਮੀਨ ਤੋਂ ਹਵਾ ਵਿੱਚ ਮਾਰ ਕਰਨ ਦਾ ਮਾਮਲਾ ਹੈ, ਜਿਸ ਬਾਰੇ ਅਸੀਂ ਗੱਲ ਕਰ ਸਕਦੇ ਹਾਂ।” ਫਿਰ ਉਨ੍ਹਾਂ ਜੈਕਬਾਬਾਦ ਵਿੱਚ ਪਾਕਿ 616 ਬੇਸ ਦਾ ਜ਼ਿਕਰ ਕਰਦੇ ਹੋਏ ਕਿਹਾ, “ਇਹ ਉਨ੍ਹਾਂ ਪ੍ਰਮੁੱਖ ਹਵਾਈ ਅੱਡਿਆਂ ਵਿੱਚੋਂ ਇੱਕ ਸੀ, ਜਿਸ ’ਤੇ ਹਮਲਾ ਕੀਤਾ ਗਿਆ ਸੀ। ਇੱਥੇ ਇੱਕ 6-16 ਹੈਂਗਰ ਹੈ। ਹੈਂਗਰ ਦਾ ਅੱਧਾ ਹਿੱਸਾ ਗਾਇਬ ਹੈ। ਅਤੇ ਮੈਨੂੰ ਯਕੀਨ ਹੈ ਕਿ ਅੰਦਰ ਕੁਝ ਜਹਾਜ਼ ਸਨ ਜੋ ਉੱਥੇ ਨੁਕਸਾਨੇ ਗਏ ਹਨ...। 916 ਨੇ ਘੱਟੋ-ਘੱਟ ਦੋ ਕਮਾਂਡ ਅਤੇ ਕੰਟਰੋਲ ਸੈਂਟਰਾਂ ਨੂੰ ਵੀ ਨਿਸ਼ਾਨਾ ਬਣਾਇਆ, ਜਿਵੇਂ ਕਿ ਮੁਰੀਦ ਅਤੇ ਚਕਲਾਲਾ। ਘੱਟੋ-ਘੱਟ ਛੇ ਰਾਡਾਰ, ਜਿਨ੍ਹਾਂ ਵਿੱਚੋਂ ਕੁਝ ਵੱਡੇ, ਕੁਝ ਛੋਟੇ। ਨਾਲ ਹੀ, ਨਿਗਰਾਨੀ ਜਹਾਜ਼ਾਂ ਲਈ ਘੱਟੋ-ਘੱਟ ਇੱਕ ਹੈਂਗਰ ਅਤੇ ਕੁਝ 6-16 ਦਾ ਸੰਕੇਤ ਹੈ।”




# ਯੂਕਰੇਨ ਸ਼ਾਂਤੀ ਸਮਝੌਤੇ ’ਤੇ ਚਰਚਾ ਲਈ 15 ਅਗਸਤ ਨੂੰ ਅਲਾਸਕਾ ਵਿਚ ਮਿਲਣਗੇ ਟਰੰਪ ਤੇ ਪੂਤਿਨ

**ਵਾਸ਼ਿੰਗਟਨ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਉਹ ਯੂਕਰੇਨ ਸ਼ਾਂਤੀ ਸਮਝੌਤੇ ਉੱਤੇ ਗੱਲਬਾਤ ਕਰਨ ਲਈ 15 ਅਗਸਤ ਨੂੰ ਅਲਾਸਕਾ ਵਿੱਚ ਆਪਣੇ ਰੂਸੀ ਹਮਰੁਤਬਾ ਵਲਾਦੀਮੀਰ ਪੂਤਿਨ ਨਾਲ ਮੁਲਾਕਾਤ ਕਰਨਗੇ। ਟਰੰਪ ਨੇ ਸੋਸ਼ਲ ਮੀਡੀਆ ’ਤੇ ਇਹ ਐਲਾਨ ਉਦੋਂ ਕੀਤਾ ਹੈ ਜਦੋਂ ਉਨ੍ਹਾਂ ਕਿਹਾ ਕਿ ਯੂਕਰੇਨ ਦੇ ਰਾਸ਼ਟਰਪਤੀ ਵਲੋਦੀਮੀਰ ਜ਼ੈਲੇਂਸਕੀ ਸਮੇਤ ਦੋਵੇਂ ਧਿਰਾਂ ਜੰਗਬੰਦੀ ਸਮਝੌਤੇ ਦੇ ਨੇੜੇ ਹਨ। ਉਨ੍ਹਾਂ ਕਿਹਾ ਕਿ ਇਹ ਸਮਝੌਤਾ ਸਾਢੇ ਤਿੰਨ ਸਾਲਾਂ ਦੇ ਸੰਘਰਸ਼ ਨੂੰ ਹੱਲ ਕਰ ਸਕਦਾ ਹੈ, ਜਿਸ ਲਈ ਯੂਕਰੇਨ ਨੂੰ ਮਹੱਤਵਪੂਰਨ ਖੇਤਰ ਛੱਡਣ ਦੀ ਲੋੜ ਹੋ ਸਕਦੀ ਹੈ।

ਟਰੰਪ ਨੇ ਸ਼ੁੱਕਰਵਾਰ ਨੂੰ ਪਹਿਲਾਂ ਵ ?ਾਈਟ ਹਾਊਸ ਵਿਚ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਸੁਝਾਅ ਦਿੱਤਾ ਸੀ ਕਿ ਸਮਝੌਤੇ ਵਿੱਚ ਜ਼ਮੀਨ ਦੀ ਕੁਝ ਅਦਲਾ-ਬਦਲੀ ਸ਼ਾਮਲ ਹੋ ਸਕਦੀ ਹੈ। ਰਿਪਬਲਿਕਨ ਰਾਸ਼ਟਰਪਤੀ ਨੇ ਕਿਹਾ, “ਦੋਵਾਂ ਦੀ ਬਿਹਤਰੀ ਲਈ ਖੇਤਰਾਂ ਦੀ ਕੁਝ ਅਦਲਾ-ਬਦਲੀ ਹੋਵੇਗੀ।”ਬਾਅਦ ਵਿੱਚ ਕਰੈਮਲਿਨ ਨੇ ਆਨਲਾਈਨ



ਬਿਆਨ ਵਿੱਚ ਇਸ ਤਜਵੀਜ਼ਤ ਮੁਲਾਕਾਤ ਦੀ ਪੁਸ਼ਟੀ ਕੀਤੀ।

ਪੂਤਿਨ ਦੇ ਸਹਿਯੋਗੀ ਯੂਰੀ ਉਸ਼ਾਕੋਵ ਨੇ ਕਿਹਾ ਕਿ ਦੋਵੇਂ ਆਗੂ ‘ਯੂਕਰੇਨੀ ਸੰਕਟ ਦੇ ਲੰਮੇ ਸਮੇਂ ਦੇ ਸ਼ਾਂਤੀਪੂਰਨ ਹੱਲ ਨੂੰ ਪ੍ਰਾਪਤ ਕਰਨ ਲਈ ਵਿਕਲਪਾਂ ’ਤੇ ਚਰਚਾ ਕਰਨ ਵੱਲ ਧਿਆਨ ਕੇਂਦਰਤ ਕਰਨਗੇ। ਉਸ਼ਾਕੋਵ ਨੇ ਕਿਹਾ, “ਇਹ ਸਪੱਸ਼ਟ ਤੌਰ ’ਤੇ ਚੁਣੌਤੀਪੂਰਨ ਅਮਲ ਹੋਵੇਗਾ, ਪਰ ਅਸੀਂ ਇਸ ਵਿੱਚ ਸਰਗਰਮੀ ਅਤੇ ਊਰਜਾ ਨਾਲ ਸ਼ਾਮਲ ਹੋਵਾਂਗੇ।”

ਉਧਰ ਸ਼ਰਾਸ਼ਟਰ ਦੇ ਨਾਂ ਆਪਣੇ ਸ਼ਾਮ ਦੇ ਸੰਬੋਧਨ ਵਿੱਚ ਜ਼ੈਲੇਂਸਕੀ ਨੇ ਕਿਹਾ ਕਿ ਜਦੋਂ ਤੱਕ ਰੂਸ ’ਤੇ ਲੋੜੀਂਦਾ ਦਬਾਅ ਪਾਇਆ ਜਾਂਦਾ ਹੈ, ਜੰਗਬੰਦੀ ਪ੍ਰਾਪਤ ਕਰਨਾ ਸੰਭਵ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਵੱਖ-ਵੱਖ ਮੁਲਕਾਂ ਦੇ ਆਗੂਆਂ ਨਾਲ ਇੱਕ ਦਰਜਨ ਤੋਂ ਵੱਧ ਗੱਲਬਾਤ ਕੀਤੀ ਹੈ ਅਤੇ ਉਨ੍ਹਾਂ ਦੀ ਟੀਮ ਅਮਰੀਕਾ ਨਾਲ ਲਗਾਤਾਰ ਸੰਪਰਕ ਵਿੱਚ ਹੈ। ਪੂਤਿਨ ਚਾਰ ਯੂਕਰੇਨੀ ਖੇਤਰਾਂ- ਲੁਹਾਨਸਕ, ਡੋਨੇਤਸਕ, ਜ਼ਾਪੋਰਿਜ਼ਿਜ਼ੀਆ ਅਤੇ ਖੇਰਸਨ- ਦੇ ਨਾਲ-ਨਾਲ ਕਰੀਮੀਆ ਦੇ ਕਾਲੇ ਸਾਗਰ ਪ੍ਰਾਇਦੀਪ ਦਾ ਦਾਅਵਾ ਕਰਦੇ ਹਨ, ਜਿਸਨੂੰ ਉਨ੍ਹਾਂ ਨੇ 2014 ਵਿੱਚ ਆਪਣੇ ਨਾਲ ਮਿਲਾ ਲਿਆ ਸੀ। ਉਨ੍ਹਾਂ ਦੀਆਂ ਫੌਜਾਂ ਇਨ੍ਹਾਂ ਚਾਰ ਖੇਤਰਾਂ ਦੇ ਇਲਾਕਿਆਂ ’ਤੇ ਪੂਰੀ ਤਰ੍ਹਾਂ ਕੰਟਰੋਲ ਨਹੀਂ ਕਰਦੀਆਂ ਹਨ। ਇਸ ਤੋਂ ਪਹਿਲਾਂ ਬਲੂਮਬਰਗ ਨਿਊਜ਼ ਨੇ ਰਿਪੋਰਟ ਦਿੱਤੀ ਸੀ ਕਿ ਅਮਰੀਕਾ ਅਤੇ ਰੂਸੀ ਅਧਿਕਾਰੀ ਇੱਕ ਸਮਝੌਤੇ ਲਈ ਕੰਮ ਕਰ ਰਹੇ ਹਨ ਜਿਸ ਨਾਲ ਫੌਜੀ ਹਮਲੇ ਦੌਰਾਨ ਮਾਸਕੋ ਵੱਲੋਂ ਕਬਜ਼ਾ ਕੀਤੇ ਗਏ ਖੇਤਰਾਂ ’ਤੇ ਪੱਕਾ ਕਬਜ਼ਾ ਹੋ ਜਾਵੇਗਾ। ਵ ?ਾਈਟ ਹਾਊਸ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਬਲੂਮਬਰਗ ਦੀ ਕਹਾਣੀ ਅਟਕਲਾਂ ਸੀ। ਕਰੈਮਲਿਨ ਦੇ ਬੁਲਾਰੇ ਨੇ ਸੰਪਰਕ ਕਰਨ ’ਤੇ ਇਸ ਬਾਰੇ ਕੋਈ ਜਵਾਬ ਨਹੀਂ ਦਿੱਤਾ। ਰਾਇਟਰਜ਼ ਬਲੂਮਬਰਗ ਰਿਪੋਰਟ ਦੇ ਪਹਿਲੂਆਂ ਦੀ ਪੁਸ਼ਟੀ ਕਰਨ ਵਿੱਚ ਅਸਮਰੱਥ ਸੀ।

# ਪੰਜਾਬ ’ਚ ਸਰਹੱਦ ਪਾਰੋਂ ਨਸ਼ਾ ਤਸਕਰੀ ਰੋਕਣ ਲਈ ਐਂਟੀ ਡਰੋਨ ਪ੍ਰਣਾਲੀ ਦੀ ਸ਼ੁਰੂਆਤ



**ਤਰਨਤਾਰਨ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਨੇ ਸਰਹੱਦ ਪਾਰੋਂ ਹੁੰਦੀ ਨਸ਼ਾ ਤਸਕਰੀ ਨਾਲ ਨਜਿੱਠਣ ਲਈ 51.4 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤੀ ‘ਬਾਜ਼ ਅੱਖ’ ’ ਐਂਟੀ ਡਰੋਨ ਪ੍ਰਣਾਲੀ ਲਾਂਚ ਕੀਤੀ ਹੈ। ਇਸ ਨਵੀਂ ਪ੍ਰਣਾਲੀ ਦੀ ਸ਼ੁਰੂਆਤ ਨਾਲ ਪਠਾਨਕੋਟ ਤੋਂ ਲੈ ਕੇ ਫਾਜ਼ਿਲਕਾ ਤੱਕ ਸਾਰਾ ਸਰਹੱਦੀ ਖੇਤਰ ਐਂਟੀ ਡਰੋਨ ਸਿਸਟਮ ਨਾਲ ਲੈਸ ਹੋਵੇਗਾ।

ਅੱਜ ਤਰਨਤਾਰਨ ਵਿਖੇ ਅਰਵਿੰਦ ਕੇਜਰੀਵਾਲ ਜੀ ਨਾਲ ਸਰਹੱਦ ਪਾਰ ਤੋਂ ਹੁੰਦੀ ਨਸ਼ਾ ਤਸਕਰੀ ਨਾਲ ਨਜਿੱਠਣ ਲਈ 51.4 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤੀ ‘ਬਾਜ਼ ਅੱਖ’ ਐਂਟੀ ਡਰੋਨ ਪ੍ਰਣਾਲੀ ਨੂੰ ਲਾਂਚ ਕੀਤਾ।

ਪਠਾਨਕੋਟ ਤੋਂ ਲੈ ਕੇ ਫਾਜ਼ਿਲਕਾ ਤੱਕ ਸਾਰਾ ਸਰਹੱਦੀ ਖੇਤਰ ਐਂਟੀ ਡਰੋਨ ਸਿਸਟਮ ਨਾਲ ਲੈਸ ਹੋਵੇਗਾ। ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ ਜਿਸ ਨੇ ਅੰਤਰਰਾਸ਼ਟਰੀ ਸਰਹੱਦ ’ਤੇ ਇਸ ਪ੍ਰਣਾਲੀ ਨੂੰ ਲਾਗੂ ਕੀਤਾ ਹੈ। ਇਸ ਨਾਲ ਸਰਹੱਦੀ ਸੁਰੱਖਿਆ ਨੂੰ ਹੋਰ ਮਜ਼ਬੂਤੀ ਮਿਲੇਗੀ। ਇਸ ਸਿਸਟਮ ਨੂੰ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਦੇ ਹਿੱਸੇ ਵਜੋਂ ਸ਼ਾਮਲ ਕੀਤਾ ਗਿਆ ਹੈ, ਜਿਸ ਦਾ ਉਦੇਸ਼ ਸਰਹੱਦ ਪਾਰੋਂ ਡਰੋਨਾਂ ਰਾਹੀਂ ਸੂਬੇ ’ਚ ਆਉਂਦੇ ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ ਨੂੰ ਰੋਕਣਾ ਹੈ। ਮੁੱਖ ਮੰਤਰੀ ਭਗਵੰਤ ਮਾਨ ਤੇ ‘ਆਪ’ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਅੱਜ ਹਰੀ ਝੰਡੀ ਦਿਖਾ ਕੇ ਐਂਟੀ ਡਰੋਨ ਪ੍ਰਣਾਲੀ ਦੀ ਸ਼ੁਰੂਆਤ ਕੀਤੀ। ਮੁੱਖ ਮੰਤਰੀ ਮਾਨ ਨੇ ਕਿਹਾ ਕਿ ਅਤਿਵਾਦ ਅਤੇ ਨਸ਼ਿਆਂ ਦੇ ਗੱਠਜੋੜ ਨੂੰ ਜੜ੍ਹੋਂ ਪੁੱਟਣਾ ਪੰਜਾਬ ਸਰਕਾਰ ਦੀ ਤਰਜੀਹ ਹੈ ਅਤੇ ਉਨ੍ਹਾਂ ਦੀ ਸਰਕਾਰ ਇਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਮੌਕੇ ਪੰਜਾਬ ਦੇ ਡੀਜੀਪੀ ਗੌਰਵ ਯਾਦਵ ਵੀ ਮੌਜੂਦ ਸਨ।

# ਡਾ. ਕਮਲਜੀਤ ਸੋਈ ਨੂੰ ਸੜਕ ਸੁਰੱਖਿਆ ਖੇਤਰ ਵਿੱਚ ਉਤਕ੍ਰਿਸ਼ਟ ਯੋਗਦਾਨ ਲਈ ਰੋਡ ਸੇਫਟੀ ਗੁਰੂ ਅਵਾਰਡ ਨਾਲ ਕੀਤਾ ਗਿਆ ਸਨਮਾਨਿਤ :

**ਨਵੀਂ ਦਿੱਲੀ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਵਿੱਚ ਸੜਕ ਸੁਰੱਖਿਆ ਨੂੰ ਉਤਸ਼ਾਹਤ ਕਰਨ ਅਤੇ ਕੀਮਤੀ ਮਨੁੱਖੀ ਜ਼ਿੰਦਗੀਆਂ ਨੂੰ ਬਚਾਉਣ ਲਈ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲੇ ਮਸ਼ਹੂਰ ਸੜਕ ਸੁਰੱਖਿਆ ਵਿਸ਼ੇਸ਼ਗਿਆ ਡਾ. ਕਮਲਜੀਤ ਸੋਈ ਨੂੰ ਰੋਡ ਸੇਫਟੀ ਗੁਰੂ ਅਵਾਰਡ ਨਾਲ ਨਵਾਜਿਆ ਗਿਆ। ਇਹ ਸਨਮਾਨ ਉਨ੍ਹਾਂ ਨੂੰ ਡਿਪਲੋਮੈਟਸ ਐਂਡ ਸਟੇਟਸ ਬਿਜ਼ਨਸ ਫੇਅਰ ਸਮਿੱਟ 2025 ਦੌਰਾਨ ਦਿੱਤਾ ਗਿਆ, ਜੋ ਕਿ ਹੋਟਲ ਲੀ ਮੇਰਿਡੀਅਨ, ਨਵੀਂ ਦਿੱਲੀ ਵਿੱਚ ਆਯੋਜਿਤ ਕੀਤਾ ਗਿਆ। ਇਸ ਪ੍ਰਤਿਸ਼ਠਤ ਸਮਿੱਟ ਵਿੱਚ ਦੇਸ਼-ਵਿਦੇਸ਼ ਤੋਂ ਆਏ ਰਾਜਨਾਇਕਾਂ, ਨੀਤੀ ਨਿਰਧਾਰਕਾਂ, ਉਦਯੋਗਪਤੀਆਂ ਅਤੇ ਸਮਾਜ ਸੇਵਕਾਂ ਨੇ ਹਿਸਾ ਲਿਆ। ਡਾ. ਸੋਈ ਨੂੰ ਇਹ ਸਨਮਾਨ ਭਾਰਤ ਵਿੱਚ ਲੰਬੇ ਸਮੇਂ ਤੋਂ ਕੀਤੇ ਜਾ ਰਹੇ ਉਨ੍ਹਾਂ ਦੇ ਜਾਗਰੂਕਤਾ ਅਭਿਆਨਾਂ, ਤਕਨੀਕੀ ਕਦਮਾਂ ਅਤੇ ਨੀਤੀਮਤ ਸੁਝਾਵਾਂ ਲਈ ਦਿੱਤਾ ਗਿਆ, ਜਿਸ ਨਾਲ ਸੜਕ ਸੁਰੱਖਿਆ ਪ੍ਰਣਾਲੀ ਨੂੰ ਮਜ਼ਬੂਤ ਬਣਾਇਆ ਗਿਆ। ਡਾ. ਸੋਈ ਦੀ ਮਿਹਨਤ ਅਤੇ ਸਮਰਪਣ ਨੂੰ ਪੂਰੀ ਦੁਨੀਆਂ ਨੇ ਮੰਨਤਾ ਦਿੱਤੀ ਹੈ। ਉਨ੍ਹਾਂ ਨੂੰ ਅਜੇ ਤੱਕ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ’ਤੇ 33 ਇਨਾਮ ਮਿਲ ਚੁੱਕੇ ਹਨ, ਜਿਨ੍ਹਾਂ ਵਿੱਚ ਤਿੰਨ ਰਾਜ ਸਤਿਕਾਰਤਾ (ਬ੍ਰੇਵਰੀ) ਅਵਾਰਡ, ਅਮਰੀਕਾ ਤੋਂ ਗੌਡਫ਼ਰੀ ਫਿਲਿਪਸ ਹਿਊਮਨਿਟੇਰੀਅਨ ਅਵਾਰਡ, ਅਤੇ ਬੈਲਜੀਅਮ, ਨੀਦਰਲੈਂਡ ਵਰਗੇ ਦੇਸ਼ਾਂ ਤੋਂ ਪ੍ਰਾਪਤ ਅਨੁਕੂਲਤਮ ਸਨਮਾਨ ਸ਼ਾਮਿਲ ਹਨ।




# ਆਰਜੀ ਕਰ ਘਟਨਾ ’ਚ ਪੁਲਿਸ ਵੱਲੋਂ ਪ੍ਰਦਰਸ਼ਨਕਾਰੀਆਂ ’ਤੇ ਲਾਠੀਚਾਰਜ

## ਸੁਵੇਂਦੂ ਅਧਿਕਾਰੀ ਵੱਲੋਂ ਪੀੜ੍ਹਤਾ ਦੇ ਮਾਤਾ-ਪਿਤਾ ਤੇ ਭਾਜਪਾ ਵਿਧਾਇਕ ਜ਼ਖ਼ਮੀ ਹੋਣ ਦਾ ਦਾਅਵਾ



**ਕੋਲਕਾਤਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਲਿਸ ਨੇ ਇੱਥੇ ਸਰਕਾਰੀ ਆਰਜੀ ਕਰ ਹਸਪਤਾਲ ਵਿੱਚ ਮਹਿਲਾ ਡਾਕਟਰ ਦੀ ਜਬਰ-ਜਨਾਹ ਮਗਰੋਂ ਹੱਤਿਆ ਦੇ ਇੱਕ ਸਾਲ ਪੂਰਾ ਹੋਣ ਮੌਕੇ ਅੱਜ ਪੱਛਮੀ ਬੰਗਾਲ ਸਕੱਤਰੇਤ ਨਾਬੰਨਾ ਤੱਕ ਮਾਰਚ ਦੌਰਾਨ ਕੇਂਦਰੀ ਕੋਲਕਾਤਾ ਦੇ ਪਾਰਕ ਸਟ ?ਰੀਟ ਕ੍ਰਾਸਿੰਗ ’ਤੇ ਪ੍ਰਦਰਸ਼ਨਕਾਰੀਆਂ ਉੱਤੇ ਲਾਠੀਚਾਰਜ ਕੀਤਾ। ਰਾਣੀ ਰਸ਼ਮੋਨੀ ਰੋਡ ਅਸੈਂਬਲੀ ਸਥਾਨ ਤੋਂ ਅੱਗੇ ਨਾ ਵਧਣ ਦੀਆਂ ਪੁਲੀਸ ਦੀਆਂ ਚਿਤਾਵਨੀਆਂ ਨੂੰ ਨਜ਼ਰਅੰਦਾਜ਼ ਕਰਦਿਆਂ ਪ੍ਰਦਰਸ਼ਨਕਾਰੀਆਂ ਨੇ ਵਿਦਿਆਸਾਗਰ ਸੇਤੂ ਵੱਲ ਵਧਣ ਲਈ ਬੈਰੀਕੇਡ ਤੋੜਨ ਦੀ ਕੋਸ਼ਿਸ਼ ਕੀਤੀ, ਜਿਸ ਕਾਰਨ ਤਣਾਅ ਪੈਦਾ ਹੋ ਗਿਆ।

ਵਿਰੋਧੀ ਧਿਰ ਦੇ ਨੇਤਾ ਸੁਵੇਂਦੂ ਅਧਿਕਾਰੀ ਭਾਜਪਾ ਆਗੂ ਅਗਨੀਮਿੱਤਰਾ ਪੌਲ ਅਤੇ ਹੋਰ ਭਾਜਪਾ ਵਿਧਾਇਕਾਂ ਸਮੇਤ ਪਾਰਕ ਸਟ ?ਰੀਟ-ਜੇਐੱਲ ਨਹਿਰੂ ਰੋਡ ਕਰਾਸਿੰਗ ’ਤੇ ਧਰਨਾ ਦਿੱਤਾ ਅਤੇ ਦੋਸ਼ ਲਾਇਆ ਕਿ ਪੁਲੀਸ ਕਾਰਵਾਈ ਵਿੱਚ ਅਧਿਕਾਰੀ ਅਤੇ ਹੋਰ ਭਾਜਪਾ ਆਗੂਆਂ ਸਮੇਤ 100 ਤੋਂ ਵੱਧ ਪ੍ਰਦਰਸ਼ਨਕਾਰੀ ਜ਼ਖ਼ਮੀ ਹੋ ਗਏ।

ਅਧਿਕਾਰੀ ਨੇ ਦਾਅਵਾ ਕੀਤਾ ਕਿ ਲਾਠੀਚਾਰਜ ਵਿੱਚ ਆਰਜੀ ਕਰ ਦੀ ਪੀੜਤਾ ਦੇ ਮਾਤਾ-ਪਿਤਾ ਵੀ ਜ਼ਖ਼ਮੀ ਹੋ ਗਏ ਹਨ। ਅਧਿਕਾਰੀ ਨੇ ਕਿਹਾ, “ਮਮਤਾ ਬੈਨਰਜੀ ਨੂੰ ਇਸ ਦੀ ਭਾਰੀ ਕੀਮਤ ਚੁਕਾਉਣੀ ਪਵੇਗੀ। ਇਹ ਪ੍ਰਦਰਸ਼ਨ ਅੱਗੇ ਹੋਰ ਵੀ ਵੱਡਾ ਹੋਵੇਗਾ।” ਮਾਰਚ ਵਿੱਚ ਹਿੱਸਾ ਲੈ ਰਹੇ ਪ੍ਰਦਰਸ਼ਨਕਾਰੀਆਂ ਦਾ ਇੱਕ ਹਿੱਸਾ ਅੱਜ ਹਾਵੜਾ ਜ਼ਿਲ੍ਹੇ ਵਿੱਚ ਸੰਤਰਾਗਾਚੀ ਵਿੱਚ ਪਹੁੰਚ ਗਿਆ ਅਤੇ ਸਿਟੀ ਪੁਲੀਸ ਵੱਲੋਂ ਲਾਏ ਬੈਰੀਕੇਡਾਂ ਨੂੰ ਤੋੜਨ ਦੀ ਕੋਸ਼ਿਸ਼ ਕੀਤੀ। ‘ਨਾਬੰਨਾ ਚੱਲੋ ਅਭਿਆਨ’ ਵਿੱਚ ਹਿੱਸਾ ਲੈ ਰਹੇ ਪ੍ਰਦਰਸ਼ਨਕਾਰੀਆਂ ਨੇ ਆਰਜੀ ਕਰ ਪੀੜਤਾ ਲਈ ਇਨਸਾਫ਼ ਦੀ ਮੰਗ ਕਰਦਿਆਂ ਨਾਅਰੇਬਾਜ਼ੀ ਵੀ ਕੀਤੀ।

# ਦਿੱਲੀ ਵਿੱਚ ਕੰਧ ਡਿੱਗਣ ਕਾਰਨ ਔਰਤਾਂ ਤੇ ਬੱਚਿਆਂ ਸਣੇ ਸੱਤ ਮੌਤਾਂ



**ਨਵੀਂ ਦਿੱਲੀ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਕੌਮੀ ਰਾਜਧਾਨੀ ਵਿੱਚ ਅੱਜ ਸਵੇਰੇ ਪਏ ਮੀਂਹ ਮਗਰੋਂ ਦੱਖਣ-ਪੂਰਬੀ ਦਿੱਲੀ ਵਿੱਚ ਜੈਤਪੁਰ ਦੇ ਹਰੀ ਨਗਰ ਇਲਾਕੇ ਵਿੱਚ ਕੰਧ ਡਿੱਗਣ ਕਾਰਨ ਦੋ ਬੱਚਿਆਂ ਅਤੇ ਦੋ ਔਰਤਾਂ ਸਮੇਤ ਸੱਤ ਜਣਿਆਂ ਦੀ ਮੌਤ ਹੋ ਗਈ। ਮੰਦਰ ਦੀ ਕੰਧ ਅਚਾਨਕ ਡਿੱਗ ਗਈ ਜਿਸ ਕਾਰਨ ਇਸ ਨੇੜੇ ਝੁੱਗੀਆਂ ਵਿੱਚ ਰਹਿੰਦੇ ਲੋਕ, ਜਿਨ੍ਹਾਂ ਵਿੱਚ ਜ਼ਿਆਦਾਤਰ ਕਬਾੜ ਵੇਚਣ ਵਾਲੇ ਸਨ, ਇਸ ਦੀ ਚਪੇਟ ਵਿੱਚ ਆ ਗਏ।

ਜ਼ਖ਼ਮੀਆਂ ਨੂੰ ਸਫਦਰਜੰਗ ਹਸਪਤਾਲ ਅਤੇ ਏਮਜ਼ ਵਿੱਚ ਦਾਖ਼ਲ ਕਰਵਾਇਆ ਗਿਆ ਜਿਨ੍ਹਾਂ ਦੀ ਇਲਾਜ ਦੌਰਾਨ ਮੌਤ ਹੋ ਗਈ। ਮ੍ਰਿਤਕਾਂ ਵਿੱਚ ਤਿੰਨ ਪੁਰਸ਼, ਦੋ ਔਰਤਾਂ ਅਤੇ ਦੋ ਬੱਚੀਆਂ ਸ਼ਾਮਲ ਸਨ। ਮ੍ਰਿਤਕਾਂ ਦੀ ਪਛਾਣ ਸ਼ਬੀਬੁੱਲ (30), ਰਬੀਬੁੱਲ (30), ਮੁਤੂ ਅਲੀ (45), ਰੂਬੀਨਾ (25), ਡੌਲੀ (25), ਰੁਖਸਾਨਾ (6) ਅਤੇ ਹਸੀਨਾ (7) ਵਜੋਂ ਹੋਈ ਹੈ। ਇਸ ਹਾਦਸੇ ਵਿੱਚ ਹਸ਼ੀਬੁੱਲ ਨਾਮ ਦਾ ਵਿਅਕਤੀ ਜ਼ਖ਼ਮੀ ਹੋ ਗਿਆ। ਪੁਲੀਸ ਨੇ ਕਿਹਾ ਕਿ ਇਹਤਿਆਤ ਵਜੋਂ ਨੇੜਲੀਆਂ ਝੁੱਗੀਆਂ ਨੂੰ ਖ਼ਾਲੀ ਕਰਵਾ ਲਿਆ ਗਿਆ ਹੈ ਅਤੇ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ।

# ਚੋਣ ਕਮਿਸ਼ਨ ਨੇ 334 .ਗੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਨੂੰ ਸੂਚੀ ’ਚੋਂ ਹਟਾਇਆ

**ਨਵੀਂ ਦਿੱਲੀ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਚੋਣ ਕਮਿਸ਼ਨ ਨੇ ਸ਼ਨਿੱਚਰਵਾਰ ਨੂੰ ਕਿਹਾ ਕਿ ਉਸ ਨੇ ਛੇ ਸਾਲਾਂ ਤੋਂ ਵੱਧ ਸਮੇਂ ਤੋਂ ਚੋਣਾਂ ਲੜਨ ਵਿੱਚ ਨਾਕਾਮ ਰਹਿਣ ਅਤੇ ਆਰਪੀ ਐਕਟ, 1951 ਦੀ ਧਾਰਾ 29ਏ ਤਹਿਤ ਲਾਜ਼ਮੀ ਖੁਲਾਸੇ ਦੇ ਨਿਯਮਾਂ ਦੀ ਪਾਲਣਾ ਨਾ ਕੀਤੇ ਜਾਣ ਕਾਰਨ 334 ਰਜਿਸਟਰ ਗ਼ੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ (RUPPs) ਨੂੰ ਸੂਚੀ ਵਿੱਚੋਂ ਹਟਾ ਦਿੱਤਾ ਹੈ। ਇਨ੍ਹਾਂ ਪਾਰਟੀਆਂ ਦੇ ਦਫ਼ਤਰਾਂ ਦਾ ਵੀ ਪਤਾ ਨਹੀਂ ਲੱਗ ਸਕਿਆ।

ਚੋਣ ਕਮਿਸ਼ਨ ਨੇ ਇੱਕ ਬਿਆਨ ਵਿੱਚ ਕਿਹਾ ਕਿ ਇਹ 334 ਰਜਿਸਟਰਡ ਗ਼ੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਦੇਸ਼ ਦੇ ਵੱਖ-ਵੱਖ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨਾਲ ਸਬੰਧਤ ਹਨ।

ਕੁੱਲ 2,854 ਰਜਿਸਟਰਡ ਗੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਵਿੱਚੋਂ ਸੋਧ ਮੁਹਿੰਮ ਮਗਰੋਂ 2,520 ਹੀ ਰਹਿ ਗਈਆਂ ਹਨ।

ਇਸ ਸਮੇਂ ਛੇ ਕੌਮੀ ਪਾਰਟੀਆਂ ਅਤੇ 67 ਸੂਬਾਈ ਪਾਰਟੀਆਂ ਹਨ।

ਸਿਆਸੀ ਪਾਰਟੀਆਂ ਨੂੰ ਹਰ ਛੇ ਸਾਲਾਂ ਵਿੱਚ ਘੱਟੋ-ਘੱਟ ਇੱਕ ਵਾਰ ਚੋਣਾਂ ਲੜਨੀਆਂ ਹੁੰਦੀਆਂ ਹਨ ਅਤੇ ਆਪਣੇ ਨਾਮ, ਪਤੇ ਜਾਂ ਅਹੁਦੇਦਾਰਾਂ ਵਿੱਚ ਕਿਸੇ ਵੀ ਤਬਦੀਲੀ ਬਾਰੇ ਕਮਿਸ਼ਨ ਨੂੰ ਫੌਰੀ ਸੂਚਿਤ ਕਰਨਾ ਹੁੰਦਾ ਹੈ।




ਜੂਨ 2025 ਵਿੱਚ, ਚੋਣ ਕਮਿਸ਼ਨ (539) ਨੇ ਸੂਬੇ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਮੁੱਖ ਚੋਣ ਅਧਿਕਾਰੀਆਂ (CEOs) ਨੂੰ 345 ਰਜਿਸਟਰਡ ਗ਼ੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ (RUPPs) ਦੀ ਪਾਲਣਾ ਦੀ ਪੁਸ਼ਟੀ ਕਰਨ ਦਾ ਨਿਰਦੇਸ਼ ਦਿੱਤਾ ਸੀ।

ਮੁੱਖ ਚੋਣ ਅਧਿਕਾਰੀਆਂ (CEOs) ਨੇ ਜਾਂਚ ਕੀਤੀ, ਕਾਰਨ ਦੱਸੋ ਨੋਟਿਸ ਜਾਰੀ ਕੀਤੇ, ਅਤੇ ਨਿੱਜੀ ਸੁਣਵਾਈ ਦੌਰਾਨ ਧਿਰਾਂ ਨੂੰ ਆਪਣਾ ਪੱਖ ਪੇਸ਼ ਕਰਨ ਦੀ ਇਜਾਜ਼ਤ ਦਿੱਤੀ।

ਤਸਦੀਕ ਦੌਰਾਨ 334 ਰਜਿਸਟਰਡ ਗ਼ੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ (RUPPs) ਵੱਲੋਂ ਨਿਯਮਾਂ ਦੀ ਉਲੰਘਣਾ ਕੀਤੀ ਗਈ, ਜਦੋਂਕਿ ਬਾਕੀ ਕੇਸਾਂ ਨੂੰ ਮੁੜ ਤਸਦੀਕ ਲਈ ਵਾਪਸ ਭੇਜ ਦਿੱਤਾ ਗਿਆ।

ਪੜਤਾਲ ਮਗਰੋਂ ਚੋਣ ਕਮਿਸ਼ਨ (539) ਨੇ ਇਨ੍ਹਾਂ 334 ਰਜਿਸਟਰਡ ਗ਼ੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ (RUPPs) ਨੂੰ ਆਪਣੀ ਸੂਚੀ ਵਿੱਚੋਂ ਹਟਾ ਦਿੱਤਾ। ਇਸ ਤਰ੍ਹਾਂ ਕੁੱਲ ਰਜਿਸਟਰਡ ਪਾਰਟੀਆਂ ਦੀ ਗਿਣਤੀ 2,520 ਰਹਿ ਗਈ।

ਚੋਣ ਕਮਿਸ਼ਨ ਨੇ ਕਿਹਾ ਕਿ ਸੂਚੀ ਤੋਂ ਹਟਾਈਆਂ ਗਈਆਂ ਪਾਰਟੀਆਂ ਹੁਣ 539 ਨਿਯਮਾਂ ਦੇ ਤਹਿਤ ਲਾਭਾਂ ਅਤੇ ਮਾਨਤਾ ਲਈ ਯੋਗ ਨਹੀਂ ਹੋਣਗੀਆਂ।

ਇਹ ਕਦਮ ਚੋਣ ਪ੍ਰਣਾਲੀ ਨੂੰ ਸਾਫ਼-ਸੁਥਰਾ ਬਣਾਉਣ ਅਤੇ ਰਜਿਸਟਰਡ ਸਿਆਸੀ ਸੰਗਠਨਾਂ ਦਰਮਿਆਨ ਵਧੇਰੇ ਜਵਾਬਦੇਹੀ ਯਕੀਨੀ ਬਣਾਉਣ ਲਈ ਚੋਣ ਕਮਿਸ਼ਨ ਦੀ ਵਿਆਪਕ ਅਤੇ ਨਿਰੰਤਰ ਮੁਹਿੰਮ ਦਾ ਹਿੱਸਾ ਹੈ।

# ਕੈਬਨਿਟ ਮੰਤਰੀ ਹਰਜੋਤ ਬੈਂਸ ਵੱਲੋਂ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਜੋੜਿਆਂ ਦੀ ਸੇਵਾ

**ਸ੍ਰੀ ਆਨੰਦਪੁਰ ਸਾਹਿਬ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਲਗਾਈ ਗਈ ਧਾਰਮਿਕ ਸਜ਼ਾ ਨੂੰ ਪੂਰਾ ਕਰਨ ਲਈ ਅੱਜ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਸਵੇਰੇ 8 ਵਜੇ ਦੇ ਕਰੀਬ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਨੰਗੇ ਪੈਰੀਂ ਪੁੱਜੇ। ਉਨ੍ਹਾਂ ਵੱਲੋਂ ਸਭ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕ ਕੇ ਗੁਰੂ ਚਰਨਾਂ ਵਿੱਚ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਉਪਰੰਤ ਉਨ੍ਹਾਂ ਗੁਰਦੁਆਰਾ ਸਾਹਿਬ ਦੇ ਜੋੜੇ ਘਰ ਵਿੱਚ ਇੱਕ ਘੰਟੇ ਜੋੜੇ ਝਾੜਨ ਦੀ ਸੇਵਾ ਕੀਤੀ।



ਸ੍ਰੀ ਆਨੰਦਪੁਰ ਸਾਹਿਬ ਵਿਖੇ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਨਤਮਸਤਕ ਹੁੰਦੇ ਹੋਏ ਮੰਤਰੀ ਹਰਜੋਤ ਬੈਂਸ। ਗੌਰਤਲਬ ਹੈ ਕਿ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵੱਲੋਂ ਸ੍ਰੀਨਗਰ ਵਿਚ ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਪ੍ਰੋਗਰਾਮ ਵਿੱਚ ਪੰਜਾਬੀ ਕਲਾਕਾਰ ਵੱਲੋਂ ਗੀਤ ਗਾਉਣ ਤੇ ਕੁਝ ਲੋਕਾਂ ਵੱਲੋਂ ਭੰਗੜੇ ਪਾਏ ਜਾਣ ਦਾ ਨੋਟਿਸ ਲੈਂਦਿਆਂ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਮੰਤਰੀ ਹਰਜੋਤ ਬੈਂਸ ਨੂੰ ਤਲਬ ਕਰਕੇ ਧਾਰਮਿਕ ਸਜ਼ਾ ਲਗਾਈ ਗਈ ਸੀ। ਮੰਤਰੀ ਹਰਜੋਤ ਬੈਂਸ ਵੱਲੋਂ ਭਲਕੇ 10 ਅਗਸਤ ਨੂੰ ਵੀ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਇੱਕ ਘੰਟਾ ਜੋੜੇ ਝਾੜਨ ਦੀ ਸੇਵਾ ਕੀਤੀ ਜਾਵੇਗੀ। ਸੇਵਾ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੰਤਰੀ ਹਰਜੋਤ ਬੈਂਸ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਬਖਸ਼ੀ ਗਈ ਸੇਵਾ ਨੂੰ ਉਹ ਗੁਰੂ ਸਾਹਿਬ ਦੇ ਆਸ਼ੀਰਵਾਦ ਨਾਲ ਇੰਨ-ਬਿੰਨ ਪੂਰੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਨਸਾਨ ਭੁੱਲਣਹਾਰ ਤੇ ਪ੍ਰਮਾਤਮਾ ਬਖਸ਼ਣਹਾਰ ਹੈ।

# ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਨੇ ਕਰਵਾਇਆ ਕਰੀਅਰ ਗਾਈਡੈਂਸ ਪ੍ਰੋਗਰਾਮ

**ਹੁਸ਼ਿਆਰਪੁਰ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਰਮਨਦੀਪ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ-ਕਮ-ਮਾਡਲ ਕਰੀਅਰ ਸੈਂਟਰ ਹੁਸ਼ਿਆਰਪੁਰ ਵੱਲੋਂ ਡੀ.ਏ.ਵੀ. ਸੀਨੀਅਰ ਸੈਕੰਡਰੀ ਸਕੂਲ ਦਸੂਹਾ ਵਿਖੇ ਗਿਆਰਵੀਂ ਅਤੇ ਬਾਰ੍ਹਵੀਂ ਦੇ ਵਿਦਿਆਰਥੀਆਂ ਲਈ ਉਨ੍ਹਾਂ ਦੇ ਭਵਿੱਖ ਦੇ ਕਰੀਅਰ ਚੋਣ ਸਬੰਧੀ ਕਰੀਅਰ ਗਾਈਡੈਂਸ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਕਰੀਅਰ ਗਾਈਡੈਂਸ ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ ਯੰਗ ਪ੍ਰੋਫੈਸ਼ਨਲ ਵਿਰਕਮ ਸਿੰਘ ਨੇ ਵਿਦਿਆਰਥੀਆਂ ਨੂੰ ਰੋਜ਼ਗਾਰ ਬਿਊਰੋ ਦੀ ਮਹੱਤਤਾ ਬਾਰੇ ਦੱਸਦੇ ਹੋਏ ਰੋਜ਼ਗਾਰ ਬਿਊਰੋ ਰਾਹੀਂ ਦਿੱਤੀਆਂ ਜਾਂਦੀਆਂ ਸਹੂਲਤਾਂ ਜਿਵੇਂ ਕਿ ਬੱਚਿਆਂ ਦੇ ਭਵਿੱਖ ਦੇ ਕਰੀਅਰ ਲਈ ਕੀਤੀ ਜਾਂਦੀ ਕਰੀਅਰ ਕਾਊਂਸਲਿੰਗ, ਵੱਖ-ਵੱਖ ਸਟ ?ੀਮਾਂ ਦੀ ਪੜ੍ਹਾਈ, ਆਈ.ਟੀ.ਆਈ ਕੋਰਸ, ਡਿਪਲੋਮਾ ਅਤੇ ਡਿਗਰੀ ਕੋਰਸਾਂ ਬਾਰੇ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਪਲੇਸਮੈਂਟ ਸੈੱਲ ਦੁਆਰਾ ਕੀਤੇ ਜਾਂਦੇ ਨੌਕਰੀਆਂ ਦੇ ਉਪਰਾਲੇ, ਰੋਜ਼ਗਾਰ ਬਿਊਰੋ ਰਾਹੀਂ ਦਿੱਤੀ ਜਾਂਦੀ ਮੁਫ਼ਤ ਇੰਟਰਨੈੱਟ ਸੁਵਿਧਾ, ਸਵੈ-ਰੋਜ਼ਗਾਰ ਸਕੀਮਾਂ ਅਤੇ ਸ਼ਾਰਟ-ਟਰਮ ਤਕਨੀਕੀ ਕੋਰਸਾਂ ਬਾਰੇ ਵੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸੇ ਤਰ੍ਹਾਂ ਪੰਜਾਬ ਸਰਕਾਰ ਦੀਆਂ ਵੱਖ-ਵੱਖ ਨੌਕਰੀਆਂ ਅਤੇ ਬੈਂਕਿੰਗ ਸੈਕਟਰ ਦੀਆਂ ਨੌਕਰੀਆਂ ਬਾਰੇ ਵੀ ਜਾਣਕਾਰੀ ਦਿੱਤੀ। ਯੰਗ ਪ੍ਰੋਫੈਸ਼ਨਲ ਨੇ ਵਿਦਿਆਰਥੀਆਂ ਨੂੰ ਨੈਸ਼ਨਲ ਕਰੀਅਰ ਸਰਵਿਸਜ਼ ਪੋਰਟਲ ’ਤੇ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ, ਵਿਦਿਆਰਥੀਆਂ ਨੂੰ ਰੋਜ਼ਗਾਰ ਦਫ਼ਤਰ ਦੀ ਮੋਬਾਇਲ ਐਪ ਡੀ ਬੀ ਈ ਆਨਲਾਈਨ ਗੂਗਲ ਪਲੇਅ ਸਟੋਰ ਰਾਹੀਂ ਡਾਊਨਲੋਡ ਕਰਕੇ ਘਰ ਬੈਠੇ ਹੀ ਪ੍ਰਾਈਵੇਟ ਨੌਕਰੀਆਂ ਦੀ ਭਰਤੀ ਅਤੇ ਸਰਕਾਰੀ ਨੌਕਰੀਆਂ ਦੀ ਜਾਣਕਾਰੀ ਲੈਣ ਬਾਰੇ ਦੱਸਿਆ। ਵਿਦਿਆਰਥੀਆਂ ਨੂੰ ਆਪਣੇ ਭਵਿੱਖ ਦੇ ਕਰੀਅਰ ਸਬੰਧੀ ਹੁਣ ਤੋਂ ਹੀ ਆਪਣੀ ਪਲੈਨਿੰਗ ਬਣਾਉਣ ਲਈ ਕਿਹਾ ਗਿਆ ਅਤੇ ਜੇਕਰ ਕੋਈ ਮੁਸ਼ਕਲ ਆਉਂਦੀ ਹੈ ਤਾਂ ਰੋਜ਼ਗਾਰ ਬਿਊਰੋ ਨਾਲ ਸੰਪਰਕ ਕਰਨ ਲਈ ਕਿਹਾ ਗਿਆ। ਇਸ ਤੋਂ ਇਲਾਵਾ ਫੂਡ ਕਰਾਫਟ ਇੰਸਟੀਚਿਊਟ ਹੁਸ਼ਿਆਰਪੁਰ ਦੇ ਜ਼ਿਲ੍ਹਾ ਕੋਆਰਡੀਨੇਟਰ ਅਸ਼ਵਨੀ ਕੁਮਾਰ ਕੁੰਡਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਕਿੱਤਾ ਮੁਖੀ ਕੋਰਸ ਕਰਨ ਤੋਂ ਬਾਅਦ ਵਿਦਿਆਰਥੀ ਆਪਣਾ ਕੰਮ ਸਥਾਪਤ ਕਰਕੇ ਦੂਜਿਆਂ ਨੂੰ ਵੀ ਰੋਜ਼ਗਾਰ ਦੇਣ ਦੇ ਕਾਬਲ ਹੋ ਸਕਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਦੱਸਿਆ ਕਿ ਫੂਡ ਕਰਾਫਟ ਇੰਸਟੀਚਿਊਟ ਵਿਖੇ ਡਿਪਲੋਮਾ ਅਤੇ ਡਿਗਰੀ ਕੋਰਸ ਕਰਵਾਏ ਜਾਂਦੇ ਹਨ ਅਤੇ ਇਨ੍ਹਾਂ ਕੋਰਸਾਂ ਨੂੰ ਕਰਨ ਤੋਂ ਬਾਅਦ ਵਿਦਿਆਰਥੀ ਆਤਮ-ਨਿਰਭਰ ਬਣ ਸਕਦੇ ਹਨ।

# ਪੁਰਾਣੀ ਦਿੱਲੀ ਰੇਲਵੇ ਸਟੇਸ਼ਨ ਦਾ ਨਾਂ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਂ ’ਤੇ ਰੱਖਿਆ ਜਾਵੇ : ਵਿਕਰਮ ਸਾਹਨੀ

ਚੰਡੀਗੜ੍ਹ 10 ਅਗਸਤ। ਪੰਜਾਬ ਤੋਂ ਰਾਜ ਸਭਾ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਸੰਸਦ ’ਚ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਨੌਵੇਂ ਸਿੱਖ ਗੁਰੂ ਸਾਹਿਬਾਨ ਦੀ ਬੇਮਿਸਾਲ ਕੁਰਬਾਨੀ ਬਦਲੇ ਆਦਰ ਵਜੋਂ ਪੁਰਾਣੀ ਦਿੱਲੀ ਰੇਲਵੇ ਸਟੇਸ਼ਨ ਦਾ ਨਾਂ ਸ੍ਰੀ ਗੁਰੂ ਤੇਗ ਬਹਾਦਰ ਰੇਲਵੇ ਸਟੇਸ਼ਨ ਰੱਖਿਆ ਜਾਵੇ। ਡਾ. ਸਾਹਨੀ ਨੇ ਯਾਦ ਕਰਵਾਉ ਦਿਆਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਹਿੰਦ ਦੀ ਚਾਦਰ



ਵਜੋਂ ਜਾਣਿਆ ਜਾਂਦਾ ਹੈ। ਉਨ੍ਹਾਂ ਨੇ 1675 ’ਚ ਆਪਣੇ ਧਰਮ ਲਈ ਨਹੀਂ, ਸਗੋਂ ਮਨੁੱਖੀ ਅਧਿਕਾਰਾਂ ਅਤੇ ਧਰਮ ਦੀ ਆਜ਼ਾਦੀ ਦੀ ਰੱਖਿਆ ਲਈ ਸ਼ਹਾਦਤ ਦਿੱਤੀ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵਿਸ਼ਵ ਦੇ ਇਤਿਹਾਸ ’ਚ ਮਨੁੱਖੀ ਅਧਿਕਾਰਾਂ ਲਈ ਦਰਜ ਹੋਈ ਪਹਿਲੀ ਕੁਰਬਾਨੀ ਹੈ। ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਵਿਖੇ ਉਨ੍ਹਾਂ ਦੀ ਸ਼ਹਾਦਤ ਦੇ ਪਵਿੱਤਰ ਸਥਾਨ ਦੇ ਨੇੜੇ ਸਥਿਤ ਪੁਰਾਣੀ ਦਿੱਲੀ ਰੇਲਵੇ ਸਟੇਸ਼ਨ ਦਾ ਨਾਂ ਬਦਲ ਕੇ ਗੁਰੂ ਸਾਹਿਬ ਦੇ ਨਾਂ ਤੇ ਰੱਖਣਾ ਇੱਕ ਢੁਕਵੀਂ ਸ਼ਰਧਾਂਜਲੀ ਹੋਵੇਗੀ। ਇਤਿਹਾਸਕ ਅਤੇ ਨੈਤਿਕ ਮਹੱਤਵ ’ਤੇ ਰੌਸ਼ਨੀ ਪਾਉਂਦਿਆਂ ਡਾ. ਸਾਹਨੀ ਨੇ ਸਦਨ ਨੂੰ ਮੁਗਲ ਸ਼ਾਸਕ ਔਰੰਗਜ਼ੇਬ ਦੀ ਹਕੂਮਤ ਦੌਰਾਨ ਹੋਏ ਅੱਤਿਆਚਾਰਾਂ ਅਤੇ ਉਸ ਹਿੰਮਤ ਦੀ ਯਾਦ ਦਿਵਾਈ, ਜਿਸ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਜਬਰੀ ਧਰਮ ਪਰਿਵਰਤਨ ਵਿਰੁੱਧ ਖੜ੍ਹੇ ਹੋਏ ਸਨ। ਉਨ੍ਹਾਂ ਕਿਹਾ ਕਿ ਇਹ ਨਾਮਕਰਨ ਸਿਰਫ਼ ਪ੍ਰਤੀਕਾਤਮਕ ਨਹੀਂ ਹੋਵੇਗਾ, ਸਗੋਂ ਇਹ ਭਾਰਤ ਦੀ ਧਾਰਮਿਕ ਆਜ਼ਾਦੀ, ਸਹਿਣਸ਼ੀਲਤਾ ਅਤੇ ਵਿਭਿੰਨਤਾ ਵਿੱਚ ਏਕਤਾ ਪ੍ਰਤੀ ਵਚਨਬੱਧਤਾ ਦੀ ਪੁਸ਼ਟੀ ਕਰੇਗਾ।

## ਫਿਰੋਜ਼ਪੁਰ ਜ਼ਿਲ੍ਹੇ ’ਚ 9 ਥਾਣਾ ਇੰਚਾਰਜ ਇੱਧਰੋਂ-ਉਧਰ

ਫਿਰੋਜ਼ਪੁਰ 10 ਅਗਸਤ। ਐੱਸ. ਐੱਸ. ਪੀ. ਭੁਪਿੰਦਰ ਸਿੰਘ ਸਿੱਧੂ ਵੱਲੋਂ ਫਿਰੋਜ਼ਪੁਰ ਜ਼ਿਲ੍ਹੇ ’ਚ 9 ਥਾਣਾ ਇੰਚਾਰਜਾਂ ਦੇ ਤਬਾਦਲੇ ਕੀਤੇ ਗਏ ਹਨ। ਇਨ੍ਹਾਂ ’ਚ ਇੰਸਪੈਕਟਰ ਜਸਵਿੰਦਰ ਸਿੰਘ ਐੱਸ. ਐੱਚ. ਓ. ਥਾਣਾ ਗੁਰੂਹਰਸਹਾਏ ਨੂੰ ਐੱਸ. ਐੱਚ. ਓ. ਥਾਣਾ ਸਦਰ ਜ਼ੀਰਾ ਅਤੇ ਇੰਸਪੈਕਟਰ ਗੁਰਮੀਤ ਸਿੰਘ ਐੱਸ. ਐੱਚ. ਓ. ਥਾਣਾ ਕੁਲਗੜ੍ਹੀ ਨੂੰ ਐੱਸ. ਐੱਚ. ਓ. ਥਾਣਾ ਸਿਟੀ ਜ਼ੀਰਾ ਵਜੋਂ ਤਬਦੀਲ ਕੀਤਾ ਗਿਆ ਹੈ। ਸਬ ਇੰਸਪੈਕਟਰ ਬਲਜਿੰਦਰ ਸਿੰਘ ਐੱਸ. ਐੱਚ. ਓ. ਥਾਣਾ ਸਦਰ ਜ਼ੀਰਾ ਨੂੰ ਐੱਸ. ਐੱਚ. ਓ. ਥਾਣਾ ਕੁਲਗੜ੍ਹੀ, ਸਬ




ਇੰਸਪੈਕਟਰ ਲੋਕਲ/ਬਲਜਿੰਦਰ ਸਿੰਘ ਐੱਸ. ਐੱਚ. ਓ. ਥਾਣਾ ਸਿਟੀ ਜ਼ੀਰਾ ਨੂੰ ਐੱਸ. ਐੱਚ. ਓ. ਥਾਣਾ ਗੁਰੂਹਰਸਹਾਏ ਅਤੇ ਗੁਰਪ੍ਰੀਤ ਸਿੰਘ ਐੱਸ. ਐੱਚ. ਓ. ਥਾਣਾ ਘਲਖੁਰਦ ਨੂੰ ਐੱਸ. ਐੱਚ. ਓ. ਥਾਣਾ ਮਮਦੋਟ ਵਜੋਂ ਤਬਦੀਲ ਕੀਤਾ ਗਿਆ ਹੈ। ਤਬਾਦਲਿਆਂ ’ਚ ਇੰਸਪੈਕਟਰ ਬਲਰਾਜ ਸਿੰਘ, ਜਿਨ੍ਹਾਂ ਕੋਲ ਐੱਸ. ਐੱਚ. ਓ. ਤਲਵੰਡੀ ਭਾਈ ਦੇ ਨਾਲ ਥਾਣਾ ਸਾਈਬਰ ਕ੍ਰਾਈਮ ਦਾ ਚਾਰਜ ਵੀ ਸੰਭਾਲ ਰਹੇ ਸਨ, ਨੂੰ ਇੰਚਾਰਜ ਥਾਣਾ ਸਾਈਬਰ ਕ੍ਰਾਈਮ ਫਿਰੋਜ਼ਪੁਰ ਵਜੋਂ ਤਬਦੀਲ ਕੀਤਾ ਗਿਆ ਹੈ। ਇੰਸਪੈਕਟਰ/ਲੋਕਲ ਗੁਰਵਿੰਦਰ ਸਿੰਘ ਐੱਸ. ਐੱਚ. ਓ. ਥਾਣਾ ਮਮਦੋਟ ਨੂੰ ਬਦਲ ਕੇ ਐੱਸ. ਐੱਚ. ਓ. ਥਾਣਾ ਸਦਰ ਫਿਰੋਜ਼ਪੁਰ, ਸਬ ਇੰਸਪੈਕਟਰ ਦਵਿੰਦਰ ਸਿੰਘ, ਐਡੀਸ਼ਨਲ ਐੱਸ. ਐੱਚ. ਓ., ਗੁਰੂਹਰਸਹਾਏ ਨੂੰ ਬਦਲ ਕੇ ਐੱਸ. ਐੱਚ. ਓ. ਤਲਵੰਡੀ ਭਾਈ ਅਤੇ ਸਬ ਇੰਸਪੈਕਟਰ ਤਰਸੇਮ ਸ਼ਰਮਾ ਐਡੀਸ਼ਨਲ ਐੱਸ. ਐੱਚ. ਓ. ਥਾਣਾ ਸਦਰ ਫਿਰੋਜ਼ਪੁਰ ਨੂੰ ਬਦਲ ਕੇ ਐੱਸ. ਐੱਚ. ਓ. ਘੱਲ ਖੁਰਦ ਲਾਇਆ ਗਿਆ ਹੈ।

# ਗੁਰੂ ਨਾਨਕ ਦੇਵ ਹਸਪਤਾਲ ’ਚ ਮਰੀਜ਼ ਨਾਲ ਹੈਰਾਨੀਜਨਕ ਕਾਰਾ, ਨਰਸ ਬੋਲੀ- ‘ਗਲਤੀ ਤਾਂ ਹੋ ਹੀ ਜਾਂਦੀ ਹੈ’

**ਕੌਮੀ ਪਤ੍ਰਿਕਾ**
**ਸਿੰਮੀ ਕੌਰ ਬੱਬਰ**

ਅੰਮ੍ਰਿਤਸਰ 10 ਅਗਸਤ। ਗੁਰੂ ਨਾਨਕ ਦੇਵ ਹਸਪਤਾਲ ਦੇ ਆਈ. ਸੀ. ਯੂ. ਵਿਚ ਮਰੀਜ਼ ਦੀ ਜਾਨ ਨਾਲ ਖਿਲਵਾੜ ਹੋਇਆ ਹੈ। ਮਰੀਜ਼ ਦੇ ਬਲੱਡ ਸੈਂਪਲ ਲੈ ਕੇ ਉਸ ’ਤੇ ਕਿਸੇ ਹੋਰ ਮਰੀਜ਼ ਦਾ ਨਾਂ ਦਰਜ ਕਰ ਕੇ ਟੈਸਟਿੰਗ ਲਈ ਮਰੀਜ਼ ਦੇ ਵਾਰਿਸਾਂ ਨੂੰ ਲੈਬੋਰੇਟਰੀ ਵਿਚ ਭੇਜਿਆ ਗਿਆ। ਇਕ ਵਾਰ ਨਹੀਂ ਬਲਕਿ ਦੋ ਵਾਰ ਉਕਤ ਗਲਤੀ ਨੂੰ ਦੁਹਰਾਇਆ ਗਿਆ ਹੈ। ਤੀਸਰੀ ਵਾਰ ਮੁੜ ਸਹੀ ਸੈਂਪਲ ਲੈ ਕੇ ਮਰੀਜ਼ ਦਾ ਵਾਰਿਸ ਬਲੱਡ ਸੈਂਪਲ ਟੈਸਟਿੰਗ ਕਰਵਾਉਣ ਲਈ ਲੈਬੋਰੇਟਰੀ ਵਿਚ ਪੁੱਜੇ। ਵਾਰਿਸਾਂ ਨੇ ਜਦੋਂ ਸਟਾਫ ਨਰਸ ਨੂੰ ਵਾਰ-ਵਾਰ ਗਲਤ ਸੈਂਪਲ ਦੇਣ ਬਾਰੇ ਕਿਹਾ ਤਾਂ ਅੱਗਿਓਂ ਸਟਾਫ ਨਰਸ ਨੇ ਕਿਹਾ ਕਿ ਫਿਰ ਕੀ ਹੋ ਗਿਆ ਗਲਤੀ ਤਾਂ ਹੋ ਹੀ ਜਾਂਦੀ ਹੈ। ਆਈ. ਸੀ. ਯੂ. ਵਿਚ ਇੰਨੀ ਵੱਡੀ ਘੋਰ ਲਾਪ੍ਰਵਾਹੀ ਨੇ ਇਕ ਵਾਰ ਫਿਰ ਸਰਕਾਰੀ ਪ੍ਰਬੰਧਾਂ ਦੀ ਕਾਰਗੁਜ਼ਾਰੀ ’ਤੇ ਪ੍ਰਸ਼ਨ ਚਿੰਨ ਲਾ ਦਿੱਤਾ ਹੈ। ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਵਲੋਂ ਗੁਰੂ ਨਾਨਕ ਦੇਵ ਹਸਪਤਾਲ ਨੂੰ ਅਤਿ-ਆਧੁਨਿਕ ਤਕਨੀਕਾਂ ਨਾਲ ਲੈਸ ਕਰਾਰ ਦਿੱਤਾ ਗਿਆ ਹੈ ਅਤੇ ਬਿਹਤਰੀਨ ਇਲਾਜ ਲਈ ਸਰਕਾਰੀ ਦਾਅਵੇ ਵੀ ਵੱਡੇ-ਵੱਡੇ ਕੀਤੇ ਜਾ ਰਹੇ ਹਨ ਪਰ ਅਫਸੋਸ ਦੀ ਗੱਲ ਹੈ ਕਿ ਹਸਪਤਾਲ ਦੇ ਆਈ. ਸੀ. ਯੂ. ਵਿਚ ਮਰੀਜ਼ ਦੇ ਇਲਾਜ ਵਿਚ ਘੋਰ ਲਾਪ੍ਰਵਾਹੀ ਸਾਹਮਣੇ ਆਈ ਹੈ। ਮਰੀਜ਼ ਦੇ ਵਾਰਿਸ ਨੇ ਦੱਸਿਆ ਕਿ ਉਨ੍ਹਾਂ ਦਾ ਮਰੀਜ਼ ਆਈ. ਸੀ. ਯੂ. ਵਿਚ ਜ਼ੇਰੇ ਇਲਾਜ ਹੈ। ਮਰੀਜ਼ ਦੇ ਮਹੱਤਵਪੂਰਨ ਟੈਸਟ ਹੋਣੇ ਸੀ, ਇਸ ਲਈ ਲੈਬੋਰੇਟਰੀ ਟੈਸਟਾਂ ਲਈ ਆਈ. ਸੀ. ਯੂ. ਵਿਚ ਤਾਇਨਾਤ ਸਟਾਫ




ਨਰਸ ਵਲੋਂ ਉਨ੍ਹਾਂ ਦੇ ਸਾਹਮਣੇ ਮਰੀਜ਼ ਦਾ ਬਲੱਡ ਲੈ ਕੇ ਸੈਂਪਲ ਟੈਸਟਿੰਗ ਲਈ ਉਨ੍ਹਾਂ ਨੂੰ ਸੈਂਪਲ ਦਿੱਤਾ ਗਿਆ। ਜਦੋਂ ਉਹ ਟੈਸਟਿੰਗ ਲਈ ਸੈਂਪਲ ਦੇਣ ਲਈ ਲੈਬੋਰੇਟਰੀ ਵਿਚ ਗਏ ਤਾਂ ਉਥੇ ਤਾਇਨਾਤ ਮੁਲਾਜ਼ਮ ਨੇ ਕਿਹਾ ਕਿ ਤੁਹਾਡੇ ਮਰੀਜ਼ ਦਾ ਕੀ ਨਾਂ ਹੈ। ਜਦੋਂ ਉਸ ਨੇ ਮਰੀਜ਼ ਦਾ ਨਾਂ ਪੁੱਛਿਆ ਤਾਂ ਸੈਂਪਲ ’ਤੇ ਕਿਸੇ ਹੋਰ ਮਰੀਜ਼ ਦਾ ਨਾਂ ਲਿਖਿਆ ਹੋਇਆ ਸੀ ਤਾਂ ਲੈਬੋਰੇਟਰੀ ਵਿਚ ਤਾਇਨਾਤ ਮੁਲਾਜ਼ਮ ਵਲੋਂ ਸੈਂਪਲ ਮੁੜ ਲਿਆਉਣ ਲਈ ਉਨ੍ਹਾਂ ਨੂੰ ਕਿਹਾ ਗਿਆ। ਜਦੋਂ ਉਹ ਆਈ. ਸੀ. ਯੂ. ਵਿਚ ਮੁੜ ਸਟਾਫ ਨਰਸ ਕੋਲੋਂ ਸੈਂਪਲ ਲੈਣ ਗਏ ਤਾਂ ਦੁਬਾਰਾ ਮਰੀਜ਼ ਦੀ ਬਾਂਹ ਵਿਚੋਂ ਬਲੱਡ ਲੈ ਕੇ ਸੈਂਪਲ ਉਨ੍ਹਾਂ ਨੂੰ ਸਟਾਫ ਨਰਸ ਵਲੋਂ ਦਿੱਤਾ ਗਿਆ। ਜਦੋਂ ਉਹ ਦੁਬਾਰਾ ਲੈਬੋਰੇਟਰੀ ਵਿਚ ਗਏ ਤਾਂ ਮੁੜ ਗਲਤ ਨਾਂ ਦਰਜ ਕਰ ਕੇ ਸੈਂਪਲ ਦਿੱਤਾ ਗਿਆ, ਜਿਸ ਕਾਰਨ ਲੈਬੋਰੇਟਰੀ ਮੁਲਾਜ਼ਮ ਵਲੋਂ ਵਾਪਸ ਉਨ੍ਹਾਂ ਨੂੰ ਫਿਰ ਸਹੀ ਸੈਂਪਲ ਲਿਆਉਣ ਲਈ ਕਿਹਾ ਗਿਆ। ਮਰੀਜ਼ ਦੇ ਵਾਰਿਸ ਅਨੁਸਾਰ ਉਨ੍ਹਾਂ ਨੇ ਡਿਊਟੀ ’ਤੇ ਤਾਇਨਾਤ ਸਟਾਫ ਨਰਸ ਨੂੰ ਬਾਰ-ਬਾਰ ਸੈਂਪਲ ਗਲਤ ਦੇਣ ਬਾਰੇ ਪੁੱਛਿਆ ਤਾਂ ਅੱਗੇ ਸਟਾਫ ਨਰਸ ਨੇ ਤੀਸਰਾ ਸੈਂਪਲ ਦਿੰਦਿਆਂ ਕਿਹਾ ਕਿ ਕੀ ਹੋਇਆ ਗਲਤੀ ਤਾਂ ਹੋ ਹੀ ਜਾਂਦੀ ਹੈ। ਮਰੀਜ਼ ਦੇ ਵਾਰਿਸ ਅਨੁਸਾਰ ਦੋ ਵਾਰ ਗਲਤ ਅਤੇ ਇਕ ਵਾਰ ਸਹੀ ਸੈਂਪਲ ਉਨ੍ਹਾਂ ਨੂੰ ਦੇਣ ਤੋਂ ਬਾਅਦ ਮਰੀਜ਼ ਦੀ ਬਾਂਹ ਤੋਂ ਲਏ ਗਏ ਬਲੱਡ ਨਾਲ ਮਰੀਜ਼ ਦੀ ਬਾਂਹ ਵੀ ਸੁੱਜ ਗਈ। ਉਨ੍ਹਾਂ ਕਿਹਾ ਕਿ ਉਨ੍ਹਾਂ ਇਸ ਮਾਮਲੇ ਦੀ ਸਾਰੀ ਵੀਡੀਓ ਵੀ ਬਣਾ ਲਈ ਹੈ, ਤਾਂ ਕਿ ਭਵਿੱਖ ਵਿਚ ਕੋਈ ਮੁਲਾਜ਼ਮ ਮੁਕਰ ਕੇ ਉਨ੍ਹਾਂ ’ਤੇ ਹੀ ਗੰਭੀਰ ਦੋਸ਼ ਨਾਲ ਲਾ ਸਕੇ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਮਰੀਜ਼ ਦੇ ਇਲਾਜ ਵਿਚ ਘੋਰ ਲਾਪ੍ਰਵਾਹੀ ਵਰਤੀ ਜਾ ਰਹੀ ਹੈ। ਉਨ੍ਹਾਂ ਨੂੰ ਸ਼ੱਕ ਹੈ ਕਿ ਕਿਤੇ ਇਲਾਜ ਵਿਚ ਗਲਤੀਆਂ ਕਾਰਨ ਉਨ੍ਹਾਂ ਦੇ ਮਰੀਜ਼ ਦੀ ਜਾਨ ਹੀ ਨਾ ਚਲੀ ਜਾਵੇ। ਗੁਰੂ ਨਾਨਕ ਦੇਵ ਹਸਪਤਾਲ ਦੇ ਮੈਡੀਕਲ ਸੁਪਰਡੈਂਟ ਡਾ. ਕਰਮਜੀਤ ਸਿੰਘ ਨੇ ਕਿਹਾ ਕਿ ਉਹ ਦਿੱਲੀ ਆਏ ਹਨ। ਮਾਮਲਾ ਉਨ੍ਹਾਂ ਦੇ ਧਿਆਨ ਵਿਚ ਮੀਡੀਆ ਵਲੋਂ ਲਿਆਂਦਾ ਗਿਆ ਹੈ

## ਸੰਸਦ ਮੈਂਬਰ ਵਿਕਰਮ ਸਾਹਨੀ ਨੇ ਕੇਂਦਰ ਕੋਲ ਚੁੱਕਿਆ ਸ਼੍ਰੀ ਦਰਬਾਰ ਸਾਹਿਬ ਦਾ ਮਾਮਲਾ

ਚੰਡੀਗੜ੍ਹ 10 ਅਗਸਤ। ਸੰਸਦ ਮੈਂਬਰ (ਰਾਜ ਸਭਾ) ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਕੇਂਦਰੀ ਮੰਤਰੀਆਂ ਨਿਤਿਨ ਗਡਕਰੀ ਅਤੇ ਮਨੋਹਰ ਲਾਲ ਖੱਟਰ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਆਲੇ-ਦੁਆਲੇ ਆਵਾਜਾਈ ਨੂੰ ਘਟਾਉਣ ਲਈ ਪਰਿਵਰਤਨਸ਼ੀਲ ਬੁਨਿਆਦੀ ਢਾਂਚੇ ਨੂੰ ਪੇਸ਼ ਕਰਨ ਦੀ ਤੁਰੰਤ ਲੋੜ ਨੂੰ ਦੁਹਰਾਇਆ ਹੈ। ਡਾ. ਸਾਹਨੀ ਵੱਲੋਂ ਰਾਜ ਸਭਾ ਵਿਚ ਪੰਜਾਬ ਵਿਚ ਸਮਾਰਟ ਸਿਟੀ ਮਿਸ਼ਨ ਦੀ ਪ੍ਰਗਤੀ ਬਾਰੇ ਪੁੱਛੇ ਗਏ ਇਕ ਸਵਾਲ ਦੇ ਲਿਖਤੀ ਜਵਾਬ ਵਿਚ, ਹਾਊਸਿੰਗ ਅਤੇ ਸ਼ਹਿਰੀ ਮਾਮਲਿਆਂ ਦੇ ਰਾਜ ਮੰਤਰੀ ਵੱਲੋਂ ਦੱਸਿਆ ਗਿਆ ਕਿ ਪੰਜਾਬ ਰਾਜ ਵਿਚੋਂ ਤਿੰਨ ਸ਼ਹਿਰਾਂ ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਨੂੰ ਚੁਣਿਆ ਗਿਆ ਹੈ। ਹਾਲਾਂਕਿ, ਡਾ. ਸਾਹਨੀ ਨੇ ਮੰਗ ਕੀਤੀ ਕਿ ਮੋਹਾਲੀ ਅਤੇ ਪਟਿਆਲਾ ਨੂੰ ਵੀ ਸਮਾਰਟ ਸਿਟੀ ਵਜੋਂ ਸ਼ਾਮਲ ਕੀਤਾ ਜਾਵੇ। ਡਾ. ਸਾਹਨੀ ਨੇ ਅੱਗੇ ਕਿਹਾ ਕਿ ਸਮਾਰਟ ਸਿਟੀ ਵਜੋਂ ਚੁਣੇ ਗਏ ਤਿੰਨ ਸ਼ਹਿਰਾਂ ਵਿਚ ਵੀ ਸਮਾਰਟ ਕਹਾਉਣ ਲਈ ਕੁਝ ਵੀ ਦਿਖਾਈ ਨਹੀਂ ਦਿੰਦਾ, ਜਿਸ ਵਿਚ ਬਹੁਤ ਜ਼ਿਆਦਾ ਭੀੜ-ਭੜੱਕਾ, ਅਸ਼ੁੱਧਤਾ, ਠੋਸ ਰਹਿੰਦ-ਖੂੰਹਦ ਪ੍ਰਬੰਧਨ ਦੀ ਘਾਟ ਆਦਿ ਸ਼ਾਮਲ ਹਨ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਪੁਰਾਣੇ ਸ਼ਹਿਰ ਦੀ ਪੁਰਾਣੀ ਭੀੜ ਨੂੰ ਦੂਰ ਕਰਨ ਲਈ ਜੀ.ਟੀ. ਰੋਡ ਨੂੰ ਹਰਿਮੰਦਰ ਸਾਹਿਬ ਨਾਲ ਜੋੜਨ ਵਾਲਾ ਮਾਸ ਰੈਪਿਡ ਟ?ਰਾਂਸਪੋਰਟ ਸਿਸਟਮ (ਐੱਮ.ਆਰ.ਟੀ.ਐੱਸ.), ਈ-ਵਾਹਨਾਂ ਲਈ ਇਕ ਭੂਮੀਗਤ ਸੁਰੰਗ ਅਤੇ ਸ਼ਹਿਰ ਦੇ ਪ੍ਰਵੇਸ਼ ਸਥਾਨਾਂ ਦੇ ਨੇੜੇ ਬਹੁ-ਪੱਧਰੀ ਪਾਰਕਿੰਗ ਢਾਂਚੇ ਵਰਗੇ ਪ੍ਰਸਤਾਵ ਜ਼ਰੂਰੀ ਹਨ। ਡਾ. ਸਾਹਨੀ ਨੇ ਕਿਹਾ ਕਿ ਐੱਮ.ਆਰ.ਟੀ.ਐੱਸ., ਅੰਡਰਗਰਾਊਂਡ ਟਨਲ, ਐਲੀਵੇਟਿਡ ਮੋਨੋਰੇਲ ਜਾਂ ਕੈਪਸੂਲ ਕਾਰ ਸਿਸਟਮ ਵਿਚੋਂ ਕੋਈ ਵੀ ਪ੍ਰੋਜੈਕਟ ਨਾ ਸਿਰਫ਼ ਟ?ਰੈਫਿਕ ਭੀੜ ਨੂੰ ਹੱਲ ਕਰੇਗਾ ਬਲਕਿ ਵਿਰਾਸਤੀ ਸੰਭਾਲ ਨੂੰ ਸਮਾਰਟ ਮੋਬਿਲਿਟੀ ਨਾਲ ਮਿਲਾਉਣ ਲਈ ਇੱਕ ਰਾਸ਼ਟਰੀ ਮਾਡਲ ਵਜੋਂ ਵੀ ਕੰਮ ਕਰੇਗਾ।

# ਸੁਖਬੀਰ ਬਾਦਲ ਨੇ ਪਾਰਟੀ ਦੇ ਪੁਰਾਣੇ ਆਗੂਆਂ ਨੂੰ ਹੱਥ ਜੋੜ ਕੀਤੀ ਅਪੀਲ

**ਕੌਮੀ ਪਤ੍ਰਿਕਾ**

ਚੰਡੀਗੜ੍ਹ 10 ਅਗਸਤ। ਸ਼੍ਰੋਮਣੀ ਅਕਾਲੀ ਦਲ ਵੱਲੋਂ ਅੱਜ ਇੱਕ ਐਮਰਜੈਂਸੀ ਕੋਰ ਕਮੇਟੀ ਦੀ ਮੀਟਿੰਗ ਬੁਲਾਈ ਗਈ, ਜਿਸ ’ਚ ਪਾਰਟੀ ਦੇ ਸਾਰੇ ਸੀਨੀਅਰ ਆਗੂ, ਕੋਰ ਕਮੇਟੀ ਮੈਂਬਰ, ਵਰਕਿੰਗ ਕਮੇਟੀ ਮੈਂਬਰ ਅਤੇ ਜ਼ਿਲ੍ਹਾ ਪ੍ਰਧਾਨ ਸ਼ਾਮਲ ਹੋਏ। ਇਸ ਵਿਸ਼ੇਸ਼ ਮੀਟਿੰਗ ਦੌਰਾਨ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਭਾਵੁਕ ਹੁੰਦਿਆਂ ਅਕਾਲੀ ਦਲ ਨੂੰ ਦੁਬਾਰਾ ਇਕਜੁੱਟ ਕਰਨ, ਧਾਰਮਿਕ ਅਤੇ ਸਿਆਸੀ ਮੁੱਦਿਆਂ ’ਤੇ ਆਉਣ ਵਾਲੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਵੱਡੇ ਐਲਾਨ ਕੀਤੇ। ਸੁਖਬੀਰ ਬਾਦਲ ਨੇ ਇਸ ਮੌਕੇ ਸਾਰੇ ਵੱਖ-ਵੱਖ ਅਕਾਲੀ ਧੜਿਆਂ ਅਤੇ ਪਿਛਲੇ ਸਮੇਂ ’ਚ ਪਾਰਟੀ ਛੱਡ ਚੁੱਕੇ ਆਗੂਆਂ ਨੂੰ



ਹੱਥ ਜੋੜ ਕੇ ਬੇਨਤੀ ਕੀਤੀ ਕਿ ਆਓ, ਆਪਣੀ ਮਾਂ ਪਾਰਟੀ ਵਿੱਚ ਵਾਪਸ ਆ ਜਾਓ। ਅਸੀਂ ਤੁਹਾਡਾ ਦਿਲੋਂ ਸਵਾਗਤ ਕਰਾਂਗੇ। ਜੇਕਰ ਕਿਸੇ ਨੂੰ ਮੇਰੇ ਲਫ਼ਜ਼ਾਂ ਜਾਂ ਐਕਸ਼ਨ ਤੋਂ ਦੁੱਖ ਹੋਇਆ ਤਾਂ ਮੈਂ ਮੁਆਫ਼ੀ ਮੰਗਦਾ ਹਾਂ ਪਰ ਅੱਜ ਪੰਜਾਬ ਅਤੇ ਧਰਮ ’ਤੇ ਹਮਲੇ ਹੋ ਰਹੇ ਹਨ। ਅਸੀ ਇੱਕ ਹੋ ਕੇ ਹੀ ਇਸ ਦਾ ਮੂੰਹ ਤੋੜ ਜਵਾਬ ਦੇ ਸਕਦੇ ਹਾਂ। ਸੁਖਬੀਰ ਬਾਦਲ ਨੇ ਐਲਾਨ ਕੀਤਾ ਕਿ ਅਕਾਲੀ ਦਲ ਵੱਲੋਂ ਇਕ ਸਤੰਬਰ ਤੋਂ ਮੋਹਾਲੀ ਵਿਖੇ ਲੈਂਡ ਪੂਲਿੰਗ ਮਾਮਲੇ ’ਚ ਵੱਡਾ ਰੋਸ ਮੋਰਚਾ ਸ਼ੁਰੂ ਕੀਤਾ ਜਾਵੇਗਾ। ਇਸ ਤੋਂ ਪਹਿਲਾਂ 31 ਅਗਸਤ ਨੂੰ ਪੂਰੀ ਪਾਰਟੀ ਲੀਡਰਸ਼ਿਪ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕਰਕੇ ਸੰਘਰਸ਼ ਦੀ ਸ਼ੁਰੂਆਤ ਕਰੇਗੀ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਹਮੇਸ਼ਾ ਇਹ ਪਰੰਪਰਾ ਰਹੀ ਹੈ ਕਿ ਕੋਈ ਵੀ ਅੰਦੋਲਨ ਗੁਰੂ ਸਾਹਿਬਾਂ ਦੀ ਅਰਦਾਸ ਨਾਲ ਸ਼ੁਰੂ ਹੁੰਦਾ ਹੈ। ਇਸ ਦੌਰਾਨ ਚੀਮਾ ਅਤੇ ਹੋਰ ਜ਼ਿਲ੍ਹਾ ਪ੍ਰਧਾਨਾਂ ਨੂੰ ਕੋ-ਆਰਡੀਨੇਸ਼ਨ ਦੀ ਜ਼ਿੰਮੇਵਾਰੀ ਦਿੱਤੀ ਗਈ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪਾਰਟੀ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ’ਤੇ ਸਰਕਾਰ ਵੱਲੋਂ ਝੂਠੇ ਕੇਸ ਲਗਾਏ ਜਾ ਰਹੇ ਹਨ। ਐੱਸ. ਆਈ. ਟੀ. ਬਣਾਈਆਂ ਗਈਆਂ, ਪਰ ਨਾ ਕੋਈ ਚਲਾਨ ਪੇਸ਼ ਹੋਇਆ, ਨਾ ਹੀ ਕੋਈ ਸਬੂਤ ਮਿਲੇ।

## ਤਿੰਨ ਗੁਣਾ ਤੱਕ ਚੜ੍ਹੇ ਸਬਜ਼ੀਆਂ ਦੇ ਭਾਅ

ਨਵੀਂ ਦਿੱਲੀ 10 ਅਗਸਤ। ਇਨ੍ਹੀਂ ਦਿਨੀਂ ਚੰਡੀਗੜ੍ਹ ਦੇ ਸੈਕਟਰ 26 ਸਥਿਤ ਸਬਜ਼ੀ ਮੰਡੀ ਵਿੱਚ ਸਬਜ਼ੀਆਂ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਹਨ। ਖਾਸ ਕਰਕੇ ਪਹਾੜੀ ਇਲਾਕਿਆਂ ਤੋਂ ਆਉਣ ਵਾਲੀਆਂ ਹਰੀਆਂ ਸਬਜ਼ੀਆਂ ਦੀਆਂ ਕੀਮਤਾਂ ਵਿੱਚ ਜ਼ਬਰਦਸਤ ਉਛਾਲ ਦੇਖਣ ਨੂੰ ਮਿਲ ਰਿਹਾ ਹੈ। ਇਸ ਪਿੱਛੇ ਸਭ ਤੋਂ ਵੱਡਾ ਕਾਰਨ ਲਗਾਤਾਰ ਹੋ ਰਹੀ ਭਾਰੀ ਬਾਰਿਸ਼ ਹੈ, ਜਿਸ ਕਾਰਨ ਸਪਲਾਈ ਵਿੱਚ ਵਿਘਨ ਪਿਆ ਹੈ ਅਤੇ ਮੰਗ ਜ਼ਿਆਦਾ ਹੋਣ ਕਾਰਨ ਕੀਮਤਾਂ ਕਾਬੂ ਤੋਂ ਬਾਹਰ ਹੋ ਗਈਆਂ ਹਨ। ਸੈਕਟਰ 26 ਬਾਜ਼ਾਰ ਦੇ ਦੁਕਾਨਦਾਰਾਂ ਅਤੇ ਗਾਹਕਾਂ ਨੇ ਦੱਸਿਆ ਕਿ ਮਾਲ ਘੱਟ ਆ ਰਿਹਾ ਹੈ ਅਤੇ ਗਾਹਕ ਜ਼ਿਆਦਾ ਹਨ, ਇਸ ਲਈ ਕੀਮਤਾਂ ਵਧੀਆਂ ਹਨ। ਵਪਾਰੀ ਦੱਸ ਰਹੇ ਹਨ ਕਿ ਮੀਂਹ ਕਾਰਨ ਪਹਾੜੀ ਇਲਾਕਿਆਂ ਦੀਆਂ ਸੜਕਾਂ ਖਰਾਬ ਹੋ ਗਈਆਂ ਹਨ, ਜਿਸ ਕਾਰਨ ਮਾਲ ਸਮੇਂ ਸਿਰ ਨਹੀਂ ਪਹੁੰਚ ਰਿਹਾ। ਸਥਾਨਕ ਵਿਕਰੇਤਾਵਾਂ ਦਾ ਕਹਿਣਾ ਹੈ ਕਿ ਜੇਕਰ ਮੀਂਹ ਜਾਰੀ ਰਿਹਾ ਤਾਂ ਆਉਣ ਵਾਲੇ ਦਿਨਾਂ ਵਿੱਚ ਕੀਮਤਾਂ ਹੋਰ ਵੀ ਵੱਧ ਸਕਦੀਆਂ ਹਨ। ਟਮਾਟਰ ਅਤੇ ਮਟਰ ਦੀਆਂ ਕੀਮਤਾਂ ਪਹਿਲਾਂ ਹੀ ਆਮ ਨਾਲੋਂ ਦੋ ਤੋਂ ਤਿੰਨ ਗੁਣਾ ਵੱਧ ਹਨ, ਅਤੇ ਹੋਰ ਸਬਜ਼ੀਆਂ ਵੀ ਜਲਦੀ ਹੀ ਮਹਿੰਗੀਆਂ ਹੋ ਸਕਦੀਆਂ ਹਨ।

# ਕਰਮਚਾਰੀ ਭਵਿੱਖ ਨਿਧੀ ਦਾ ਪੈਸਾ ਕੱਢਵਾਉਣ ਵਾਲੇ ਲੋਕ ਸਾਵਧਾਨ ! ਇਸ ਗੱਲ ਦਾ ਜ਼ਰੂਰ ਰਖੋ ਖ਼ਾਸ ਧਿਆਨ ਨਹੀਂ ਤਾਂ...

**ਕੌਮੀ ਪਤ੍ਰਿਕਾ**
**ਸੌਰਭ ਸ਼ਰਮਾ**

ਨੈਸ਼ਨਲ ਡੈਸਕ 10 ਅਗਸਤ। ਕਰਮਚਾਰੀਆਂ ਦੀ ਮਾਸਿਕ ਤਨਖਾਹ ਵਿੱਚੋਂ ਕੱਟੀ ਗਈ ਬੱਚਤ ਕਰਮਚਾਰੀ ਭਵਿੱਖ ਨਿਧੀ (PF) ਖਾਤੇ ਵਿੱਚ ਜਮ?ਹਾ ਕੀਤੀ ਜਾਂਦੀ ਹੈ, ਜਿਸ ਵਿੱਚ ਕੰਪਨੀ ਵੀ ਬਰਾਬਰ ਦਾ ਯੋਗਦਾਨ ਪਾਉਂਦੀ ਹੈ। ਇਸ ਖਾਤੇ ਵਿੱਚ ਜਮ?ਹਾ ਕੀਤੀ ਗਈ ਰਕਮ ’ਤੇ ਸਰਕਾਰ ਵੱਲੋਂ ਵਿਆਜ ਵੀ ਮਿਲਦਾ ਹੈ। ਜੇਕਰ ਪੈਸੇ ਦੀ ਅਚਾਨਕ ਲੋੜ ਹੋਵੇ ਤਾਂ ਕਰਮਚਾਰੀ ਇਹ ਰਕਮ ਵੀ ਕਢਵਾ ਸਕਦੇ ਹਨ। ਪਰ ਪੈਸੇ ਕਢਵਾਉਣ ਲਈ ਇਹ ਜ਼ਰੂਰੀ ਹੈ ਕਿ ਕਰਮਚਾਰੀ ਦਾ ਆਧਾਰ ਕਾਰਡ, ਪੈਨ ਕਾਰਡ ਅਤੇ ਬੈਂਕ ਵੇਰਵੇ EPFO ਰਿਕਾਰਡਾਂ ਵਿੱਚ ਸਹੀ ਢੰਗ ਨਾਲ ਅਪਡੇਟ ਕੀਤੇ ਜਾਣ। ਬਹੁਤ ਸਾਰੇ ਲੋਕਾਂ ਦਾ ਆਧਾਰ ਕਾਰਡ ਉਨ੍ਹਾਂ ਦੇ ਮੋਬਾਈਲ ਨੰਬਰ ਨਾਲ ਲਿੰਕ ਨਹੀਂ ਹੁੰਦਾ, ਜਿਸ ਕਾਰਨ ਆਨਲਾਈਨ ਵੈਰੀਫਿਕੇਸ਼ਨ ਵਿੱਚ ਰੁਕਾਵਟ ਆਉਂਦੀ ਹੈ। ਜਦੋਂ ਮੋਬਾਈਲ ਨੰਬਰ ਆਧਾਰ ਨਾਲ ਲਿੰਕ ਨਹੀਂ ਹੁੰਦਾ, ਤਾਂ EPFO ਪੋਰਟਲ ’ਤੇ ਆਗਇਨ ਕਰਨਾ ਅਤੇ ਆਨਲਾਈਨ PF ਦਾਅਵਾ ਕਰਨਾ ਸੰਭਵ ਨਹੀਂ ਹੁੰਦਾ। ਜੇਕਰ ਤੁਸੀਂ ਵੀ ਇਸੇ ਸਮੱਸਿਆ ਦਾ ਸਾਹਮਣਾ ਕਰ ਰਹੇ ਹੋ, ਤਾਂ ਘਬਰਾਉਣ ਦੀ ਕੋਈ ਲੋੜ ਨਹੀਂ ਹੈ। ਤੁਸੀਂ ਕੁਝ ਸਧਾਰਨ ਕਦਮ ਚੁੱਕ ਕੇ ਇਸ ਸਮੱਸਿਆ ਨੂੰ ਹੱਲ ਕਰ ਸਕਦੇ ਹੋ। ਜੇਕਰ ਤੁਹਾਡਾ ਮੋਬਾਈਲ ਨੰਬਰ ਆਧਾਰ ਨਾਲ




ਲਿੰਕ ਨਹੀਂ ਹੈ, ਤਾਂ ਤੁਹਾਨੂੰ ਨਜ਼ਦੀਕੀ ਆਧਾਰ ਸੇਵਾ ਕੇਂਦਰ ਜਾ ਕੇ ਇਸਨੂੰ ਅਪਡੇਟ ਕਰਵਾਉਣਾ ਪਵੇਗਾ। ਇਸ ਲਈ ਤੁਹਾਨੂੰ ਆਧਾਰ ਅਪਡੇਟ ਫਾਰਮ ਭਰਨਾ ਪਵੇਗਾ, ਜਿਸ ਵਿੱਚ ਤੁਹਾਨੂੰ ਆਪਣਾ ਨਵਾਂ ਮੋਬਾਈਲ ਨੰਬਰ, ਆਧਾਰ ਕਾਰਡ ਦੀ ਇੱਕ ਕਾਪੀ ਅਤੇ ਇੱਕ ਪਾਸਪੋਰਟ ਸਾਈਜ਼ ਫੋਟੋ ਲਗਾਉਣੀ ਪਵੇਗੀ। ਇਸ ਤੋਂ ਬਾਅਦ, ਬਾਇਓਮੈਟ੍ਰਿਕ ਤਸਦੀਕ ਜ਼ਰੂਰੀ ਹੈ। ਇਸ ਪ੍ਰਕਿਰਿਆ ਨੂੰ ਪੂਰਾ ਕਰਨ ਲਈ 50 ਰੁਪਏ ਦੀ ਫੀਸ ਦੇਣੀ ਪਵੇਗੀ। ਨਵਾਂ ਮੋਬਾਈਲ ਨੰਬਰ ਲਗਭਗ 3 ਤੋਂ 10 ਦਿਨਾਂ ਦੇ ਅੰਦਰ ਆਧਾਰ ਨਾਲ ਲਿੰਕ ਹੋ ਜਾਂਦਾ ਹੈ। ਤੁਸੀਂ UIDAI ਦੀ ਅਧਿਕਾਰਤ ਵੈੱਬਸਾਈਟ ਜਾਂ mAadhaar ਮੋਬਾਈਲ ਐਪ ਰਾਹੀਂ ਆਪਣੇ ਅਪਡੇਟ ਦੀ ਸਥਿਤੀ ਦੀ ਜਾਂਚ ਕਰ ਸਕਦੇ ਹੋ। ਮੋਬਾਈਲ ਨੰਬਰ ਲਿੰਕ ਹੋਣ ਤੋਂ ਬਾਅਦ, ਤੁਸੀਂ ਆਸਾਨੀ ਨਾਲ EPFO ਪੋਰਟਲ ’ਤੇ ਲਾਗਇਨ ਕਰ ਸਕਦੇ ਹੋ ਅਤੇ ਆਨਲਾਈਨ ਦਾਅਵਾ ਕਰ ਸਕਦੇ ਹੋ। ਜੇਕਰ ਤੁਸੀਂ ਆਪਣਾ ਮੋਬਾਈਲ ਨੰਬਰ ਲਿੰਕ ਨਹੀਂ ਕਰ ਪਾ ਰਹੇ ਹੋ, ਤਾਂ ਤੁਸੀਂ PF ਦੀ ਰਕਮ ਔਫਲਾਈਨ ਵੀ ਕਢਵਾ ਸਕਦੇ ਹੋ। ਇਸ ਦੇ ਲਈ, ਤੁਹਾਨੂੰ ਨਜ਼ਦੀਕੀ EPFO ਦਫ਼ਤਰ ਜਾਣਾ ਪਵੇਗਾ ਅਤੇ ਕੰਪੋਜ਼ਿਟ ਕਲੇਮ ਫਾਰਮ ਭਰਨਾ ਪਵੇਗਾ। ਇਸ ਦੇ ਨਾਲ, ਤੁਹਾਨੂੰ ਆਧਾਰ ਕਾਰਡ, ਪੈਨ ਕਾਰਡ, ਬੈਂਕ ਪਾਸਬੁੱਕ ਅਤੇ ਮਾਲਕ ਤੋਂ ਪ੍ਰਮਾਣਿਤ ਫਾਰਮ ਦੀ ਇੱਕ ਕਾਪੀ ਜਮ?ਹਾਂ ਕਰਾਉਣੀ ਪਵੇਗੀ। EPFO ਅਧਿਕਾਰੀ ਤੁਹਾਡੇ ਦਸਤਾਵੇਜ਼ਾਂ ਦੀ ਹੱਥੀਂ ਜਾਂਚ ਕਰਨਗੇ ਅਤੇ ਕਲੇਮ ਪ੍ਰਕਿਰਿਆ ਸ਼ੁਰੂ ਕਰਨਗੇ। ਇਸ ਪ੍ਰਕਿਰਿਆ ਵਿੱਚ ਲਗਭਗ 15 ਤੋਂ 30 ਦਿਨ ਲੱਗ ਸਕਦੇ ਹਨ।

# ਆਜ਼ਾਦੀ ਦਿਹਾੜੇ ਦੇ ਮੱਦੇਨਜ਼ਰ ਬੱਸ ਸਟੈਂਡ ਤੇ ਰੇਲਵੇ ਸਟੇਸ਼ਨਾਂ ‘ਤੇ ਵਿਸ਼ੇਸ਼ ਸਰਚ ਆਪਰੇਸ਼ਨ

**ਏਜੰਸੀਆਂ**

ਜਲੰਧਰ 10 ਅਗਸਤ। 15 ਅਗਸਤ ਨੂੰ ਆਜ਼ਾਦੀ ਦਿਵਸ ਨੇੜੇ ਆਉਂਦੇ ਹੋਏ ਕਮਿਸ਼ਨਰੇਟ ਪੁਲਸ ਜਲੰਧਰ ਵੱਲੋਂ ਸ਼ਹਿਰ ਭਰ ‘ਚ ਸੁਰੱਖਿਆ ਪ੍ਰਬੰਧਾਂ ਨੂੰ ਹੋਰ ਮਜ਼ਬੂਤ ਕੀਤਾ ਗਿਆ ਹੈ। ਸ਼ਹਿਰ ਦੇ



ਸੰਵੇਦਨਸ਼ੀਲ ਸਥਾਨਾਂ ‘ਤੇ ਸੁਰੱਖਿਆ ਯਕੀਨੀ ਬਣਾਉਣ ਲਈ ਵਿਸ਼ੇਸ਼ ਜਾਂਚ, ਪੈਟਰੋਲਿੰਗ ਅਤੇ ਨਿਗਰਾਨੀ ਕੀਤੀ ਜਾ ਰਹੀ ਹੈ। ਇਸ ਸਬੰਧੀ ਅੱਜ ਜਲੰਧਰ ਬੱਸ ਅੱਡੇ ਅਤੇ ਰੇਲਵੇ ਸਟੇਸ਼ਨਾਂ ‘ਤੇ ਇਕ ਵਿਸ਼ੇਸ਼ ਸਰਚ ਆਪਰੇਸ਼ਨ ਚਲਾਇਆ ਗਿਆ ਤਾਂ ਜੋ ਸੁਰੱਖਿਆ ਪ੍ਰੋਟੋਕਾਲ ਹੋਰ ਮਜ਼ਬੂਤ ਹੋਣ। ਇਹ ਆਪਰੇਸ਼ਨ ਕਮਿਸ਼ਨਰ ਆਫ਼ ਪੁਲਸ ਜਲੰਧਰ ਧਨਪ੍ਰੀਤ ਕੌਰ ਦੇ ਦਿਸ਼ਾ-ਨਿਰਦੇਸ਼ ਹੇਠ ਕੀਤਾ ਗਿਆ ਅਤੇ ਇਸ ਦੀ ਅਗਵਾਈ ਏ.ਸੀ.ਪੀ. ਮਾਡਲ ਟਾਊਨ, ਰੂਪਦੀਪ ਕੌਰ ਅਤੇ ਏ.ਸੀ.ਪੀ. ਨੌਰਥ, ਸ਼੍ਰੀ ਅਮਰਨਾਥ ਵੱਲੋਂ ਕੀਤੀ ਗਈ। ਆਪਰੇਸ਼ਨ ‘ਚ 110 ਪੁਲਿਸ ਕਰਮਚਾਰੀ ਤਾਇਨਾਤ ਸਨ ਅਤੇ ਐਂਟੀ ਸਬੋਟਾਜ਼ ਟੀਮ ਵੱਲੋਂ ਵੀ ਸਹਿਯੋਗ ਦਿੱਤਾ ਗਿਆ। ਆਪਰੇਸ਼ਨ ਦੌਰਾਨ ਸ਼ੱਕੀ ਵਿਅਕਤੀਆਂ ਦੀ ਪੂਰੀ ਤਰ੍ਹਾਂ ਤਲਾਸ਼ੀ ਲਈ ਗਈ, ਯਾਤਰੀਆਂ ਦੇ ਸਮਾਨ ਦੀ ਧਿਆਨ ਨਾਲ ਜਾਂਚ ਕੀਤੀ ਗਈ ਅਤੇ ਯਾਤਰੀਆਂ ਦੀ ਪਛਾਣ ਪ੍ਰਮਾਣਿਤ ਕੀਤੀ ਗਈ। ਸ਼ੱਕੀ ਵਿਅਕਤੀਆਂ ਦੇ ਕ੍ਰਿਮਿਨਲ ਰਿਕਾਰਡ ਦੀ ਪੁਸ਼ਟੀ ਲਈ PIAS ਐਪ ਦੀ ਵਰਤੋਂ ਕੀਤੀ ਗਈ। ਇਸ ਤੋਂ ਇਲਾਵਾ ਬੱਸ ਅੱਡੇ ਅਤੇ ਰੇਲਵੇ ਸਟੇਸ਼ਨਾਂ ‘ਤੇ ਲੱਗੇ CCTV ਕੈਮਰਿਆਂ ਦੀ ਵੀ ਜਾਂਚ ਕੀਤੀ ਗਈ ਤਾਂ ਜੋ ਉਨ੍ਹਾਂ ਦੀ ਕਾਰਗੁਜ਼ਾਰੀ ਲਗਾਤਾਰ ਨਿਗਰਾਨੀ ਲਈ ਯਕੀਨੀ ਬਣਾਈ ਜਾ ਸਕੇ। ਕਮਿਸ਼ਨਰੇਟ ਪੁਲਸ ਜਲੰਧਰ ਵੱਲੋਂ ਆਉਣ ਵਾਲੇ ਦਿਨਾਂ ‘ਚ ਵੀ ਇਸ ਤਰ੍ਹਾਂ ਦੇ ਆਪਰੇਸ਼ਨ ਜਾਰੀ ਰਹਿਣਗੇ ਤਾਂ ਜੋ ਆਜ਼ਾਦੀ ਦਿਵਸ ਦੇ ਮੌਕੇ ‘ਤੇ ਪੂਰੀ ਤਰ੍ਹਾਂ ਸੁਰੱਖਿਅਤ ਅਤੇ ਸ਼ਾਂਤੀਪੂਰਨ ਮਾਹੌਲ ਯਕੀਨੀ ਬਣਾਇਆ ਜਾ ਸਕੇ। ਕਮਿਸ਼ਨਰੇਟ ਪੁਲਸ ਵੱਲੋਂ ਸਮੂਹ ਨਾਗਰਿਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਚੌਕਸ ਰਹਿਣ, ਪੁਲਸ ਜਾਂਚ ‘ਚ ਸਹਿਯੋਗ ਦੇਣ ਅਤੇ ਕਿਸੇ ਵੀ ਸ਼ੱਕੀ ਗਤੀਵਿਧੀ ਬਾਰੇ ਤੁਰੰਤ ਪੁਲਸ ਹੈਲਪਲਾਈਨ ਨੰਬਰ 112 ‘ਤੇ ਸੂਚਿਤ ਕਰਨ।

## ਜਲੰਧਰ ’ਚ ਚਲਾਇਆ ਗਿਆ ਸਪੈਸ਼ਲ ਕਾਸੋ ਆਪਰੇਸ਼ਨ

ਜਲੰਧਰ, 10 ਅਗਸਤ। ਸ਼ਪੈਸ਼ਲ ਡੀ.ਜੀ.ਪੀ (ਟੈਕਨੀਕਲ ਸਪੋਰਟ ਸਰਵਿਸਿਜ਼) ਰਾਮ ਸਿੰਘ, ਆਈ.ਪੀ.ਐਸ ਅਤੇ ਪੁਲਿਸ ਕਮਿਸ਼ਨਰ ਜਲੰਧਰ ਧਨਪ੍ਰੀਤ ਕੌਰ ਦੀ ਅਗਵਾਈ ਹੇਠ, ਸ਼ਹਿਰ ਵਿੱਚ ਇੱਕ ਸ਼ਪੈਸ਼ਲ ਕਾਸੋ ਅਪਰੇਸ਼ਨ ਚਲਾਇਆ ਗਿਆ। ਜੁਆਂਇੰਟ ਸੀ.ਪੀ ਸੰਦੀਪ ਸ਼ਰਮਾ, ਡੀ.ਸੀ.ਪੀ ਲਾਅ ਐਂਡ ਆਰਡਰ ਨਰੇਸ਼ ਕੁਮਾਰ, ਏ.ਡੀ.ਸੀ.ਪੀ-1 ਆਕਰਸ਼ੀ ਜੈਨ, ਅਤੇ ਏ.ਸੀ.ਪੀ ਨੌਰਥ ਅਮਰ ਨਾਥ, ਦੀ ਨਿਗਰਾਨੀ ਹੇਠ ਪਛਾਣੇ ਗਏ ਡਰੱਗ ਹੌਟਸਪੌਟਾਂ ’ਤੇ ਕੁੱਲ 130 ਪੁਲਿਸ ਕਰਮਚਾਰੀ ਤਾਇਨਾਤ ਕੀਤੇ ਗਏ। ਇਸ ਕਾਰਵਾਈ ਦਾ ਮੁੱਖ ਉਦੇਸ਼ ਸ਼ਹਿਰ ਵਿੱਚ ਗੈਰ-ਕਾਨੂੰਨੀ ਗਤੀਵਿਧੀਆਂ ਦਾ ਮੁਕਾਬਲਾ ਕਰਨਾ ਸੀ। ਇਸ ਕਾਰਵਾਈ ਦੌਰਾਨ ਅਵਤਾਰ ਨਗਰ ਨੇੜੇ ਚੁਗਿਟੀ, ਰਾਮਾ ਮੰਡੀ ਅਤੇ ਇੰਦਰਾ ਕਲੋਨੀ ਨੇੜੇ ਵੇਰਕਾ ਮਿਲਕ ਪਲਾਂਟ ਜਲੰਧਰ ਵਿਖੇ ਵਿਸ਼ੇਸ਼ ਚੈਕਿੰਗ ਕੀਤੀ ਗਈ।

# ਗੋਸਵਾਮੀ ਤੁਲਸੀਦਾਸ ਜੈਯੰਤੀ ’ਤੇ ਮੁੱਖ ਮੰਤਰੀ ਵਿਨਾਸ ਵਿੱਚ ਆਯੋਜਿਤ ਹੋਇਆ ਰਾਜ ਪੱਧਰੀ ਪ੍ਰੋਗਰਾਮ

**ਕੌਮੀ ਪਤ੍ਰਿਕਾ**
**ਸੰਜੈ ਕੁਮਾਰ**

ਚੰਡੀਗੜ੍ਹ, 10 ਅਗਸਤ। ਗੋਸਵਾਮੀ ਤੁਲਸੀਦਾਸ ਜੈਯੰਤੀ ਦੇ ਪਵਿਤਰ ਮੌਕੇ ’ਤੇ ਸ਼ੁਕਰਵਾਰ ਨੂੰ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੇ ਨਿਵਾਸ ਸੰਤ ਕਬੀਰ ਕੁਟੀਰ ’ਤੇ ਰਾਜ ਪੱਧਰੀ ਪ੍ਰੋਗਰਾਮ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਸੂਬੇਭਰ ਤੋਂ ਗੋਸਵਾਮੀ ਸਮਾਜ ਦੇ ਪ੍ਰਮੁੱਖ ਪ੍ਰਤੀਨਿਧੀਆਂ ਸਮੇਤ ਸੂਬੇ ਦੇ ਕੌਨੇ ਕੌਨੇ ਤੋਂ ਆਏ ਬਹੁਤ ਵੱਡੀ ਗਿਣਤੀ ਵਿੱਚ ਲੋਕਾਂ ਨੇ ਹਿੱਸਾ ਲਿਆ। ਇਸ ਮੌਕੇ ’ਤੇ ਮੁੱਖ ਮੰਤਰੀ ਨੇ ਸਮਾਜ ਵੱਲੋਂ ਰੱਖੀ ਗਈ ਮੰਗਾਂ ’ਤੇ ਵੱਡਾ ਐਲਾਨ ਕਰਦੇ ਹੋਏ ਕਿਹਾ ਕਿ ਗੋਸਾਈ ਸਮਾਜ ਨੂੰ ਕੇਂਦਰੀ ਓਬੀਸੀ ਲਿਸਟ ਵਿੱਚ ਸ਼ਾਮਲ ਕਰਨ ਲਈ ਹਰਿਆਣਾ ਸਰਕਾਰ ਓਬੀਸੀ ਕਮੀਸ਼ਨ ਨੂੰ ਪੱਤਰ ਲਿੱਖ ਕੇ ਲਿਸਟ ਵਿੱਚ ਨਾਮ ਸ਼ਾਮਲ ਕਰਵਾਉਣ ਲਈ ਸਿਫਾਰਿਸ਼ ਕਰੇਗੀ। ਇਸ ਦੇ ਇਲਾਵਾ ਮੁੱਖ ਮੰਤਰੀ ਨੇ ਐਲਾਨ ਕਰਦੇ ਹੋਏ ਕਿਹਾ ਕਿ ਸੂਬੇ ਵਿੱਚ ਕਿਸੇ ਇੱਕ ਚੌਕ ਦਾ ਨਾਮ ਅਤੇ ਹਿਸਾਰ ਵਿੱਚ ਸਥਾਪਿਤ ਕੀਤੀ ਜਾਣ ਵਾਲੀ ਵੱਡੀ ਲਾਇਬੇ?ਰਰੀ ਦਾ ਨਾਮ ਗੋਸਵਾਮੀ ਤੁਲਸੀਦਾਸ ਜੀ ਦੇ ਨਾਮ ’ਤੇ ਰੱਖਿਆ ਜਾਵੇਗਾ। ਨਾਲ ਹੀ ਗੋਸਵਾਮੀ ਸਮਾਜ ਸਭਾ ਦੀ ਕੁਰੂਕਸ਼ੇਤਰ ਵਿੱਚ ਬਣ ਰਹੀ ਧਰਮਸ਼ਾਲਾ ਲਈ ਮੁੱਖ ਮੰਤਰੀ ਨੇ ਆਪਣੇ ਅਖਤਿਆਰੀ ਫੰਡ ਵਿੱਚੋਂ 31 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਪ੍ਰੋਗਰਾਮ ਨੂੰ ਸੰਬੋਧਿਤ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਇਹ ਪ੍ਰੋਗਰਾਮ ਸਾਡੀ ਖੁਸ਼ਹਾਲ ਸੰਸਕ੍ਰਿਤੀ ਵਿਰਾਸਤ, ਨੈਤਿਕ ਮੁੱਲਾਂ ਅਤੇ ਸਮਾਜਿਕ ਸਮਰਸਤਾ ਦੀ ਇੱਕ ਮਾਣਯੋਗ ਅਭਿਵਿਅਕਤੀ ਹੈ। ਗੋਸਵਾਮੀ ਤੁਲਸੀਦਾਸ ਜੀ ਦਾ ਨਾਮ ਲੈਂਦੇ ਹੀ ਮਨ ਵਿੱਚ ਭਗਤੀ, ਗਿਆਨ ਦਾ ਭਾਵ ਆ ਜਾਂਦਾ ਹੈ। ਉਨ੍ਹਾਂ ਨੇ ਰਾਮਚਰਿਤਮਾਨਸ ਰਾਹੀਂ ਭਾਰਤੀ ਸਮਾਜ ਨੂੰ ਇੱਕ ਨਵੀਂ ਦਿਸ਼ਾ ਦਿੱਤੀ। ਜਦੋਂ ਸਮਾਜ ਵਿੱਚ ਅਨੇਕ ਬੁਰਾਇਆਂ ਫੈਲੀ ਹੋਈ ਸੀ, ਲੋਕਾਂ ਵਿੱਚ ਨਿਰਾਸ਼ਾ ਦਾ ਭਾਵ ਸੀ, ਉੱਦੋਂ ਤੁਲਸੀਦਾਸ ਜੀ ਨੇ ਮਰਯਾਦਾ ਪੁਰਸ਼ੋਤਮ ਭਗਵਾਨ ਸ੍ਰੀ ਰਾਮ ਜੀ ਦੇ ਆਦਰਸ਼ਾਂ ਨੂੰ ਜਨ ਜਨ ਤੱਕ ਪਹੁੰਚਾਇਆ। ਉਨ੍ਹਾਂ ਨੇ ਕਿਹਾ ਕਿ ਤੁਲਸੀਦਾਸ ਜੀ ਦੀ ਸਿੱਖਿਆਵਾਂ ਅੱਜ ਵੀ ਉਨ੍ਹਾਂ ਹੀ ਪ੍ਰਾਸੰਗਿਕ ਹਨ। ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਕੌਮੀ ਪਿਛੜਾ ਵਰਗ ਕਮੀਸ਼ਨ ਨੂੰ ਸਵੈਧਾਨਿਕ ਦਰਜਾ ਦਿਲਵਾਇਆ ਹੈ। ਓਬੀਸੀ ਵਰਗ ਨੂੰ ਹੁਣ ਮੈਡੀਕਲ ਐਜੂਕੇਸ਼ਨ, ਸੈਨਿਕ ਸਕੂਲਾਂ, ਕੇਂਦਰੀ ਸਕੂਲ ਅਤੇ ਨਵੋਦਿਆ ਸਕੂਲਾਂ ਵਿੱਚ ਦਾਖਿਲੇ ਵਿੱਚ ਰਿਜਰਵੇਸ਼ਨ ਦਾ ਲਾਭ ਦਿੱਤਾ ਗਿਆ ਹੈ। ਪ੍ਰਧਾਨ ਮੰਤਰੀ ਦੇ ਸਭਦਾ ਸਾਥ, ਸਭਦਾ ਵਿਕਾਸ, ਸਭਦਾ ਵਿਸ਼ਵਾਸ ਅਤੇ ਸਭਣਾ ਪ੍ਰਯਾਸ ਦੇ ਮੰਤਰ ਨੂੰ ਪੂਰਾ ਕਰਦੇ ਹੋਏ ਹਰਿਆਣਾ ਸਰਕਾਰ ਵੀ ਸਮਾਜ ਦੇ ਸਾਰੇ ਵਰਗਾਂ ਦੀ ਭਲਾਈ ਲਈ ਲਗਾਤਾਰ ਕੰਮ ਕਰ ਰਹੀ ਹੈ। ਪਿਛੜਾ ਵਰਗ ਦੀ ਕ੍ਰੀਮੀ ਲੇਅਰ ਆਮਦਣ ਸੀਮਾ ਨੂੰ 6 ਲੱਖ ਰੁਪਏ ਤੋਂ ਵਧਾ ਕੇ 8 ਲੱਖ ਰੁਪਏ ਸਾਲਾਨਾ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਪੰਚਾਇਤੀ ਰਾਜ ਸੰਸਥਾਵਾਂ ਵਿੱਚ ਪਿਛੜਾ ਵਰਗ ( ਏ) ਨੂੰ 8 ਫੀਸਤੀ ਅਤੇ ਪਿਛੜਾ ਵਰਗ (ਬੀ) ਨੂੰ 5 ਫੀਸਦੀ ਰਿਜਰਵੇਸ਼ਨ ਅਤੇ ਪੰਚ ਅਹੁਦੇ ਲਈ ਉਨ੍ਹਾਂ ਦੀ ਜਨਸੰਖਿਆ ਦੇ 50 ਫੀਸਦੀ ਦੇ ਅਨੁਪਾਤ ਵਿੱਚ ਰਿਜਰਵੇਸ਼ਨ ਦਿੱਤਾ ਹੈ। ਸ਼ਹਿਰੀ ਸਥਾਨਕ ਸੰਗਠਨਾ ਵਿੱਚ ਵੀ ਪਿਛੜਾ ਵਰਗ (ਬੀ) ਨੂੰ ਮੇਅਰ/ਪ੍ਰਧਾਨ ਦੇ ਅਹੁਦਿਆਂ ਵਿੱਚ 5 ਫੀਸਦੀ ਅਤੇ ਮੈਂਬਰਾਂ ਲਈ ਸਬੰਧਿਤ ਪਾਲਿਕਾ ਵਿਚ ਉਨ੍ਹਾਂ ਦੀ ਜਨਸੰਖਿਆ ਦੇ 50 ਫੀਸਦੀ ਦੇ ਅਨੁਪਾਤ ਵਿੱਚ ਰਿਜਰਵੇਸ਼ਨ ਦਿੱਤਾ ਹੈ। ਪਿਛੜੇ ਵਰਗਾਂ ਦੇ 3 ਲੱਖ ਰੁਪਏ ਤੱਕ ਸਾਲਾਨਾ ਆਮਦਣ ਵਾਲੇ ਪਰਿਵਾਰਾਂ ਦੇ ਬੱਚਿਆਂ ਦੀ ਦੇਸ਼ ਵਿੱਚ ਪਢਾਈ ਲਈ 15 ਲੱਖ ਰੁਪਏ ਅਤੇ ਵਿਦੇਸ਼ ਵਿੱਚ ਪਢਾਈ ਲਈ 20 ਲੱਖ ਰੁਪਏ ਤੱਕ ਦੀ ਰਕਮ 4 ਫੀਸਦੀ ਸਾਲਾਨਾ ਬਿਆਜ ’ਤੇ ਦਿੱਤਾ ਜਾਂਦਾ ਹੈ। ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਪਿਛਲੇ 11 ਸਾਲਾਂ ਤੋਂ ਗੋਸਵਾਮੀ ਤੁਲਸੀਦਾਸ ਜੀ ਦੇ ਵਿਖਾਏ ਰਸਤੇ ’ਤੇ ਚਲਦੇ ਹੋਏ ਭਾਰਤ ਨੂੰ ਵਿਸ਼ਵ ਗੁਰੂ ਬਨਾਉਣ ਵੱਲ ਲੈਅ ਜਾਂਦੇ ਹੋਏ ਲਗਾਤਾਰ ਕੰਮ ਕਰ ਰਹੇ ਹਨ। ਆਜਾਦੀ ਤੋਂ ਬਾਅਦ ਪਹਿਲੀ ਵਾਰ ਜੇਕਰ ਓਬੀਸੀ ਸਮਾਜ ਨੂੰ ਕਿਸੇ ਨੇ ਸਨਮਾਨ ਦਿੱਤਾ ਹੈ ਤਾਂ ਉਹ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਹਨ। ਮੁੱਖ ਮੰਤਰੀ ਨੇ ਮਜ਼ਾਕ ਉਡਾਉਂਦੇ ਹੋਏ ਕਿਹਾ ਕਿ ਪਹਿਲੇ ਦੇ ਸਮੇ ਵਿੱਚ ਇੱਕ ਹੀ ਪਰਿਵਾਰ ਨੂੰ ਅੱਗੇ ਵਧਾਉਣ ਦਾ ਕੰਮ ਕੀਤਾ ਜਾਂਦਾ ਸੀ, ਦੇਸ਼ ਦੇ ਬਾਕੀ ਪਰਿਵਾਰਾਂ ਦਾ ਤਾਂ ਸ਼ੋਸ਼ਣ ਹੁੰਦਾ ਸੀ। ਉਨ੍ਹਾਂ ਨੇ ਕਿਹਾ ਕਿ ਦੇਸ਼ ਦੀ ਆਜਾਦੀ ਤੋਂ ਪਹਿਲਾਂ ਅੰਗਰੇਜ ਜਿਸ ਤਰ੍ਹਾਂ ਨਾਗਰਿਕਾਂ ’ਤੇ ਸ਼ੋਸ਼ਣ ਅਤੇ ਅਤਿਆਚਾਰ ਕਰਦੇ ਸਨ ਉਸ ਤੋਂ ਵੀ ਵੱਡਾ ਅਤਿਆਚਾਰ ਦੇਸ਼ ਦੇ ਲੋਕਾਂ ’ਤੇ ਪਿਛਲੇ 55 ਸਾਲਾਂ ਵਿੱਚ ਕਾਂਗ੍ਰੇਸ ਨੇ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਸਾਡੇ ਕ੍ਰਾਂਤੀਕਾਰੀ ਵੀਰਾਂ ਨੇ ਆਉਣ ਵਾਲੀ ਪੀਢਿਆਂ ਨੂੰ ਖੁਲੀ ਹਵਾ ਵਿੱਚ ਸਾਹ ਲੈਣ ਅਤੇ ਵਿਕਸਿਤ ਭਾਰਤ ਬਨਾਉਣ ਦੇ ਸੁਪਨੇ ਲਈ ਆਪਣਾ ਸਭ ਕੁੱਝ ਕੁਰਬਾਨ ਕਰ ਦਿੱਤਾ, ਅੱਜ ਉਨ੍ਹਾਂ ਵੀਰਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਦਾ ਸੰਕਲਪ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਲਿਆ ਹੈ। ਜਦੋਂ ਪੂਰਾ ਦੇਸ਼ ਆਜਾਦੀ ਦੇ 100 ਸਾਲ ਮਨਾਵੇਗਾ, ਉੱਦੋਂ 2047 ਤੱਕ ਭਾਰਤ ਦੇਸ਼ ਉਨ੍ਹਾਂ ਕ੍ਰਾਂਤੀਕਾਰੀ ਵੀਰਾਂ ਦੇ ਸੁਪਨੇ ਦਾ ਭਾਰਤ ਹੋਵੇਗਾ ਪ੍ਰੋਗਰਾਮ ਦੌਰਾਨ ਮੁੱਖ ਮੰਤਰੀ ਨੇ ਦਸਵੀਂ ਅਤੇ ਬਾਰਵੀਂ ਜਮਾਤ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਗੋਸਵਾਮੀ ਸਮਾਜ ਦੇ ਵਿਦਿਆਰਥੀਆਂ ਨੂੰ ਵੀ ਸਨਮਾਨਿਤ ਕੀਤਾ। ਮੁੱਖ ਮੰਤਰੀ ਨੇ ਗੋਸਵਾਮੀ ਸਮਾਜ ਨੂੰ ਅਪੀਲ ਕੀਤੀ ਕਿ ਸਾਰੇ ਇੱਕਜੁਟ ਹੋਕੇ ਸਮਾਜ ਦੇ ਵਿਕਾਸ ਵਿੱਚ ਆਪਣੀ ਭੂਮਿਕਾ ਨਿਭਾਉਣ। ਆਪਣੀ ਯੁਵਾ ਪੀਢੀ ਨੂੰ ਸਹੀ ਰਸਤਾ ਵਿਖਾਉਣ ਅਤੇ ਉਨ੍ਹਾਂ ਨੂੰ ਦੇਸ਼ ਦਾ ਇੱਕ ਜਿੰਮੇਦਾਰ ਨਾਗਰਿਕ ਬਨਾਉਣ। ਪ੍ਰੋਗਰਾਮ ਵਿੱਚ ਨਗਰ ਪਾਲਿਕਾ ਪੁੰਡਰੀ ਦੀ ਚੇਅਰਮੈਨ ਸ੍ਰੀਮਤੀ ਬਬਲੀ ਗੋਸਵਾਮੀ, ਗੋਸਵਾਮੀ ਤੁਲਸੀਦਾਸ ਲਾਇਬੇ?ਰਰੀ ਕਮੇਟੀ ਹਿਸਾਰ ਦੇ ਪ੍ਰਧਾਨ ਡਾ. ਰਾਮ ਪ੍ਰਸਾਦ ਗੋਸਵਾਮੀ, ਮੁੱਖ ਮੰਤਰੀ ਦੇ ਓਐਸਡੀ ਸ੍ਰੀ ਭਾਰਤ ਭੂਸ਼ਣ ਭਾਰਤੀ, ਸਾਬਕਾ ਚੇਅਰਮੈਨ ਡਾ. ਸੁਬੋਧ ਗਿਰੀ ਸਮੇਤ ਹੋਰ ਮਾਣਯੋਗ ਮਹਿਮਾਨ ਮੌਜੂਦ ਰਹੇ।